ਅਪ੍ਰੈਲ 2026

# ਗੁਰਮਤਿ ਵਿਰਸਾ

GURMAT VIRSA गुरमति विरसा

Year-7, Issue-9, April 2026, Ludhiana gurmatvirsa@gmail.com Multilingual Price 25/-



# ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਵਲੋਂ ਵੱਖ-ਵੱਖ ਖੇਤਰਾਂ ਵਿਚ ਚਲਾਏ ਜਾ ਰਹੇ ਗੁਰਮਤਿ ਪ੍ਰਚਾਰ ਕੇਂਦਰਾਂ ਦੀ ਕਾਰਗੁਜ਼ਾਰੀ ਤਸਵੀਰਾਂ ਦੀ ਜ਼ੁਬਾਨੀ



ਕੇਂਦਰ ਤਰਨਤਾਰਨ ਦੇ ਪ੍ਰਚਾਰਕ ਜੋਗਿੰਦਰ ਸਿੰਘ ਕੈਰੋਂ ਪਿੰਡ ਰੂੜੇਆਸਲ ਵਿਚ ਗੁਰਮਤਿ ਕਲਾਸ ਲਗਾਉਣ ਵਾਲੇ ਬੱਚਿਆਂ ਨਾਲ।



ਕੇਂਦਰ ਬੁਗਰਾ ਵਿਖੇ ਗੁਰਮਤਿ ਕਲਾਸ ਵਿਚ ਹਿੱਸਾ ਲੈਣ ਵਾਲੇ ਬੱਚੇ।



ਕੇਂਦਰ ਮਹਾਂਸਿੰਘਨਗਰ ਲੁਧਿਆਣਾ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।



ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਵਿਖੇ ਪ੍ਰਚਾਰਕ ਵੀਰ ਮੀਟਿੰਗ ਵਿਚ ਹਿੱਸਾ ਲੈਂਦੇ ਹੋਏ।



ਕੇਂਦਰ ਚੱਕ ਕਲਾਂ ਦੇ ਪਿੰਡ ਹੇਰਾਂ ਵਿਖੇ ਗੁਰਮਤਿ ਕਲਾਸ ਲਗਾਉਣ ਵਾਲੇ ਬੱਚੇ।



ਕੇਂਦਰ ਚੱਕ ਕਲਾਂ ਦੇ ਪਿੰਡ ਚੱਕ ਖੁਰਦ ਵਿਖੇ ਗੁਰਮਤਿ ਕਲਾਸ ਵਿਚ ਹਿੱਸਾ ਵਾਲੇ ਬੱਚੇ।



ਕੇਂਦਰ ਚੱਕ ਕਲਾਂ ਦੇ ਪਿੰਡ ਭੰਡਾਲ ਹਿੰਮਤ ਵਿਖੇ ਗੁਰਮਤਿ ਕਲਾਸ ਵਿਚ ਹਿੱਸਾ ਵਾਲੇ ਬੱਚੇ।



ਕੇਂਦਰ ਖਨਾਲ ਖੁਰਦ ਵਿਖੇ ਵੀਰਾਂ ਦੀ ਲੱਗ ਰਹੀ ਗੁਰਬਾਣੀ ਸੰਥਿਆ ਦੀ ਕਲਾਸ।

# ਗੁਰਮਤਿ ਵਿਰਸਾ

ਅਪ੍ਰੈਲ 2026 (ਮਾਸਿਕ ਮੈਗਜ਼ੀਨ)

**ਮੁੱਖ ਸੰਪਾਦਕ** : ਰਾਣਾ ਇੰਦਰਜੀਤ ਸਿੰਘ
**ਸੰਪਾਦਕ** : ਪ੍ਰਿੰ. ਗੁਰਬਚਨ ਸਿੰਘ ਪੰਨਵਾਂ
**ਸੰਪਾਦਕ** : ਕੈਪਟਨ ਅਵਤਾਰ ਸਿੰਘ ਪਰਿੰਗੜੀ
**ਪ੍ਰਬੰਧਕ**: ਗੁਰਮਤਿ ਗਿਆਨ ਚੈਰੀਟੇਬਲ ਟਰੱਸਟ (ਰਜਿ:)
**ਪ੍ਰਕਾਸ਼ਕ**: ਗੁਰਮਤਿ ਗਿਆਨ ਮਿਸ਼ਨਰੀ ਕਾਲਜ
ਪੰਜਾਬੀ ਬਾਗ, ਜਵੱਦੀ, ਲੁਧਿਆਣਾ- 141013
**ਫੋਨ:** 98146-35655, 99155-29725, 79733-70542
**Email:** gurmatvirsa@gmail.com
**Website:** www.gurmatgian.org

**ਸੰਪਾਦਕੀ ਬੋਰਡ**: ਸੁਖਵਿੰਦਰ ਸਿੰਘ ਦਦੇਹਰ
ਬੀਬੀ ਗੁਰਪ੍ਰੀਤ ਕੌਰ, ਡਾ. ਸਰਬਜੋਤ ਕੌਰ।
**ਕਾਨੂੰਨੀ ਸਲਾਹਕਾਰ**: ਐਡਵੋਕੇਟ ਜਸਪਾਲ ਸਿੰਘ ਚੁੱਘ

### ਚੇਤ-ਵਿਸਾਖ ਮਹੀਨੇ ਦੇ ਖਾਸ ਦਿਹਾੜੇ

| | |
|---|---|
| - ਜਨਮ ਸਾਹਿਬਜ਼ਾਦਾ ਜੁਝਾਰ ਸਿੰਘ ਜੀ | : 27 ਚੇਤ (09 ਅਪ੍ਰੈਲ) |
| - ਪ੍ਰਕਾਸ਼ ਪੁਰਬ ਗੁਰੂ ਨਾਨਕ ਸਾਹਿਬ ਜੀ | : 1 ਵਿਸਾਖ (14 ਅਪ੍ਰੈਲ)* |
| - ਵਿਸਾਖੀ, ਖਾਲਸਾ ਸਾਜਨਾ ਦਿਵਸ | : 1 ਵਿਸਾਖ (14 ਅਪ੍ਰੈਲ) |
| - ਗੁਰਤਾਗੱਦੀ ਪਾਤਸ਼ਾਹੀ ਤੀਜੀ ਤੇ ਨੌਵੀਂ | : 3 ਵਿਸਾਖ (16 ਅਪ੍ਰੈਲ) |
| - ਜੋਤੀ ਜੋਤਿ ਪਾਤਸ਼ਾਹੀ ਦੂਜੀ ਤੇ ਅੱਠਵੀਂ | : 3 ਵਿਸਾਖ (16 ਅਪ੍ਰੈਲ) |
| - ਪ੍ਰਕਾਸ਼ ਪਾਤਸ਼ਾਹੀ ਦੂਜੀ ਤੇ ਨੌਵੀਂ | : 5 ਵਿਸਾਖ (18 ਅਪ੍ਰੈਲ) |

*ਗੁਰੂ ਨਾਨਕ ਸਾਹਿਬ ਜੀ ਦਾ 'ਪ੍ਰਚੱਲਤ' ਗੁਰਪੁਰਬ ਕੱਤਕ ਪੂਰਨਮਾਸ਼ੀ ਨੂੰ ਮਨਾਇਆ ਜਾਂਦਾ ਹੈ।


Printer & Publisher Inderjit Singh on Behalf of (Owner) Gurmat Gian Missionary College, Punjabi Bagh, Jawaddi, Distt. Ludhiana (Punjab) & Printed from Dutta Lamination, 10019, Durga Puri, Aare Wali Gali, Haibowal Kalan, Ludhiana Punjab.
**Editor- Gurbachan Singh Panwa ***
Responsible for collection of all Printed matter as per PRB Act
**Registration Number of the Newspaper**
**PUNMUL/2019/78309**

### ਗੁਰਮਤਿ ਗਿਆਨ ਚੈਰੀਟੇਬਲ ਟਰੱਸਟ ਵਲੋਂ ਚਲਾਏ ਜਾ ਰਹੇ ਪ੍ਰੋਜੈਕਟ

1. ਗੁਰਮਤਿ ਗਿਆਨ ਮਿਸ਼ਨਰੀ ਕਾਲਜ
2. ਗੁਰਮਤਿ ਪ੍ਰਚਾਰ ਕੇਂਦਰ
3. ਐਜੂ-ਏਡ ਵਿੰਗ
4. ਗੁਰਮਤਿ ਐਲੀਮੈਂਟਰੀ ਕੋਰਸ
5. ਗੁਰਮਤਿ ਟ੍ਰੇਨਿੰਗ ਕੈਂਪ
6. ਗੁਰਮਤਿ ਗਿਆਨ ਲਾਇਬ੍ਰੇਰੀ
7. ਹੋਮਿਓਪੈਥੀ ਡਿਸਪੈਂਸਰੀ
8. ਬੱਚਿਆਂ ਲਈ ਹਫਤਾਵਾਰੀ ਸਮਾਗਮ
9. ਫਰੀ ਮੈਡੀਕਲ ਕੈਂਪ
10. ਗੁਰਮਤਿ ਵਿਰਸਾ ਮੈਗਜ਼ੀਨ
11. ਗੁਰਮਤਿ ਲਿਟਰੇਚਰ ਹਾਊਸ
12. ਗਰੇਸ ਪਬਲਿਕ ਸਕੂਲ

## ਕੀ ਅਤੇ ਕਿੱਥੇ ?


| | |
|---|---|
| ਸੰਪਾਦਕੀ | 4 |
| ਸਵਾਲ ਜਵਾਬ | 8 |
| ਸ਼ਬਦ ਵਿਚਾਰ | 9 |
| ਵਿਸਾਖੀ: ਖਾਲਸਾ ਸਾਜਨਾ ਦਿਵਸ | 10 |
| ਖਾਲਸਾ ਪੰਥ ਦੀ ਸਿਰਜਨਾ | 12 |
| ਕੀ ਗੁਰੂ ਨਾਨਕ ਸਾਹਿਬ ਦਾ ਧਰਮ; ਕੇਵਲ ਇਨਸਾਨੀਅਤ... | 15 |
| ਨਿਰਵੈਰ- ਅਕਾਲ ਪੁਰਖ ਦਾ ਗੁਣ | 21 |
| ਨੰਨੇ ਵਾਰਸ | 22 |
| ਕਹੈ ਨਾਨਕੁ (ਏਹ) ਸਚੁ ਸੋਹਿਲਾ... | 24 |
| ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ | 26 |
| ਸਦੀਆਂ ਤੋਂ, ਦੇਸ਼-ਦੇਸ਼ਾਂਤਰਾਂ ਵਿਚ, ਬਹਾਦਰੀ ਦੀਆਂ ਅਮਿਟ... | 27 |
| ਭਾਰਤ-ਅਮਰੀਕਾ ਵਪਾਰ ਸਮਝੌਤਾ ਤੇ ਕਿਸਾਨਾਂ ਦੇ ਹਿਤ | 29 |
| ਪੰਜਾਬੀ ਭਾਸ਼ਾ ਦਾ ਇਤਿਹਾਸਕ ਪਿਛੋਕੜ ਤੇ ਵਰਤਮਾਨ | 31 |
| ਲੜੀਵਾਰ: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ੁੱਧ ਛਪਾਈ ਬਾਰੇ... | 33 |
| ਕਾਵਿ ਕਿਆਰੀ | 35 |
| ਸਾਡੀ ਖੇਤੀ | 37 |
| ਸਿਹਤ ਸੰਭਾਲ | 38 |
| ਗੁਰਮਤਿ ਸੰਜੋਗ | 40 |
| ਫਰਵਰੀ ਮਹੀਨੇ ਦੀਆਂ ਸਰਗਰਮੀਆਂ | 41 |



### ਜ਼ਰੂਰੀ ਸੂਚਨਾਵਾਂ

- 'ਗੁਰਮਤਿ ਵਿਰਸਾ' ਮੈਗਜ਼ੀਨ ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ। ਜ਼ਰੂਰੀ ਨਹੀਂ ਕਿ ਸੰਪਾਦਕੀ ਬੋਰਡ ਇਨ੍ਹਾਂ ਨਾਲ ਪੂਰੀ ਤਰ੍ਹਾਂ ਸਹਿਮਤ ਹੋਵੇ।
- ਕੋਈ ਵੀ ਵਾਦ-ਵਿਵਾਦ ਲੁਧਿਆਣਾ ਕਚਹਿਰੀਆਂ ਵਿਚ ਹੀ ਨਿਬੇੜੇ ਜਾਣਗੇ।
- ਸੰਪਾਦਕੀ ਬੋਰਡ ਨੂੰ ਕਿਸੇ ਵੀ ਰਚਨਾ ਨੂੰ ਕੱਟਣ ਜਾਂ ਰੱਦ ਕਰਨ ਦਾ ਪੂਰਾ ਹੱਕ ਹੈ।

ਸੰਪਾਦਕੀ



# ਖਾਲਸੇ ਦੀ ਸਿਰਜਣਾ




ਪ੍ਰਿੰ. ਗੁਰਬਚਨ ਸਿੰਘ ਪੰਨਵਾਂ
99155-29725


**ਵੇਈਂ ਨਦੀ ਤੋਂ ਖਾਲਸੇ ਦੀ ਸਿਰਜਣਾ**

ਮਨੁੱਖ ਇੱਕ ਸਮਾਜਿਕ ਜੀਵ ਹੈ, ਇਸ ਲਈ ਇਹ ਸਮਾਜ ਵਿੱਚ ਹੀ ਰਹਿਣਾ ਪਸੰਦ ਕਰਦਾ ਹੈ। ਪਰਿਵਾਰ, ਸਮਾਜ ਤੇ ਦੇਸ਼ ਤਦ ਹੀ ਕਾਇਮ ਰਹਿ ਸਕਦੇ ਹਨ, ਜੇ ਇਸ ਦੀ ਕੋਈ ਨਿਯਮਾਂਵਲੀ ਨਿਰਧਾਰਤ ਕੀਤੀ ਹੋਵੇ। ਰਾਜਨੀਤਿਕ ਉਦੇਸ਼ ਦੁਆਰਾ ਸਮਾਜ ਤੇ ਰਾਜ ਕੀਤਾ ਜਾ ਸਕਦਾ ਹੈ ਅਤੇ ਸਦਾਚਾਰਕ ਨਿਯਮ ਦੁਆਰਾ ਮਨੁੱਖ ਦੀ ਅੰਦਰਲੀ ਬਣਤਰ ਬਣਦੀ ਹੈ। ਸਮਾਜ ਵਿੱਚ ਰਾਜਨੀਤਿਕ, ਧਾਰਮਿਕ ਸਦਾਚਾਰਕ ਕਦਰਾਂ ਕੀਮਤਾਂ ਤਦ ਹੀ ਕਾਇਮ ਰਹਿ ਸਕਦੀਆਂ ਹਨ, ਜੇ ਇਹ ਕੁਦਰਤੀ ਬਝਵੇਂ ਨਿਯਮ ਵਿੱਚ ਚੱਲ ਰਹੀਆਂ ਹੋਣ। ਜੇ ਇਹਨਾਂ ਵਿੱਚ ਵਿਗਾੜ ਪੈਦਾ ਹੋ ਜਾਏ ਤਾਂ ਸਮਾਜ ਦੀ ਹਾਲਤ ਉਸ ਬੇੜੀ ਵਰਗੀ ਹੋਏਗੀ ਜੋ ਬਿਨ੍ਹਾਂ ਮਲਾਹ ਤੋਂ ਮੁਸਾਫ਼ਰ ਲੈ ਕੇ ਆਪੇ ਹੀ ਦਰਿਆ ਵਿੱਚ ਚੱਲ ਪਏ। ਅਜਿਹੀ ਬੇੜੀ ਮੁਸਾਫ਼ਰਾਂ ਨੂੰ ਡੋਬੇਗੀ ਜ਼ਰੂਰ ਪਰ ਕਿਸੇ ਤਣ-ਪੱਤਰ 'ਤੇ ਨਹੀਂ ਲਗਾਏਗੀ। ਗੁਰੂ ਨਾਨਕ ਸਾਹਿਬ ਜੀ ਨੇ ਬਚਪਨ ਤੋਂ ਲੈ ਕੇ ਸੁਲਤਾਨਪੁਰ ਤੀਕ ਚੱਲਦਿਆਂ ਮਨੁੱਖੀ ਸਮਾਜ ਦੇ ਹਰ ਪਹਿਲੂ ਨੂੰ ਚੰਗੀ ਤਰ੍ਹਾਂ ਨਿਹਾਰਿਆ, ਵਿਚਾਰਿਆ, ਪੜਚੋਲਿਆ ਤੇ ਸਮਝਿਆ। ਧਾਰਮਿਕ, ਰਾਜਨੀਤਿਕ, ਸਮਾਜਿਕ, ਇਸਤਰੀ ਦੀ ਹਾਲਤ ਤੇ ਆਰਥਿਕ ਪੱਖ ਦੀਆਂ ਹਿੱਲੀਆਂ ਹੋਈਆਂ ਚੂਲਾਂ ਦਾ ਜਾਇਜ਼ਾ ਲੈ ਕੇ ਮਨੁੱਖਤਾ ਦੀ ਅੰਦਰੂਨੀ ਤਸਵੀਰ ਸਮਾਜ ਦੇ ਸਾਹਮਣੇ ਰੱਖ ਦਿੱਤੀ। ਨਿਰ੍ਹਾ ਏਨ੍ਹਾ ਹੀ ਨਹੀਂ ਸਗੋਂ ਨਵੇਂ ਸਮਾਜ ਦੀ ਬਣਤਰ ਜੋ ਹਲੇਮੀ ਰਾਜ ਦੀ ਰੂਪ-ਰੇਖਾ ਸੀ ਸੰਸਾਰ ਦੇ ਸਾਹਮਣੇ ਪੇਸ਼ ਕਰ ਦਿੱਤੀ। ਦੁਖਾਂਤ ਇਸ ਗੱਲ ਦਾ ਹੈ ਕਿ ਗੁਰੂ ਨਾਨਕ ਸਾਹਿਬ ਜੀ ਦੀ ਫਿਲਾਸਫ਼ੀ ਨੂੰ ਕੇਵਲ ਨਾਮ ਸਿਮਰਣ, ਪੂਜਾ, ਦਸਮ-ਦੁਆਰ, ਜਨਮ-ਮਰਣ ਦਾ ਗੇੜ, ਅਖੰਡ-ਪਾਠਾਂ ਦੀਆਂ ਲੜੀਆਂ, ਬ੍ਰਹਮ-ਗਿਆਨੀਆਂ ਦੀ ਗਿਦੜ-ਭਰਮਾਰ ਤੇ ਪਹੁੰਚੇ ਹੋਏ ਵਿਚਾਰ-ਹੀਣ ਮਹਾਂਪੁਰਸ਼ਾਂ ਤੀਕ ਸੀਮਤ ਕਰ ਕੇ ਰੱਖ ਦਿੱਤੀ ਹੈ। ਮੁਲਕ ਨੂੰ ਅਜ਼ਾਦ ਕਰਾਉਣ ਲਈ ਪ੍ਰਵਾਨੇ ਸ਼ਹੀਦੀਆਂ ਦਿੰਦੇ ਰਹੇ, ਪਰ ਨਾਮ ਸਿਮਰਣ ਵਾਲੇ ਬੂਬਨੇ ਬਾਬੇ ਇਕੱਲੇ ਗੁਰੂ ਨਾਨਕ ਸਾਹਿਬ ਜੀ ਨੂੰ ਭੋਰਿਆਂ ਵਿੱਚ ਬੈਠ ਕੇ ਪ੍ਰਸ਼ਾਦਾ ਛਕਾਉਣ ਵਿੱਚ ਹੀ ਰੁੱਝੇ ਰਹੇ ਅਤੇ ਉਹਨਾਂ ਦੀ ਮਹਾਨ ਫਿਲਾਸਫ਼ੀ ਨੂੰ ਕਾਰ ਸੇਵਾ ਦੇ ਬਹਾਨੇ ਚਿੱਟੇ ਮਾਰਬਲ ਪੱਥਰਾਂ ਦੀਆਂ ਪਰਤਾਂ ਵਿੱਚ ਲਕਾਉਂਦੇ ਰਹੇ।

ਡਾਕਟਰ ਕ੍ਰਿਪਾਲ ਸਿੰਘ ਜੀ ਜਨਮ ਸਾਖੀ ਪਰੰਪਰਾ ਪੁਸਤਕ ਦੀ ਪ੍ਰਵੇਸ਼ਕਾ ਵਿੱਚ ਬਹੁਤ ਕੀਮਤੀ ਖ਼ਿਆਲ ਦਿੰਦੇ ਹਨ ਕਿ— "ਜਿਥੇ ਮੁਸਲਮਾਨੀ ਸਭਿਅਤਾ ਨੇ ਗੁਰੂ ਨਾਨਕ ਸਾਹਿਬ ਦੀਆਂ ਰਵਾਇਤਾਂ ਨੂੰ ਕਰਾਮਾਤੀ ਰੰਗ ਦਿੱਤਾ ਸੀ ਉੱਥੇ ਹਿੰਦੂ ਧਾਰਮਿਕ ਸਾਹਿਤ ਨੇ ਇਹਨਾਂ ਰਵਾਇਤਾਂ ਵਿੱਚ ਮਿਥਿਹਾਸਕ ਰੰਗ ਭਰਿਆ। ਗੁਰੂ ਨਾਨਕ ਨੂੰ ਰਾਜਾ ਜਨਕ ਦਾ ਅਵਤਾਰ ਕਹਿਣਾ ਆਰੰਭ ਕੀਤਾ। ਇਸੇ ਕਰਕੇ ਦਾਬਿਸਤਾਨ, ਜੋ ਸਤਾਰਵੀਂ ਸਦੀ ਦੀ ਕਿਰਤ ਹੈ ਵਿੱਚ ਲਿਖਿਆ ਹੈ ਕਿ ਗੁਰੂ ਨਾਨਕ ਨੂੰ ਰਾਜਾ ਜਨਕ ਦਾ ਅਵਤਾਰ ਮੰਨਿਆਂ ਜਾਂਦਾ ਸੀ।" ਸਾਰਾ ਸਾਰਾ ਸਾਲ ਗੁਰਦੁਆਰਿਆਂ ਵਿੱਚ ਕਥਾ ਕੀਰਤਨ ਅਕਸਰ ਚੱਲਦੇ ਰਹਿੰਦੇ ਹਨ ਤੇ ਇਹਨਾਂ ਵਿੱਚ ਕੇਵਲ ਕਰਾਮਾਤੀ ਸ਼ਕਤੀਆਂ ਜਾਂ ਹਿੰਦੂ-ਮਿਥਿਹਾਸ ਦੀਆਂ ਗੈਰ ਕੁਦਰਤੀ ਕਹਾਣੀਆਂ ਹੀ ਸੁਣਾਈਆਂ ਜਾਂਦੀਆਂ ਹਨ। ਗੁਰੂ ਨਾਨਕ ਸਾਹਿਬ ਜੀ ਦੀ ਸਾਰੀ ਫਿਲਾਸਫ਼ੀ ਕੇਵਲ ਬੱਤੀਆਂ ਬੰਦ ਕਰਕੇ, ਸਰੀਰ ਹਿਲਾ ਹਿਲਾ ਕੇ, ਸਿਰ ਫੇਰ ਫੇਰ ਕੇ ਨਾਮ ਜੱਪਣ, ਦੁਪਹਿਰੇ, ਚੁਪਹਿਰੇ ਜਾਪ ਤਾਪ, ਅਖੰਡ-ਪਾਠਾਂ ਦੀਆਂ ਲੜੀਆਂ, ਨਗਰ ਕੀਰਤਨਾਂ ਦੀ ਭਰਮਾਰ, ਕੀਰਤਨ ਦਰਬਾਰਾਂ ਤੇ ਬਿਨਾਂ ਲੋੜ ਤੋਂ ਸੜਕਾਂ 'ਤੇ ਲੰਗਰ ਵਰਤਾਉਣ ਵਿੱਚ ਸੁੰਘੜ ਕੇ ਰਹਿ ਗਈ ਹੈ।

ਸੁਲਤਾਨਪੁਰ ਰਹਿੰਦਿਆਂ ਗੁਰੂ ਸਾਹਿਬ ਜੀ ਨੇ ਮਨੁੱਖੀ ਜੀਵਨ ਦੇ ਹਰ ਪੱਖ ਨੂੰ ਚੰਗੀ ਤਰ੍ਹਾਂ ਪੜਚੋਲਿਆ ਤੇ ਕਿਹਾ ਰਾਜਨੀਤੀ ਵਿਚੋਂ ਇਨਸਾਨੀਅਤ ਦਾ ਤੱਤ ਖਤਮ ਹੋਣ ਕਰਕੇ ਇਹ ਜ਼ੁਲਮ ਦੀਆਂ ਹੱਦਾਂ ਬੰਨ੍ਹੇ ਟੱਪ ਗਈ ਹੈ, ਜਿਸ ਕਰਕੇ ਧਰਮ ਵਰਗੀਆਂ ਸਚਾਈਆਂ ਪੰਛੀਆਂ ਦੇ ਖੰਭਾਂ ਵਾਂਗ ਉੱਡ ਗਈਆਂ ਹਨ--

**ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥**

**ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥ (145)**

ਬੇ-ਇਨਸਾਫੀ ਦੀ ਖੁੰਢੀ ਛੁਰੀ ਨਾਲ ਰਾਜੇ ਪਰਜਾ ਨੂੰ ਛਿੱਲ ਰਹੇ ਸਨ, ਕਿਉਂਕਿ ਧਰਮ ਉਹਨਾਂ ਵਿਚੋਂ ਉੱਡ ਗਿਆ ਸੀ। ਕੂੜ-ਕੁਫ਼ਰ ਦੀ ਹਨ੍ਹੇਰੀ ਰਾਤ ਵਿੱਚ ਸੱਚ ਦਾ ਚੰਦਰਮਾ ਭਾਲ਼ਿਆਂ ਵੀ ਨਹੀਂ ਲੱਭਦਾ ਸੀ। ਗੁਰੂ ਸਾਹਿਬ ਜੀ ਕਹਿ ਰਹੇ ਹਨ ਕਿ ਮੈਂ ਸੱਚ ਦੇ ਚੰਦਰਮਾ ਨੂੰ ਲੱਭ ਲੱਭ ਕੇ ਵਿਆਕੁਲ ਹੋ ਗਿਆ ਹਾਂ, ਹਨ੍ਹੇਰੇ ਵਿੱਚ ਕੋਈ ਰਾਹ ਦਿੱਸਦਾ ਨਹੀਂ। ਅਸਲ ਦੁਨੀਆਂ ਵਿੱਚ ਹਨ੍ਹੇਰੇ ਦਾ ਮੂਲ ਕਾਰਨ ਹਉਮੈ ਹੈ ਤੇ ਇਸ ਤੋਂ ਖਲਾਸੀ ਕਿਵੇਂ ਹੋਵੇ? ਇਨ੍ਹਾਂ ਡੂੰਘੀਆਂ ਵਿਚਾਰਾਂ ਨੂੰ ਲੈ ਕੇ ਹੀ ਗੁਰੂ ਨਾਨਕ ਸਾਹਿਬ ਜੀ ਵੇਈਂ ਨਦੀ ਵਿੱਚ ਉੱਤਰੇ। ਤੱਤ ਦੀ ਗੱਲ ਸਮਝਣ ਦੀ ਥਾਂ 'ਤੇ ਗੁਰੂ ਸਾਹਿਬ ਜੀ ਨੂੰ ਗੈਰ-ਕੁਦਰਤੀ ਢੰਗ ਨਾਲ ਤਿੰਨ ਦਿਨ ਪਾਣੀ ਵਿੱਚ ਬਿਠਾ ਕੇ ਸਾਨੂੰ ਖੁਸ਼ੀ ਪ੍ਰਤੀਤ ਹੁੰਦੀ ਹੈ। ਸਾਰੀਆਂ ਜਨਮ ਸਾਖੀਆਂ ਵਿੱਚ ਜੋ ਵੇਈਂ ਨਦੀ ਦੀ ਘਟਨਾ ਆਈ ਹੈ ਉਸ ਨੂੰ ਸਰਦਾਰ ਕਿਰਪਾਲ ਸਿੰਘ ਜੀ ਨੇ ਇੱਕ ਥਾਂ 'ਤੇ ਹੀ ਫੁੱਟ-ਨੋਟ ਦੇ ਰੂਪ ਵਿੱਚ ਦੇ ਦਿੱਤਾ ਹੈ ਜਿਹਾ ਕਿ—

"ਸੁਲਤਾਨਪੁਰ ਰਹਿੰਦਿਆਂ ਨਾਨਕ ਜੀ ਹਰ ਰੋਜ਼ ਵੇਈਂ ਨਦੀਂ ਵਿੱਚ ਇਸ਼ਨਾਨ ਕਰਨ ਜਾਇਆ ਕਰਦੇ ਸਨ। ਜਿਸ ਥਾਂ 'ਤੇ ਉਹ ਇਸ਼ਨਾਨ ਕਰਨ ਜਾਂਦੇ ਸਨ, ਉਹ ਥਾਂ ਨਗਰ ਤੋਂ ਪੱਛਮ ਵੱਲ ਅੱਧ ਮੀਲ ਦੂਰ 'ਤੇ ਵੇਈਂ ਨਦੀ ਦੇ ਰਮਣੀਕ ਕਿਨਾਰੇ ਤੇ ਸੀ। ਸਥਾਨਕ ਰਵਾਇਤ ਅਨੁਸਾਰ ਇਸ ਥਾਂ ਦੇ ਨਾਲ ਹੀ ਇੱਕ ਮੁਸਲਮਾਨ ਫ਼ਕੀਰ ਅੱਲਾ ਦਿੱਤੇ (ਖ਼ਰਬੂਜੇ ਸ਼ਾਹ) ਦੀ ਕੁਟੀਆ ਸੀ ਜਿਸ ਨਾਲ ਨਾਨਕ ਜੀ ਕਦੀ ਕਦੀ ਬਚਨ ਬਿਲਾਸ ਕਰਿਆ ਕਰਦੇ ਸਨ।"

ਭਾਈ ਬਾਲੇ ਵਾਲੀ ਜਨਮ ਸਾਖੀ ਵਿੱਚ ਲਿਖਿਆ ਹੈ ਕਿ ਰੋਜ਼ ਵਾਂਗ ਨਾਨਕ ਜੀ ਇਸ਼ਨਾਨ ਕਰਨ ਗਏ, ਪਰ ਕੁੱਝ ਸਮੇਂ ਤਾਈਂ ਨਾਨਕ ਜੀ ਬਾਹਰ ਨਾ ਆਏ ਤਾਂ ਟਹਿਲੀਏ ਨੇ ਘਰ ਜਾ ਕੇ ਦੱਸਿਆ ਕਿ ਅੱਜ ਨਾਨਕ ਜੀ ਵੇਈਂ ਨਦੀ ਵਿਚੋਂ ਬਾਹਰ ਨਹੀਂ ਆਏ। ਡਾਕਟਰ ਕਿਰਪਾਲ ਸਿੰਘ ਜੀ ਲਿਖਦੇ ਹਨ ਕਿ "ਇਉਂ ਜਾਪਦਾ ਹੈ ਕਿ ਗੁਰੂ ਨਾਨਕ ਜੀ ਵੇਈਂ ਨਦੀ ਦੇ ਦੂਸਰੇ ਕੰਢੇ 'ਤੇ

ਜਾ ਕੇ ਕਿਸੇ ਇਕਾਂਤ ਥਾਂ ਤੇ ਪਰਮਾਤਮਾ ਨਾਲ ਜੁੜ ਗਏ। " ਅੱਗੇ ਲਿਖਦੇ ਹਨ ਕਿ "ਇਸ ਅਵਸਥਾ ਦਾ ਵੱਖ-ਵੱਖ ਵਰਣਨ ਜਨਮ-ਸਾਖੀਆਂ ਵਿੱਚ ਦਿੱਤਾ ਹੈ। ਵਲਾਇਤ ਵਾਲੀ ਜਨਮ ਸਾਖੀ ਵਿੱਚ ਲਿਖਿਆ ਹੈ ਕਿ ਆਗਿਆ ਪਰਮੇਸ਼ਰ ਕੀ ਨਾਲ ਸੇਵਕ ਲੈ ਗਏ ਦਰਗਾਹ ਪ੍ਰਮੇਸ਼ਰ ਕੀ, ਸੇਵਕਾਂ ਜਾਇ ਅਰਜ਼ ਕੀਤੀ ਕੇ ਨਾਨਕ ਹਾਜ਼ਰ ਹੈ। ਅੰਮ੍ਰਿਤ ਦਾ ਕਟੋਰਾ ਭਰ ਭਰ ਆਗਿਆ ਨਾਲ ਮਿਲਿਆ। " ਇਸ ਤਰ੍ਹਾਂ ਮਿਹਰਬਾਨ ਵਾਲੀ ਜਨਮ ਸਾਖੀ ਵਿੱਚ ਨਾਨਕ ਦਾ ਅਕਾਲ ਪੁਰਖ ਕੋਲ ਜਾਣਾ ਤੇ ਦੁੱਧ ਦਾ ਕਟੋਰਾ ਪੀਣਾ ਲਿਖਿਆ ਹੈ। ਗੁਰੂ ਨਾਨਕ ਸਾਹਿਬ ਜੀ ਨੇ ਰੱਬ ਸਬੰਧੀ ਜੋ ਵਿਚਾਰ ਦਿੱਤੇ ਹਨ ਕਿ ਉਹ ਪਰਮਾਤਮਾ ਸਾਰਿਆਂ ਥਾਵਾਂ 'ਤੇ ਮੌਜੂਦ ਹੈ ਸਾਰਿਆਂ ਹਿਰਦਿਆਂ ਵਿੱਚ ਪਰਮਾਤਮਾ ਦੀ ਜੋਤ ਇਕਸਾਰ ਚੱਲ ਰਹੀ ਹੈ----

**ਸਭ ਮਹਿ ਜੋਤਿ ਜੋਤਿ ਹੈ ਸੋਇ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥ (13)**

ਗੁਰੂ ਸਾਹਿਬ ਜੀ ਹਿਰਦੇ ਵਿਚਲੇ ਰੱਬ ਜੀ ਪਾਸ ਗਏ ਭਾਵ ਆਪਣੇ ਹਿਰਦੇ ਦੀ ਵੇਈਂ ਨਦੀ ਵਿੱਚ ਉਤਰ ਕੇ ਮਨੁੱਖਤਾ ਦੇ ਭਲੇ ਲਈ ਇੱਕ ਪ੍ਰੋਗਰਾਮ ਉਲੀਕਿਆ, ਜਿਸ ਨੂੰ ਦਸ ਹਿੱਸਿਆਂ ਵਿੱਚ ਵੰਡਿਆ ਅਤੇ ਆਦਰਸ਼ ਰੱਖਿਆ 'ਸਚਿਆਰ ਮਨੁੱਖ' ਬਣਨ ਦਾ।

ਹਿਰਦੇ ਦੀ ਵੇਈਂ ਨਦੀ ਵਿਚੋਂ ਬਾਹਰ ਆ ਕੇ ਨਾਨਕ ਜੀ ਨੇ ਜੋ ਪਹਿਲਾ ਉਪਦੇਸ਼ ਦਿੱਤਾ ਕਿ ਪਰਮਾਤਮਾ ਇੱਕ ਹੈ, ਨਾ ਕੋਈ ਹਿੰਦੂ ਹੈ ਤੇ ਨਾ ਕੋਈ ਮੁਸਲਮਾਨ ਹੈ ਅਸੀਂ ਸਾਰੇ ਇਨਸਾਨ ਹਾਂ। ਹਰ ਮਨੁੱਖ ਨੂੰ ਜ਼ਿੰਦਗੀ ਜਿਉਣ ਦਾ ਹੱਕ ਹੈ। ਧਰਮੀ ਪੁਜਾਰੀ, ਰਾਜਨੀਤਿਕ ਆਗੂਆਂ ਨਾਲ ਮਿਲ ਕੇ ਨਿਮਾਣੀ ਮਨੁੱਖਤਾ ਦਾ ਖੂਨ ਪੀ ਰਹੇ ਹਨ ਤੇ ਸਮੁੱਚੇ ਸਮਾਜ ਦੀ ਸਾਰੀ ਤਾਣੀ ਉਲਝੀ ਪਈ ਹੈ। ਜੋਗੀ, ਮੁੱਲਾਂ-ਕਾਜ਼ੀ ਤੇ ਬ੍ਰਾਹਮਣ ਨੇ ਧਰਮ ਦੇ ਨਾਂ 'ਤੇ ਆਪਣੇ ਮੱਕੜੀ ਜਾਲ ਵਿੱਚ ਫਸਾਇਆ ਹੋਇਆ ਸੀ। ਇਹਨਾਂ ਬਾਰੇ ਜੋ ਨਜ਼ਰੀਆ ਗੁਰੂ ਸਾਹਿਬ ਦਾ ਹੈ ਉਹ ਉਹਨਾਂ ਦੀ ਬਾਣੀ ਵਿੱਚ ਅੰਕਿਤ ਹੈ -

**ਕਾਦੀ ਕੂੜੁ ਬੋਲਿ ਮਲੁ ਖਾਇ॥ ਬ੍ਰਾਹਮਣੁ ਨਾਵੈ ਜੀਆ ਘਾਇ॥**
**ਜੋਗੀ ਜੁਗਤਿ ਨ ਜਾਣੈ ਅੰਧੁ॥ ਤੀਨੇ ਓਜਾੜੇ ਕਾ ਬੰਧੁ॥ (662)**

ਰਾਜੇ ਸ਼ੀਹਾਂ ਵਾਂਗ ਖੂੰਖਾਰ ਤੇ ਮੁਕਦਮ ਕੁੱਤਿਆਂ ਵਾਂਗ ਲੋਭੀ ਹੋ ਕੇ ਤਿੱਖੀਆਂ ਨਹੁੰਦਰਾਂ ਨਾਲ ਪਰਜਾ ਦਾ ਮਾਸ ਨੋਚ ਰਹੇ ਸਨ—

**ਰਾਜੇ ਸੀਹ ਮੁਕਦਮ ਕੁਤੇ॥ ਜਾਇ ਜਗਾਇਨਿ੍ ਬੈਠੇ ਸੁਤੇ॥**
**ਚਾਕਰ ਨਹਦਾ ਪਾਇਨਿ੍ ਘਾਉ॥ ਰਤੁ ਪਿਤੁ ਕੁਤਿਹੋ ਚਟਿ ਜਾਹੁ॥ (1288)**

ਗੱਲ ਕੀ ਸਮਾਜ ਦੇ ਬਿੱਖਰ ਚੁੱਕੇ ਢਾਂਚੇ ਦੇ ਬਖੀਏ ਉਧੇੜਦਿਆਂ ਆਸਾ ਦੀ ਵਾਰ ਵਿੱਚ ਗੁਰੂ ਨਾਨਕ ਸਾਹਿਬ ਜੀ ਨੇ ਹਰ ਪੱਖ ਨੂੰ ਉਜਾਗਰ ਕੀਤਾ ਹੈ। ਇੱਕ ਨਵੇਂ ਸਮਾਜ ਦੀ ਸਿਰਜਣਾ ਲਈ ਗੁਰੂ ਸਾਹਿਬ ਜੀ ਇਸ ਕੂੜ-ਕਬਾੜ ਨੂੰ ਮਨੁੱਖੀ ਸੁਭਾਅ ਵਿਚੋਂ ਬਾਹਰ ਕੱਢਣਾ ਚਾਹੁੰਦੇ ਹਨ।

**ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ॥**
**ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ॥**
**ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ॥ (468)**

ਇਸ ਸਲੋਕ ਵਿੱਚ ਗਿਆਨ ਤੋਂ ਹੀਣੇ ਅਗਿਆਨੀ, ਮੂਰਖ ਪੰਡਿਤ, ਗ਼ਰਜ਼ਾਂ ਵਿੱਚ ਅੰਨ੍ਹੀ ਹੋਈ ਪਰਜਾ, ਜ਼ਿੰਦਗੀ ਦੀਆਂ ਹਕੀਕਤਾਂ ਤੋਂ ਭੱਜਣ ਵਾਲੇ ਜੋਗੀ-ਜਤੀਆਂ ਦੀ ਅਸਲੀਅਤ ਸੰਸਾਰ ਦੇ ਸਾਹਮਣੇ ਰੱਖ ਦਿੱਤੀ। ਗੁਰੂ ਨਾਨਕ ਜੀ ਦੇ ਸਾਹਮਣੇ ਇਹ ਸਾਰੀਆਂ ਸਮੱਸਿਆਵਾਂ ਮੂੰਹ ਚਿੜਾ ਰਹੀਆਂ ਸਨ ਪਰ ਉਹ ਇੱਕ ਨਵੇਂ ਸਮਾਜ ਦੀ ਸਿਰਜਣਾ ਕਰਨੀ ਚਾਹੁੰਦੇ ਸਨ ਜਿਸ ਵਿੱਚ ਸੱਚਿਆਰ ਮਨੁੱਖ ਰਹਿੰਦਾ ਹੋਵੇ। ਹਲੀਮੀ ਰਾਜ ਦੀ ਸਥਾਪਨਾ ਕਰਦਿਆਂ ਉਹਨਾਂ ਨੇ ਬੇਗ਼ਮਪੁਰ ਤੇ ਕਰਤਾਪੁਰ ਦੇ ਵਾਸੀਆਂ ਦੀ ਨੀਂਹ ਕੁਦਰਤੀ ਹਕੀਕਤਾਂ 'ਤੇ ਰੱਖੀ ਜੋ ਦੋ ਦੂਣੀ ਚਾਰ ਵਾਂਗ ਸੱਚ ਹਨ—

**ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ॥ (470)**
**ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ॥ (473)**
**ਨਾਨਕ ਦੁਖੀਆ ਸਭੁ ਸੰਸਾਰੁ॥ (954)**
**ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ॥ (953)**
**ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥ (473)**
**ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ॥ (687)**
**ਦੁਇ ਪੁੜ ਚਕੀ ਜੋੜਿ ਕੈ ਪੀਸਣ ਆਇ ਬਹਿਠੁ॥**
**ਜੋ ਦਰਿ ਰਹੇ ਸੁ ਉਬਰੇ ਨਾਨਕ ਅਜਬੁ ਡਿਠੁ॥ (142)**
**ਪਵਨ ਅਰੰਭੁ ਸਤਿਗੁਰ ਮਤਿ ਵੇਲਾ॥**
**ਸਬਦੁ ਗੁਰੂ ਸੁਰਤਿ ਧੁਨਿ ਚੇਲਾ॥ (943)**

ਅੰਦਰਲੀ ਰੂਹਾਨੀਅਤ ਨੂੰ ਕਾਇਮ ਕਰਨ ਲਈ ਆਦਰਸ਼ਕ ਮਨੁੱਖ ਦਾ ਨਾਂ ਉਹਨਾਂ ਨੇ 'ਸਚਿਆਰ' ਰੱਖਿਆ। ਡਾਕਟਰ ਤਾਰਨ ਸਿੰਘ ਜੀ ਦੇ ਕਥਨ ਅਨੁਸਾਰ ਏਸੇ 'ਸਚਿਆਰ' ਨੂੰ ਗੁਰੂ ਅੰਗਦ ਪਾਤਸ਼ਾਹ ਜੀ ਨੇ 'ਆਸ਼ਕ' ਤੇ ਗੁਰੂ ਅਮਰਦਾਸ ਜੀ ਨੇ 'ਭਗਤ' ਕਿਹਾ ਹੈ ਤੇ ਗੁਰੂ ਰਾਮਦਾਸ ਜੀ ਨੇ 'ਸੇਵਕ' ਗੁਰੂ ਅਰਜਨ ਪਾਤਸ਼ਾਹ ਜੀ ਨੇ 'ਸਿੱਖ' ਕਹਿ ਕੇ ਵਡਿਆਇਆ ਹੈ। ਗੁਰੂ ਤੇਗ ਬਹਾਦਰ ਜੀ ਨੇ 'ਨਰ' ਸ਼ਬਦ ਨਾਲ ਸੰਬੋਧਨ ਕੀਤਾ ਹੈ, ਜਦੋਂ ਕਿ ਇਸੇ ਕਿਰਦਾਰ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ 'ਖਾਲਸਾ' ਆਖਿਆ ਹੈ।

ਵੇਈ ਨਦੀ ਦੇ ਕੰਢੇ 'ਤੇ ਬੈਠ ਕੇ ਤੇ ਹਿਰਦੇ ਦੀ ਵੇਈਂ ਨਦੀ ਵਿੱਚ ਉਤਰਦਿਆਂ 'ਖਾਲਸ' ਮਨੁੱਖ ਦੀ ਸਿਰਜਣਾ ਕਰ ਦਿੱਤੀ, ਜਿਸ ਨੂੰ ਗੁਰੂ ਸਾਹਿਬ ਜੀ ਨੇ 'ਸਚਿਆਰ' ਕਿਹਾ ਹੈ। ਇਹ ਅਜਿਹੀ ਸਿਰਜਣਾ ਸੀ ਜੋ ਹਰ ਪੱਖ ਤੋਂ ਮੁਕੰਮਲ ਸੀ, ਪਰ ਜਦੋਂ ਅੱਜ ਦੇ 'ਖਾਲਸਾ' ਵਲ ਨਿਗਾਹ ਮਾਰਦੇ ਹਾਂ ਤਾਂ ਇਹ ਬਾਬਾ ਵਾਦ ਦੇ ਡੇਰਾਵਾਦ ਤੇ ਚੋਲ਼ਾ-ਵਾਦ ਦਾ ਸ਼ਿਕਾਰ ਹੋ ਕੇ ਵੱਖ-ਵੱਖ ਕਰਮਕਾਂਡਾਂ ਵਿੱਚ ਫਸ ਕੇ ਰਹਿ ਗਿਆ ਹੈ। ਵੇਈਂ ਨਦੀ ਤੋਂ ਸ਼ੁਰੂ ਹੋ ਕੇ 'ਸਚਿਆਰ' ਨੇ 'ਖਾਲਸੇ' ਦੀ ਮੁਕੰਮਲਤਾ ਤੀਕ ਦਾ ਇੱਕ ਲੰਬਾ ਸਫ਼ਰ ਤਹਿ ਕੀਤਾ ਹੈ। ਮੱਝਾਂ ਚਾਰਨੀਆਂ ਸੱਚਾ ਸੌਦਾ ਕਰਨਾ ਮੋਦੀ ਦੀ ਕਾਰ ਕਰਨੀ ਇਤਿਆਦਿਕ ਖਾਲਸੇ ਦੀ ਸਿਰਜਣਾ ਵਿੱਚ ਮੋਤੀਆਂ ਵਾਂਗ ਜੜੇ ਹੋਏ ਦਿਸਦੇ ਹਨ, ਪਰ ਸਹੀ ਅਰਥਾਂ ਵਿੱਚ ਖਾਲਸੇ ਦੀ ਨੀਂਹ ਵੇਈ ਨਦੀ ਤੋਂ ਆਰੰਭ ਕੀਤੀ।

ਵੇਈ ਨਦੀ ਦਾ ਸਕੰਲਪ ਜਦੋਂ ਵੀ ਸਾਡੇ ਸਾਹਮਣੇ ਆਉਂਦਾ ਹੈ ਤਾਂ ਇਹ ਸਾਨੂੰ ਦ੍ਰਿੜ੍ਹ ਫੈਸਲੇ ਲੈਣ ਦੀ ਪ੍ਰੇਰਨਾ ਦੇਂਦੀ ਹੈ।

ਵੇਈ ਨਦੀ ਪਰਿਵਾਰਕ ਮੋਹ ਤੋਂ ਉੱਪਰ ਉੱਠਣ ਦਾ ਸੁਨੇਹਾ ਦਿੰਦੀ ਹੈ।

ਵੇਈ ਨਦੀ ਸਰਕਾਰੀ ਨੌਕਰੀ ਕਰਨ ਵਾਲਿਆਂ ਨੂੰ ਪਾਰ-ਦਸ਼ਤਾ ਦਾ ਸਬੂਤ ਦੇ ਰਹੀ ਹੈ।

ਵੇਈ ਨਦੀ ਦੁਕਾਨ-ਦਾਰੀ ਲਈ ਇੱਕ ਪ੍ਰੇਰਨਾ ਸਰੋਤ ਹੈ।

ਵੇਈ ਨਦੀ ਧਾਰਮਿਕ ਪੁਜਾਰੀ ਦੇ ਪਾਖੰਡਾਂ ਦਾ ਪਰਦਾ ਉਠਾਉਂਦੀ ਹੈ।

ਵੇਈ ਨਦੀ ਹਾਕਮ ਨੂੰ ਆਪਣੇ ਅੰਦਰ ਝਾਕਣ ਦਾ ਪਤਾ ਦੱਸਦੀ ਹੈ।

ਵੇਈ ਨਦੀ ਦੇ ਕਿਨਾਰੇ 'ਤੇ ਬੈਠ ਕੇ ਹਿਰਦੇ ਰੂਪੀ ਵੇਈ ਨਦੀ ਵਿੱਚ ਉੱਤਰ ਕੇ ਗੁਰੂ ਨਾਨਕ ਸਾਹਿਬ ਜੀ ਨੇ ਦੁਨੀਆਂ ਨੂੰ ਤਿੰਨ ਸਿਧਾਂਤ ਦਿੱਤੇ। ਪਹਿਲਾ ਕ੍ਰਿਤ ਕਰਨੀ ਭਾਵ ਆਰਥਿਕ ਪੱਖ ਨੂੰ ਮਜ਼ਬੂਤ ਕਰਨਾ, ਦੂਜਾ ਨਾਮ ਜਪਣਾ ਭਾਵ ਆਪਣੇ ਫ਼ਰਜ਼ਾਂ ਦੀ ਪਹਿਚਾਣ ਕਰਨੀ, ਪਰ ਡੇਰਾਵਾਦੀ ਬਿਰਤੀ ਨੇ ਨਾਮ ਜੱਪਣ ਨੂੰ ਰਿੱਧੀਆਂ ਸਿੱਧੀਆਂ ਨਾਲ ਜੋੜ ਕੇ ਬੱਤੀਆਂ ਬੰਦ ਕਰਨ ਤੀਕ ਸੀਮਤ ਕਰ ਦਿੱਤਾ ਹੈ, ਜੋ ਵੇਖਾ ਵੇਖੀ ਕਰਮ-ਕਾਂਡ ਦੀ ਭੇਟ ਚੜ੍ਹ ਗਿਆ ਹੈ। ਤੀਜਾ ਵੰਡ ਕੇ ਛੱਕਣਾ ਜੋ ਸਮਾਜਿਕ ਬਰਾਬਰੀ ਦਾ ਪਹਿਰੇਦਾਰ ਹੋ ਕੇ ਰੂਹਾਨੀਅਤ ਦਾ ਲਖਾਇਕ ਬਣਦਾ ਹੈ। ਭਾਈ ਗੁਰਦਾਸ ਜੀ ਨੇ

ਇਹਨਾਂ ਤਿੰਨਾਂ ਸਿਧਾਂਤਾਂ ਦਾ ਨਾਂ ਨਿਰਮਲ ਪੰਥ ਰੱਖਿਆ ਹੈ।

**ਮਾਰਿਆ ਸਿਕਾ ਜਗਤ੍ਰਿ ਵਿਚਿ**

**ਨਾਨਕ ਨਿਰਮਲ ਪੰਥ ਚਲਾਇਆ॥ (ਵਾਰ–1, ਪਉੜੀ–45)**

ਹਲੀਮੀ ਰਾਜ ਵਿੱਚ ਰਹਿਣ ਵਾਲੇ ਅੰਦਰੋਂ ਬੇਗ਼ਮ ਤੇ ਬਾਹਰੋਂ ਕਰਤਾਰ ਨਾਲ ਜੁੜੇ ਹੋਣ ਦੇ ਸੰਕਲਪ ਨੂੰ ਦਸ ਭਾਗਾਂ ਵਿੱਚ ਵੰਡ ਕੇ ਸੰਸਾਰ 'ਤੇ ਇਸ ਦੀ ਮਹਿਕ ਵੰਡੀ ਹੈ। ਸਰੀਰ ਦਸ ਬਦਲੇ ਹਨ ਪਰ ਸਿਧਾਂਤ (ਜੋਤ) ਇੱਕ ਹੀ ਰਿਹਾ ਹੈ--

**ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥ (966)**

ਗੁਰੂ ਨਾਨਕ ਸਾਹਿਬ ਜੀ ਦੇ ਇੱਕ ਪਾਸੇ ਪਰਿਵਾਰਕ ਜ਼ਿੰਮੇਵਾਰੀਆਂ ਤੇ ਦੂਸਰੇ ਪਾਸੇ ਸੜ ਰਿਹਾ ਸੰਸਾਰ ਜੋ ਪੁਰਾਣੀਆਂ ਰਜ਼ਾਈਆਂ ਵਿੱਚ ਉਂਘਲਾਈ ਜਾ ਰਿਹਾ ਸੀ, ਉਹਨਾਂ ਨੂੰ ਨਵਾਂ ਜੀਵਨ ਦੇਣ ਲਈ ਆਪ ਸੰਸਾਰ ਦੀ ਯਾਤਰਾ ਤੇ ਨਿਕਲੇ। ਇੱਕ ਦ੍ਰਿੜ ਇਰਾਦਾ ਲੈ ਕੇ ਸੰਸਾਰ ਨੂੰ ਕਿਹਾ –

**ਹਰਿ ਬਿਨੁ ਜੀਉ ਜਲਿ ਬਲਿ ਜਾਉ॥**

**ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ॥ (14)**

ਨਿਰਮਲ ਪੰਥ ਦੀ ਪੂਰਤੀ ਲਈ ਤੇ ਲੀਹੋਂ ਲੱਥੇ ਜੋਗੀਆਂ-ਜਤੀਆਂ, ਸਿੱਧਾਂ, ਪੰਡਤਾਂ, ਮੁਲਾਂ-ਮੁਲਾਣਿਆਂ, ਰਾਜਿਆਂ, ਅਹਿਲਕਾਰਾਂ ਦੇ ਕਿਰਦਾਰ ਨੂੰ ਭਰਿਆਂ ਇਕੱਠਾਂ ਵਿੱਚ ਲੋਕਾਂ ਦੇ ਸਾਹਮਣੇ ਰੱਖਿਆ। ਗੱਲ ਕੀ ਸਮਾਜ ਵਿੱਚ ਆਏ ਹਰ ਪਰਕਾਰ ਦੇ ਪਾਖੰਡ ਦਾ ਪਰਦਾ ਫਾਸ਼ ਕੀਤਾ। ਜ਼ਿੰਦਗੀ ਦੇ ਅਖ਼ੀਰਲੇ ਪੜਾਅ 'ਤੇ ਕਰਤਾਰ ਵਰਗਾ ਕਰਤਾਰਪੁਰ ਵਸਾ ਕੇ ਦੱਸ ਦਿੱਤਾ ਕਿ ਨਵੇਂ ਮੁਲਕ ਦੀ ਰੂਪ ਰੇਖਾ ਇਹੋ ਜਿਹੀ ਹੋਣੀ ਚਾਹੀਦੀ ਹੈ ਤੇ ਇੰਝ ਦੇ ਹੀ ਇਸ ਵਿੱਚ 'ਸਚਿਆਰ' ਮਨੁੱਖ ਰਹਿਣੇ ਚਾਹੀਦੇ ਹਨ ਤੇ ਉਹਨਾਂ ਦਾ ਅਖ਼ੀਰਲਾ ਪੜਾਅ ਅਨੰਦਪੁਰ ਦਾ ਹੋਏਗਾ। ਇਹ ਸਾਰੀ ਤਰਤੀਬ ਭਾਈ ਲਹਿਣੇ ਨੂੰ ਸਮਝਾ ਕੇ ਦੱਸ ਦਿੱਤਾ ਕਿ ਭਲਿਆ ਇਹ ਸਾਰਾ ਕੁੱਝ ਅਗਾਂਹ ਦੱਸੀ ਜਾਣਾ ਹੈ। 'ਸਚਿਆਰ' ਦੀ ਪਕਿਆਈ ਲਈ ਜਿੱਥੇ ਗੁਰੂ ਸਾਹਿਬ ਜੀ ਨੇ ਆਪ ਬਾਣੀ ਉਚਾਰੀ ਹੈ ਓੱਥੇ ਆਪਣੇ ਨਾਲ ਮਿਲਦੇ ਖ਼ਿਆਲਾਂ ਨੂੰ ਵੀ ਇਕੱਠਾ ਕੀਤਾ ਹੈ ਤੇ ਇਹ ਪੋਥੀ ਸਾਹਿਬ ਭਾਈ ਲਹਿਣੇ ਨੂੰ ਦੇ ਕੇ ਉਹਨਾਂ ਨੂੰ ਗੁਰਤਾ ਤੇ ਸਥਾਪਿਤ ਕਰ ਦਿੱਤਾ।

ਸਮਝਿਆ ਜਾਂਦਾ ਸੀ ਕਿ ਦੇਵਤਿਆਂ ਨੂੰ ਖ਼ੁਸ਼ ਕਰਨ ਲਈ ਕੇਵਲ ਸੰਸਕ੍ਰਿਤ ਬੋਲੀ ਦੁਆਰਾ ਹੀ ਅਰਾਧਣਾ ਕੀਤੀ ਜਾ ਸਕਦੀ ਹੈ, ਇਸ ਭਰਮ ਨੂੰ ਮੁੱਢੋਂ ਰੱਦ ਕਰਦਿਆਂ, ਗੁਰੂ ਅੰਗਦ ਪਾਤਸ਼ਾਹ ਜੀ ਨੇ ਖਾਲਸੇ ਦੀ ਸਿਰਜਣਾ ਵਿੱਚ ਗੁਰੂ ਨਾਨਕ ਪਾਤਸ਼ਾਹ ਜੀ ਦੇ ਹੁਕਮ ਅਨੁਸਾਰ ਮਾਂ ਬੋਲੀ ਨੂੰ ਅਪਨਉਣ 'ਤੇ ਸਾਰਾ ਜ਼ੋਰ ਦਿੱਤਾ। ਗੁਰੂ ਸਾਹਿਬ ਜੀ ਨੇ ਆਪ ਛੋਟੇ ਬੱਚਿਆਂ ਨੂੰ ਗੁਰਮੁਖੀ ਅੱਖਰ ਪੜ੍ਹਾਏ ਤੇ ਪੰਜਾਬੀ ਦੇ ਬਾਲ ਉਪਦੇਸ਼ ਕਾਇਦੇ ਤਿਆਰ ਕਰਵਾਏ। ਦੁਨੀਆਂ ਦੀ ਤਰੱਕੀ ਦਾ ਰਾਜ਼ ਵਿਦਿਆ ਹੈ, ਇਸ ਲਈ ਗੁਰੂ ਸਾਹਿਬ ਜੀ ਨੇ ਖਾਲਸੇ ਦੀ ਸਿਰਜਣਾ ਲਈ ਵਿਦਿਆ ਨੂੰ ਪਹਿਲ ਦਿੱਤੀ –

**ਸਤੀ ਪਹਰੀ ਸਤੁ ਭਲਾ ਬਹੀਐ ਪੜਿਆ ਪਾਸਿ॥**

**ਓਥੈ ਪਾਪੁ ਪੁੰਨੁ ਬੀਚਾਰੀਐ ਕੂੜੈ ਘਟੈ ਰਾਸਿ॥ (146)**

ਗੁਰਬਾਣੀ ਨੂੰ ਸਹੀ ਅਰਥਾਂ ਵਿੱਚ ਸਿੱਖਣ ਲਈ ਗੁਰਮੁਖੀ ਅਖ਼ਰਾਂ ਦਾ ਆਉਣਾ ਜ਼ਰੂਰੀ ਹੈ। ਪੰਜਾਬੀ ਦਾ ਮੁਹਾਵਰਾ ਹੈ ਮਾਂ ਬੋਲੀ ਭੁੱਲ ਗਏ ਤਾਂ ਕੱਖਾਂ ਵਾਂਗੂੰ ਰੁਲ਼ ਗਏ।

ਤੰਦਰੁਸਤ ਸਰੀਰ ਵਿੱਚ ਤੰਦਰੁਰਸਤ ਮਨ ਦੇ ਟਿਕਾਅ ਲਈ ਕੌਮੀ ਉਸਾਰੀ ਕਰਦਿਆਂ ਮੱਲ਼ ਅਖਾੜਿਆਂ ਵਲ ਉਚੇਚਾ ਧਿਆਨ ਦਿੱਤਾ ਜੋ ਮਾਰਸ਼ਲ ਆਰਟ ਗੱਤਕੇ ਤੇ ਹੋਲੇ ਮਹੱਲੇ ਦੀ ਚਰਮ ਸੀਮਾ ਤੇ ਪਹੁੰਚਿਆ। ਅੱਜ ਖਾਲਸੇ ਨੂੰ ਸਵੈ ਪੜਚੋਲ ਕਰਨ ਦੀ ਲੋੜ ਹੈ। ਇਹ ਅਨੰਦਪੁਰ ਦਾ ਵਾਸੀ ਹੈ ਜਾਂ ਨਸ਼ਈ-ਨਗਰ ਦੇ ਰਹਿਣ ਵਾਲਾ।

'ਸਚਿਆਰ' ਮਨੁੱਖ ਦੀ ਘਾੜਤ ਲਈ ਤੀਸਰੇ ਪਾਤਸ਼ਾਹ ਜੀ ਨੇ ਗੁਰੂ ਨਾਨਕ ਪਾਤਸ਼ਾਹ ਜੀ ਦੇ ਰਸਤੇ 'ਤੇ ਚਲਦਿਆਂ ਛੂਤ-ਛਾਤ ਤੇ ਜਾਤ-ਪਾਤ ਦੇ ਕੋਹੜ ਨੂੰ ਸਦਾ ਲਈ ਖਤਮ ਕਰਨ ਲਈ –

**ਜਾਤਿ ਜਨਮੁ ਨਹ ਪੂਛੀਐ ਸਚ ਘਰੁ ਲੇਹੁ ਬਤਾਇ॥**

**ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ॥ (1330)**

ਲੰਗਰ ਪੰਗਤ ਭਾਵ ਬਰਾਬਰ ਬੈਠਣ ਦੀ ਅਨੋਖੀ ਪ੍ਰੰਪਰਾ ਚਲਾ ਕੇ, **ਬਾਬਾ ਆਖੇ ਹਾਜੀਆਂ ਸੁਭਿ ਅਮਲਾ ਬਾਝਹੁ ਦੋਨੋ ਰੋਈ॥ (ਵਾਰ–1, ਪਉੜੀ–33)** ਨੂੰ ਅਮਲੀ ਜਾਮਾ ਪਹਿਨਾ ਦਿੱਤਾ।

ਹਿਰਦੇ ਦੀ ਵੇਈ ਨਦੀ ਵਿੱਚ ਉੱਤਰ ਕੇ ਗੁਰੂ ਸਾਹਿਬ ਜੀ ਨੇ ਕੌਮ ਦੀ ਮਜ਼ਬੂਤੀ ਲਈ ਵਪਾਰ ਦਾ ਨੁਕਤਾ ਦਿੱਤਾ ਹੈ ਤੇ ਇਸ ਨੂੰ ਅਮਲੀ ਜਾਮਾ ਪਹਿਨਾਇਆ ਹੈ ਚੌਥੇ ਜਾਮੇ ਵਿਚ। ਗੁਰੂ ਰਾਮਦਾਸ ਜੀ ਨੇ "ਗੁਰੂ ਕਾ ਚੱਕ" ਨਾਂ ਦਾ (ਸ੍ਰੀ ਅੰਮ੍ਰਿਤਸਰ) ਨਵਾਂ ਸ਼ਹਿਰ ਵਸਾਇਆ ਤੇ ਬਵੰਜਾ ਕਿਸਮ ਦੇ ਕਿਰਤੀ ਵਸਾ ਕੇ ਸੰਸਾਰ ਪੱਧਰ ਦੀ ਅੰਤਰਰਾਸ਼ਟਰੀ ਮੰਡੀ ਕਾਇਮ ਕੀਤੀ। ਮੁਲਕਾਂ ਦੀ ਤਰੱਕੀ ਲਈ ਆਰਥਿਕ ਪੱਖ ਦਾ ਮਜ਼ਬੂਤ ਹੋਣਾ ਬੜਾ ਜ਼ਰੂਰੀ ਹੈ ਤੇ ਇਸੇ ਲਈ ਸ਼ੇਰ-ਸ਼ਾਹ ਸੂਰੀ ਮਾਰਗ 'ਤੇ ਇਹ ਸ਼ਹਿਰ ਵਸਾਇਆ ਗਿਆ।

ਜਦੋਂ ਕਿਸੇ ਇਮਾਰਤ ਦੀ ਉਸਾਰੀ ਕਰਨੀ ਹੋਵੇ ਤਾਂ ਉਸ ਦੀ ਮਜ਼ਬੂਤੀ ਲਈ ਹਰੇਕ ਪਹਿਲੂ ਵਲ ਧਿਆਨ ਦਿੱਤਾ ਜਾਂਦਾ ਹੈ ਕਿ ਕਿਤੇ ਕੋਈ ਕਚਿਆਈ ਨਾ ਰਹਿ ਜਾਏ। ਖਾਲਸੇ ਦੀ ਸਿਰਜਣਾ ਲਈ ਗੁਰੂ ਸਾਹਿਬ ਜੀ ਨੇ ਜੋ ਤਰਤੀਬ ਦਿੱਤੀ ਉਹ ਸਾਰੀ ਨਾਲ ਦੀ ਨਾਲ ਲਿਖਤ ਵਿੱਚ ਵੀ ਆਉਂਦੀ ਗਈ ਤੇ ਇਸ ਲਿਖਤ ਦਾ ਨਾਂ ਰੱਖਿਆ ਪੋਥੀ ਸਾਹਿਬ। ਇੱਕ ਗੁਰੂ ਇੱਕ ਬਾਣੀ ਦੇ ਸਿਧਾਂਤ 'ਤੇ ਚੱਲਦਿਆਂ--

**ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ॥ (646)**

ਪੰਜਵੇਂ ਜਾਮੇ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਕਰਾਈ। ਦੁਨੀਆਂ ਵਿੱਚ ਕੇਵਲ ਇਹੀ ਇੱਕ ਗ੍ਰੰਥ ਹੈ, ਜਿਸ ਨੂੰ ਗੁਰੂ ਅਰਜਨ ਪਾਤਸ਼ਾਹ ਜੀ ਨੇ ਆਪ ਸੰਪਾਦਤ ਕੀਤਾ ਤੇ ਆਪ ਬਾਣੀ ਉਚਾਰਨ ਕੀਤੀ। ਸਭ ਤੋਂ ਪਹਿਲੀ ਕਿ ਭਾਰਤ ਵਿੱਚ ਅਖੌਤੀ ਜਾਤਾਂ ਨਾਲ ਸਬੰਧ ਰੱਖਣ ਵਾਲਿਆਂ ਦੇ ਰੱਬੀ ਕਲਾਮ ਨੂੰ ਆਪਣੇ ਬਰਾਬਰ ਬਿਠਾ ਕੇ ਦੁਨੀਆਂ ਵਿੱਚ ਇੱਕ ਨਵੀਂ ਕ੍ਰਾਂਤੀ ਲਿਆਂਦੀ ਹੈ। ਦੂਸਰਾ ਗੁਰੂ ਗ੍ਰੰਥ ਸਾਹਿਬ ਜੀ ਦਾ ਆਸ਼ਾ ਸੱਚ ਦੇ ਅਧਾਰਤ ਹੈ, ਜਿਸ ਨੇ ਕਦੇ ਮੈਲਾ ਨਹੀਂ ਹੋਣਾ। ਆਤਮਿਕ ਗਿਆਨ ਦਾ ਡੂੰਘਾ ਖ਼ਜ਼ਾਨਾ ਹੈ, ਉਥੇ ਸੰਸਾਰ ਵਿੱਚ ਰਹਿਣ ਦਾ ਚੱਜ ਆਚਾਰ ਸਿਖਾਉਂਦਾ ਹੈ।

ਛੇਵੇਂ ਪਾਤਸ਼ਾਹ ਜੀ ਨੇ ਮੀਰੀ ਪੀਰੀ ਦੇ ਸੰਕਲਪ ਰਾਹੀਂ ਇਹ ਦੱਸ ਦਿੱਤਾ ਹੈ ਕਿ ਗੁਰੂ ਨਾਨਕ ਸਾਹਿਬ ਜੀ ਦੇ ਰਸਤੇ 'ਤੇ ਚੱਲਦਿਆਂ ਅਣਖ ਨਾਲ ਜ਼ਿੰਦਗੀ ਜਿਉਣੀ ਹੈ। ਕਿਸੇ ਦਾ ਹੱਕ ਖੋਹਣਾ ਨਹੀਂ, ਸਗੋਂ ਹੱਕਾਂ ਦੀ ਰਾਖੀ ਲਈ ਜੂਝਣਾ ਵੀ ਹੈ। ਹੱਕ ਇਨਸਾਫ਼, ਧਾਰਮਿਕ ਅਜ਼ਾਦੀ, ਸਮਾਜ ਦਾ ਵਿਕਾਸ ਲਈ--

**ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥**

**ਨਾਨਕ ਅਵਰੁ ਨ ਜੀਵੈ ਕੋਇ॥**

**ਜੇ ਜੀਵੈ ਪਤਿ ਲਥੀ ਜਾਇ॥**

**ਸਭੁ ਹਰਾਮੁ ਜੇਤਾ ਕਿਛੁ ਖਾਇ॥ (142)**

ਬੰਦੇ ਨੂੰ ਸਰੀਰਕ ਤੇ ਆਤਮਿਕ ਤਲ਼ ਦੀਆਂ ਬਿਮਾਰੀਆਂ ਚਿੰਬੜੀਆਂ ਹੋਈਆਂ ਹਨ। ਮਨੋਬਲ ਉੱਚਾ ਚੁੱਕਣ ਲਈ ਗੁਰੂ ਸਾਹਿਬ ਜੀ ਨੇ ਗੁਰਬਾਣੀ ਦਿੱਤੀ ਹੈ, ਜਦੋਂ ਕਿ ਸਰੀਰਕ ਬਿਮਾਰੀਆਂ ਵੱਲ ਧਿਆਨ ਦਿੰਦਿਆਂ ਸਤਵੇਂ

ਜਾਮੇ ਵਿੱਚ ਵੱਡ-ਅਕਾਰੀ ਦਵਾਖਾਨਾ (ਹਸਪਤਾਲ) ਕੀਰਤਪੁਰ ਦੀ ਧਰਤੀ 'ਤੇ ਬਣਵਾਇਆ। ਬਾਈ ਸੌ ਘੋੜ ਸਵਾਰ ਰੱਖ ਕੇ ਅਜ਼ਾਦ ਹੋਂਦ ਦਾ ਪ੍ਰਗਟਾਵਾ ਬਰਕਰਾਰ ਰੱਖਿਆ। ਕੁਦਰਤੀ ਵਾਤਾਵਰਨ ਨੂੰ ਬਰਕਰਾਰ ਰੱਖਣ ਲਈ ਨਵੇਂ ਰੁੱਖ ਲਗਾਏ।

ਅੱਠਵੇਂ ਜਾਮੇ ਵਿੱਚ ਭਾਰਤ ਦੀ ਕੌਮੀ ਸਰਕਾਰ ਨਾਲ ਕੋਈ ਵੀ ਬੇਜੋੜ ਰਾਜਨੀਤਿਕ ਜਾਂ ਗ਼ੈਰ-ਕੁਦਰਤੀ ਮੇਲ ਜੋਲ ਨਾ ਰੱਖਣ ਦਾ ਦ੍ਰਿੜ ਇਰਾਦਾ ਕੀਤਾ ਤੇ ਸੰਗਤਾਂ ਨੂੰ ਇਸ ਫੈਸਲੇ ਤੋਂ ਜਾਣੂ ਵੀ ਕਰਾਇਆ। ਪਰ ਅੱਜ ਗੁਰੂ ਨਾਨਕ ਦੀ ਸੋਚ ਦੇ ਪਾਤਰਾਂ ਨੇ ਆਪਣੇ ਨਿਜੀ ਲਾਭਾਂ ਜਾਂ ਪਰਿਵਾਰਾਂ ਦੇ ਲਾਭ ਦੀ ਖ਼ਾਤਰ ਸਰਕਾਰਾਂ ਨਾਲ ਸਮਝੌਤੇ ਹੀ ਨਹੀਂ ਕੀਤੇ ਸਗੋਂ ਸਿੱਖੀ ਸਿਧਾਂਤ ਦਾਅ ਤੇ ਵੀ ਲਾਇਆ ਹੋਇਆ ਹੈ। ਸ਼ੂਦਰਾਂ ਨੂੰ ਵਿਦਿਆ ਪੜ੍ਹਨ ਦਾ ਕੋਈ ਅਧਿਕਾਰ ਨਹੀਂ ਸੀ ਪਰ ਕੀਰਤਪੁਰ ਦੀ ਧਰਤੀ 'ਤੇ ਪੜ੍ਹੇ ਹੋਏ ਸ਼ੂਦਰਾਂ ਨੇ ਹੰਕਾਰੀ ਲਾਲ ਚੰਦ ਵਰਗਿਆਂ ਨੂੰ ਦੱਸ ਦਿੱਤਾ ਕਿ ਵਿਦਿਆ ਕੋਈ ਵੀ ਇਨਸਾਨ ਲੈ ਸਕਦਾ ਹੈ ਤੁਹਾਡਾ ਕੋਈ ਜਾਤੀ ਅਧਿਕਾਰ ਨਹੀਂ ਹੈ। ਬ੍ਰਾਹਮਣ ਦੀ ਸਦੀਆਂ ਦੀ ਬਣੀ ਹੋਈ ਧਾਰਨਾ ਨੂੰ ਢਹਿ ਢੇਰੀ ਕਰ ਦਿੱਤਾ।

ਬੋਹੜ ਦਾ ਬੀਜ ਦੇਖਣ ਨੂੰ ਬਹੁਤ ਹੀ ਛੋਟਾ ਜਿਹਾ ਹੈ, ਪਰ ਜਦੋਂ ਰੁੱਖ ਦੇ ਰੂਪ ਵਿੱਚ ਪ੍ਰਗਟ ਹੁੰਦਾ ਹੈ ਤਾਂ ਕਈ ਲੋਕ ਉਸ ਦੀ ਸੰਘਣੀ ਛਾਂ ਦਾ ਅਨੰਦ ਮਾਣ ਸਕਦੇ ਹਨ। ਇੰਝ ਹੀ 'ਸਚਿਆਰ' ਜਾਂ 'ਖਾਲਸਾ' ਦੇਖਣ ਨੂੰ ਬਹੁਤ ਹੀ ਛੋਟੇ ਜਿਹੇ ਸ਼ਬਦ ਲੱਗਦੇ ਹਨ, ਪਰ ਇਹਨਾਂ ਦਾ ਵਿਸਥਾਰ ਬਹੁਤ ਵੱਡਾ ਹੈ। ਨੌਵੇਂ ਜਾਮੇ ਵਿੱਚ ਅਣਖ ਦੀ ਚੰਗਿਆੜੀ ਦਾ ਭਾਂਬੜ ਮਚਾਉਂਦਿਆਂ ਗੁਰੂ ਸਾਹਿਬ ਜੀ ਨੇ ਕਹਿ ਦਿੱਤਾ ਕਿ -

**ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥**
**ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥ (1427)**

ਹਰ ਮਨੁੱਖ ਨੂੰ ਆਪਣੀ ਸਵੈ ਅਜ਼ਾਦੀ ਨਾਲ ਜਿਉਣ ਦਾ ਹੱਕ ਹੈ, ਕੋਈ ਕਿਸੇ ਦੇ ਬੁਨਿਆਦੀ ਹੱਕਾਂ 'ਤੇ ਛਾਪਾ ਕਿਉਂ ਮਾਰੇ। ਭਾਰਤ ਦੀ ਕੌਮੀ ਰਾਜਨੀਤੀ ਵਿੱਚ ਦਿੱਲੀ ਪਤੀ ਔਰੰਗਜ਼ੇਬ ਨੇ ਆਪਣੇ ਪਿਤਾ ਨੂੰ ਕੈਦ ਵਿੱਚ ਪਾਇਆ, ਭਰਾਵਾਂ ਦਾ ਕਤਲ ਕੀਤਾ, ਭਾਰਤੀਆਂ 'ਤੇ ਜ਼ੁਲਮ ਢਾਹੇ ਓਦੋਂ ਵੇਈ ਨਦੀ ਦੇ ਕੰਢੇ ਤੇ ਸੋਚੀ ਹੋਈ ਸੋਚ ਅਨੁਸਾਰ ਗੁਰੂ ਤੇਗ ਬਹਾਦਰ ਜੀ ਨੇ ਮਨੁੱਖੀ ਹੱਕਾਂ (ਹਿਊਮਨ ਰਾਈਟਸ) ਲਈ ਆਪਣੇ ਸਰੀਰ ਦੀ ਕੁਰਬਾਨੀ ਦਿੱਤੀ। ਗੁਰੂ ਨਾਨਕ ਸਾਹਿਬ ਜੀ ਦੇ ਮਿਸ਼ਨ 'ਤੇ ਚੱਲਣ ਵਾਲਿਆਂ ਦੀ ਇਹ ਦੂਜੀ ਸ਼ਹਾਦਤ ਸੀ। ਹਕੂਮਤ ਦੀ ਵੰਗਾਰ ਨੂੰ ਪ੍ਰਵਾਨ ਕਰਦਿਆਂ ਦਿਨ-ਦੀਵੀਂ ਗੁਰੂ ਤੇਗ ਬਹਾਦਰ ਜੀ ਦੇ ਸੀਸ ਤੇ ਧੜ ਨੂੰ ਉਠਾਉਣਾ ਖਾਲਸੇ ਦਾ ਆਪਣੇ ਆਪ ਵਿੱਚ ਇੱਕ ਪ੍ਰਗਟਾਅ ਸੀ।

ਕਿਸੇ ਪੱਥਰ ਵਿੱਚੋਂ ਕੋਈ ਕਲਾ ਸਾਕਾਰ ਕਰਨੀ ਹੋਵੇ ਤਾਂ ਬੁੱਤ-ਘਾੜੇ ਨੂੰ ਸਾਲਾਂ ਬੱਧੀ ਮਿਹਨਤ ਕਰਨੀ ਪੈਂਦੀ ਹੈ। ਦਿੱਸ ਰਹੀਆਂ ਉੱਚੀਆਂ ਸੋਹਣੀਆਂ ਇਮਾਰਤਾਂ ਨੂੰ ਬਣਾਉਣ ਲਈ ਸਾਲਾਂ ਬੱਧੀ ਮਿਸਤਰੀਆਂ ਤੇ ਮਜ਼ਦੂਰਾਂ ਨੇ ਦਿਨ ਰਾਤ ਇੱਕ ਕਰਕੇ ਇਹਨਾਂ ਨੂੰ ਸਥਾਪਿਤ ਕੀਤਾ ਹੈ। ਗੁਰੂ ਨਾਨਕ ਸਾਹਿਬ ਜੀ ਨੇ ਵੇਈਂ ਨਦੀ ਦੇ ਕੰਢੇ ਬੈਠ ਕੇ ਹਿਰਦੇ ਦੀ ਵੇਈਂ ਨਦੀ ਵਿੱਚ ਉਤਰਦਿਆਂ ਜਿਸ ਖਾਲਸੇ ਦੀ ਸਿਰਜਣਾ ਕੀਤੀ ਸੀ ਉਹ ਦੋ ਸੌ ਤੀਹ ਸਾਲ ਉਪਰੰਤ ਅਨੰਦਪੁਰ ਦੀ ਧਰਤੀ 'ਤੇ ਸਾਰੀ ਲੁਕਾਈ ਦੇ ਸਾਹਮਣੇ ਪ੍ਰਗਟ ਕਰ ਦਿੱਤਾ। ਦਸਮੇਸ਼ ਪਿਤਾ ਜੀ ਨੇ 1699 ਈਸਵੀ ਨੂੰ ਉਹ ਖਾਲਸਾ ਪ੍ਰਗਟ ਕੀਤਾ, ਜਿਸ ਵਿੱਚ ਨੌ ਗੁਰੂ ਸਾਹਿਬ ਜੀ ਨੇ ਆਪਣਾ ਸਾਰਾ ਜੀਵਨ ਲਗਾ ਕੇ ਇਸ ਦੇ ਰੂਪ ਨੂੰ ਸਾਕਾਰ ਕੀਤਾ। ਅਨੰਦਪੁਰ ਦੀ ਧਰਤੀ 'ਤੇ ਦੂਰ ਦੂਰ ਤੋਂ ਆਈ ਸੰਗਤਾਂ ਦੇ ਇਕੱਠ ਵਿੱਚ ਸਾਰੀ ਸੋਚ ਨੂੰ ਸੰਗਤਾਂ ਨਾਲ ਸਾਂਝੀ ਕਰਦਿਆਂ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਹਲੇਮੀ ਰਾਜ ਦੀ ਸਥਾਪਨਾ ਕਰਨ ਲਈ ਕੌਮਾਂਤਰੀ ਪੱਧਰ 'ਤੇ ਸਾਨੂੰ ਉਪਰਾਲੇ ਕਰਨ ਲਈ ਇੱਕ ਪਹਿਚਾਣ ਬਣਾਉਣੀ ਜ਼ਰੂਰੀ ਹੈ। ਗੁਰੂ ਸਾਹਿਬ ਜੀ ਨੇ ਸਾਰੀ ਸੰਗਤ ਨੂੰ ਪਿਛਲੇ ਇਤਿਹਾਸ ਤੋਂ ਜਾਣੂੰ ਕਰਾਉਂਦਿਆਂ ਕਿਹਾ ਕਿ ਖਾਲਸਾ ਜੀ ਅੱਜ ਸਾਨੂੰ ਸ਼ਸਤਰ-ਧਾਰੀ ਹੋ ਕੇ ਜ਼ੁਲਮ ਦੇ ਵਿਰੋਧ ਤੇ ਬੇਇਨਸਾਫ਼ੀ ਦੀ ਅੱਗ ਵਿੱਚ ਸੜ ਰਹੀ ਲੁਕਾਈ ਨੂੰ ਬਚਾਉਣ ਲਈ ਤੇ ਆਪਣੇ ਹੱਕਾਂ ਦੀ ਰਾਖੀ ਲਈ ਮੈਦਾਨ ਵਿੱਚ ਜੂਝਣਾ ਵੀ ਪੈਣਾ ਹੈ। ਕੌਮੀ ਸਰਕਾਰ, ਸੂਬਾ ਸਰਕਾਰਾਂ ਦੇ ਜ਼ੁਲਮ ਤੇ ਬ੍ਰਾਹਮਣੀ ਕਰਮ-ਕਾਂਡੀ ਦਲ਼-ਦਲ਼ ਵਿਚੋਂ ਲੁਕਾਈ ਨੂੰ ਬਾਹਰ ਕੱਢਣ ਹਿੱਤ, ਅਜ਼ਾਦੀ ਦਾ ਨਿੱਘ ਦੇਣ ਲਈ ਗੁਰੂ ਸਾਹਿਬ ਜੀ ਨੇ ਗੁਰੂ ਨਾਨਕ ਵਾਲੇ 'ਸਚਿਆਰ' ਨੂੰ 'ਖਾਲਸੇ' ਦੇ ਰੂਪ ਪ੍ਰਗਟ ਕਰ ਦਿੱਤਾ।

ਅਸਲ ਵਿੱਚ ਅਸੀਂ ਗੁਰੂ ਨਾਨਕ ਸਾਹਿਬ ਜੀ ਦੇ ਰਸਤੇ ਨੂੰ ਸਹੀ ਢੰਗ ਨਾਲ ਸਮਝਿਆ ਹੀ ਨਹੀਂ ਹੈ। ਅੱਜ ਸਿੱਖੀ ਵਿੱਚ ਕੀਰਤਨ ਦਰਬਾਰਾਂ, ਰੈਣ ਸਬਾਈਆਂ, ਨਗਰ ਕੀਰਤਨਾਂ ਜਾਂ ਜਾਗਰਤੀਆਂ, ਅਖੰਡ-ਪਾਠਾਂ, ਸੰਪਟ ਪਾਠਾਂ ਦੀਆਂ ਲੜੀਆਂ, ਕਰਮ-ਕਾਂਡੀ ਤੇ ਜੋਗ-ਮੱਤ ਵਾਲੇ ਸਿਮਰਨ ਵਿੱਚ ਫਸ ਕੇ ਰਹਿ ਗਈ ਹੈ, ਗੁਰਮਤਿ ਦੇ ਤੱਤ ਤੋਂ ਬਹੁਤ ਦੂਰੀ ਬਣਾ ਲਈ ਹੈ। ਸਿੱਖੀ ਨੇ ਵੇਈ ਨਦੀ ਤੋਂ 'ਸਚਿਆਰ' ਦੇ ਸਫ਼ਰ ਦੀ ਆਰੰਭਤਾ ਕੀਤੀ ਸੀ ਅਤੇ ਅਨੰਦਪੁਰ ਸਾਹਿਬ ਜਾ ਕੇ 'ਖਾਲਸੇ' ਦੇ ਰੂਪ ਵਿੱਚ ਮੁਕੰਮਲਤਾ ਦੀ ਸਿੱਖਰ ਨੂੰ ਛੂਹਿਆ ਹੈ।

1) ਗੁਰੂ ਨਾਨਕ ਸਾਹਿਬ ਜੀ ਨੇ ਇੱਕ ਅਕਾਲ ਪੁਰਖ ਦੇ ਗੁਣਾਂ ਨੂੰ ਸਮਝ ਕੇ ਜੀਵਨ ਵਿੱਚ ਅਪਨਾਉਣ ਦਾ ਵਿਧੀ-ਵਿਧਾਨ ਸਮਝਾਇਆ। ਜੋ ਅਕਾਲ ਪੁਰਖ ਦੇ ਗੁਣ ਹਨ, ਉਹ ਹੀ ਹਰ ਇਨਸਾਨ ਵਿੱਚ ਹੋਣੇ ਚਾਹੀਦੇ ਹਨ ਤਾਂ ਕਿ ਜਿਉਂਦੇ ਜੀਅ ਮਨੁੱਖ ਰੱਬ ਦਾ ਰੂਪ ਬਣ ਸਕੇ। ਇਸੇ ਕਿਰਦਾਰ ਨੂੰ 'ਸਚਿਆਰ' ਅਥਵਾ 'ਖਾਲਸਾ' ਕਿਹਾ ਹੈ।

2) ਗੁਰੂ ਅੰਗਦ ਪਾਤਸ਼ਾਹ ਜੀ ਨੇ ਖਾਲਸੇ ਦੀ ਸਿਰਜਣਾ ਵਿੱਚ ਮਾਂ ਬੋਲੀ, ਉੱਚ ਵਿਦਿਆ ਤੇ ਖੇਡ ਪ੍ਰਤੀ ਭਾਵਨਾ ਨੂੰ ਉਜਾਗਰ ਕਰਦਿਆਂ ਆਦਰਸ਼ਕ ਸੇਵਕ ਬਣ ਕੇ ਦੱਸਿਆ।

3) ਗੁਰੂ ਅਮਰਦਾਸ ਜੀ ਨੇ ਮਨੁੱਖੀ ਬਰਾਬਰਤਾ ਲਈ ਪੰਗਤ-ਸੰਗਤ, ਜਾਤ-ਪਾਤ ਦਾ ਕੋਹੜ ਵੱਢਿਆ। ਛੋਟੀ ਉਮਰ ਦੇ ਵਿਆਹਾਂ ਤੇ ਪਾਬੰਦੀ, ਵਿਧਵਾ ਦੇ ਪੁਨਰ ਵਿਆਹ ਤੇ ਜ਼ੋਰ ਦੇਣਾ, ਸਤੀ ਦੀ ਰਸਮ ਨੂੰ ਬੰਦ ਕਰਨਾ ਤੇ ਕੁੜਮਾਚਾਰੀ ਤੋਂ ਉੱਪਰ ਉੱਠ ਕੇ ਸਿੱਖ ਬਣਨ ਦੀ ਜਾਚ ਸਿਖਾਈ।

4) ਗੁਰੂ ਰਾਮਦਾਸ ਜੀ ਨੇ ਖਾਲਸੇ ਨੂੰ ਵਪਾਰ ਕਰਨਾ ਸਿਖਾਇਆ ਤੇ ਗੁਰੂ ਕਾ ਚੱਕ (ਅੰਮ੍ਰਿਤਸਰ) ਨਵੀਂ ਮੰਡੀ ਸਥਾਪਿਤ ਕਰਕੇ ਆਰਥਿਕ ਪੱਖ ਨੂੰ ਮਜ਼ਬੂਤੀ 'ਤੇ ਲਿਆਂਦਾ। ਕੌਮਾਂ ਉਹ ਹੀ ਤਰੱਕੀ ਕਰ ਸਕਦੀਆਂ ਹਨ, ਜਿਹਨਾਂ ਦਾ ਆਰਥਿਕ ਪੱਖ ਨਿਰੋਇਆ ਹੈ।

5) ਗੁਰੂ ਅਰਜਨ ਪਾਤਸ਼ਾਹ ਜੀ ਨੇ ਇੱਕ ਗ੍ਰੰਥ ਦੀ ਸੰਪਾਦਨਾ ਕਰਕੇ ਸਦੀਵ-ਕਾਲ ਲਈ ਅਕਾਲ ਪੁਰਖ ਦਾ ਰੂਪ ਬਣਨ ਲਈ ਤੇ ਮਨੁੱਖਤਾ ਦੀ ਸੰਸਾਰਕ ਤੇ ਆਤਮਿਕ ਭੁੱਖ ਦੂਰ ਕੀਤੀ। ਖਾਲਸੇ ਦੀ ਸਿਰਜਣ ਦੇ ਸਿਧਾਂਤ ਨੂੰ ਕਾਇਮ ਰੱਖਣ ਲਈ ਤੱਤੀ ਤਵੀ, ਤੱਤਾ ਰੇਤਾ, ਉਬਲ਼ਦੀ ਦੇਗ ਤੇ ਰਾਵੀ ਦੇ ਠੰਡੇ ਪਾਣੀਆਂ ਦਾ ਟਾਕਰਾ ਕਰਕੇ ਆਪਣੀ ਸ਼ਹੀਦੀ ਦਿੱਤੀ।

6) ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਮੀਰੀ-ਪੀਰੀ ਦੇ ਸਿਧਾਂਤ ਨੂੰ ਖਾਲਸੇ ਵਿੱਚ ਭਰਿਆ ਤੇ ਚਾਰ ਜੰਗਾਂ ਲੜ ਕੇ ਇਹ ਦੱਸ ਦਿੱਤਾ ਕਿ ਖਾਲਸਾ ਆਪਣੇ ਹੱਕਾਂ ਦੀ ਖ਼ਾਤਰ ਹੱਥ 'ਤੇ ਹੱਥ ਰੱਖ ਕੇ ਨਹੀਂ ਬੈਠੇਗਾ, ਸਗੋਂ ਆਪਣੇ ਫੈਸਲੇ ਖ਼ੁਦ ਕਰਿਆ ਕਰੇਗਾ, ਇਸ ਲਈ ਅਕਾਲ ਤਖਤ ਨੂੰ ਹੋਂਦ ਵਿੱਚ ਲਿਆਂਦਾ। ਅਕਾਲ ਤਖਤ ਇਮਾਰਤ ਦਾ ਨਾਂ ਨਹੀਂ ਇਹ ਸਗੋਂ ਖਾਲਸੇ ਦੀ ਅਜ਼ਾਦ ਹੋਂਦ ਦਾ ਪ੍ਰਤੀਕ ਹੈ।

7) ਗੁਰੂ ਹਰਿ ਰਾਏ ਸਾਹਿਬ ਜੀ ਨੇ ਦਵਾ ਖਾਨਾ ਖੋਹਲ ਕੇ ਤੇ ਘੋੜ ਸਵਾਰ ਭਰਤੀ ਕਰਕੇ ਖਾਲਸੇ ਨੂੰ ਪਰਉਪਕਾਰੀ ਬਣਾਇਆ।

**ਬਾਕੀ ਸਫਾ 14 'ਤੇ**

# ਪਾਠਕਾਂ ਦੇ ਸਵਾਲਾਂ ਦੇ ਜਵਾਬ

**ਸਵਾਲ—ਮੂਰਤੀ ਪੂਜਾ ਦਾ ਕੀ ਭਾਵ ਹੈ?**

**ਜਵਾਬ**—ਮੂਰਤੀ ਦਾ ਅਰਥ ਹੈ ਨਿੱਗਰਤਾ, ਬੁੱਤ, ਸਰੀਰ, ਅਕਾਰ ਤੇ ਵਜੂਦ ਹਿੰਦੂ ਮਤ ਵਿਚ ਮੂਰਤੀ ਦੀ ਪੂਜਾ ਹੁੰਦੀ ਹੈ, ਇਸ ਕਰਕੇ ਮੂਰਤੀ ਦਾ ਅਰਥ ਪੂਜਾ ਵਿਚ ਬਦਲ ਗਿਆ। ਭਾਈ ਕਾਨ੍ਹ ਸਿੰਘ ਨਾਭਾ ਮਹਾਨ ਕੋਸ਼ ਵਿਚ ਲਿਖਦੇ ਹਨ ਕਿ ਸਾਧੂ ਲੋਕ ਵੀ ਆਪਣੇ ਆਪ ਨੂੰ ਮੂਰਤੀ ਕਿਹਾ ਕਰਦੇ ਹਨ, ਜੋ ਮੁਰਾਦ ਸਤਿਕਾਰ ਯੋਗ ਸੰਤ ਦੀ ਵੀ ਲੈਂਦੇ ਹਨ, ਯਥਾ ਜੋ ਫ਼ਲ ਉਸ ਕੋਲੋਂ ਚਾਹੇ ਸੋ ਮਿਲ ਜਾਏ, ਉਹ ਸੰਤ ਹੈ ਯਾ ਉਹ ਪੂਜਾ ਯੋਗ ਹੈ।

ਜੋਗੀ, ਜਗਿਆਸੂ ਨੂੰ ਸਾਹਮਣੇ ਬਿਠਾ ਕੇ ਉਸ ਦੀਆਂ ਅੱਖਾਂ ਦੀਆਂ ਪੁਤਲੀਆਂ ਵਿੱਚ ਧਿਆਨ ਬੰਨਾਉਂਦੇ ਹਨ, ਜਦ ਉਸ ਨੂੰ ਆਪਣੀਆਂ ਅੱਖਾਂ ਵਿੱਚ ਮੂਰਤ ਦਿਸਣ ਲੱਗ ਪਵੇ ਤਦ ਕਹਿੰਦੇ ਹਨ ਕਿ ਤੂੰ ਆਪਣਾ ਸਵਰੂਪ ਦੇਖ ਲਿਆ ਹੈ---

ਗੁਰਮਤਿ ਅਨੁਸਾਰ ਮੂਰਤੀ ਪੂਜਾ ਫੋਕਟ ਕਰਮ ਹੈ- ਜੇਹਾ ਕਿ ਕਬੀਰ ਸਾਹਿਬ ਜੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 479 'ਤੇ ਬਚਨ ਲਿਖਦੇ ਹਨ—

**ਪਾਖਾਨ ਗਢਿ ਕੈ ਮੂਰਤਿ ਕੀਨ੍ਹੀ ਦੇ ਕੈ ਛਾਤੀ ਪਾਉ॥**
**ਜੇ ਏਹ ਮੂਰਤਿ ਸਾਚੀ ਹੈ ਤਉ ਗੜ੍ਹਣਹਾਰੇ ਖਾਉ ॥੩॥ (479)**

ਗੁਰੂ ਅਰਜਨ ਪਾਤਸ਼ਾਹ ਜੀ ਫੁਰਮਾਉਂਦੇ ਹਨ—

**ਘਰ ਮਹਿ ਠਾਕੁਰੁ ਨਦਰਿ ਨ ਆਵੈ॥**
**ਗਲ ਮਹਿ ਪਾਹਣੁ ਲੈ ਲਟਕਾਵੈ ॥੧॥**
**ਭਰਮੇ ਭੂਲਾ ਸਾਕਤੁ ਫਿਰਤਾ॥**
**ਨੀਰੁ ਬਿਰੋਲੈ ਖਪਿ ਖਪਿ ਮਰਤਾ ॥੧॥ ਰਹਾਉ ॥ (739)**

ਗੁਰਮਤਿ ਵਿਚ ਮੂਰਤੀ ਪੂਜਾ ਦਾ ਨਿਸ਼ੇਧ ਕੀਤਾ ਗਿਆ ਹੈ।

**ਸਵਾਲ—ਕੀ ਗੁਰਮਤ ਵਿਚ ਕੋਈ ਮੇਰ ਤੇਰ ਵੀ ਹੈ?**

**ਜਵਾਬ**—ਗੁਰਮਤਿ ਵਿਚ ਕੋਈ ਮੇਰ ਤੇਰ ਨਹੀਂ ਹੈ, ਅਨੀਤੀ ਅਤੇ ਅਧਰਮ ਨਾਲ ਮਿਲਿਆ, ਪੱਖ-ਪਾਤ ਅਰ ਅਵਿਦਿਆ ਸਹਿਤ ਵਿਚਰਨਾ ਮੇਰ ਤੇਰ ਹੁੰਦਾ ਹੈ। ਗੁਰਬਾਣੀ ਇਸ ਨੂੰ ਰੱਦ ਕਰਦੀ ਹੈ—

**ਮੇਰਾ ਤੇਰਾ ਛੋਡੀਐ ਭਾਈ ਹੋਈਐ ਸਭ ਕੀ ਧੂਰਿ॥**
**ਘਟਿ ਘਟਿ ਬ੍ਰਹਮੁ ਪਸਾਰਿਆ ਭਾਈ ਪੇਖੈ ਸੁਣੈ ਹਜੂਰਿ॥ (640)**

**ਸਵਾਲ—ਮੋਹ ਦੀ ਕੀ ਵਿਆਖਿਆ ਹੈ?**

**ਜਵਾਬ**—ਆਪਣੇ ਫ਼ਰਜ਼ ਦੇ ਪਾਲਣ ਵਾਸਤੇ ਯੋਗਯ ਸਨੇਹ ਅਰ ਪ੍ਰੇਮ ਕਰਨਾ ਮੋਹ ਨਹੀਂ, ਅਗਿਆਨ ਕਰਕੇ ਜਗਤ ਪਦਾਰਥਾਂ ਵਿੱਚ ਮਨ ਖਚਿਤ ਕਰਕੇ ਲੰਪਟ ਹੋ ਜਾਣ ਦਾ ਨਾਉਂ ਮੋਹ ਹੈ—

**ਮੋਹੁ ਅਰੁ ਭਰਮੁ ਤਜਹੁ ਤੁਮ੍ ਬੀਰ॥**
**ਸਾਚੁ ਨਾਮੁ ਰਿਦੇ ਰਵੈ ਸਰੀਰ ॥੧॥ ਰਹਾਉ॥**
**ਸਚੁ ਨਾਮੁ ਜਾ ਨਵ ਨਿਧਿ ਪਾਈ॥**
**ਰੋਵੈ ਪੂਤੁ ਨ ਕਲਪੈ ਮਾਈ॥੨॥ (356)**

**ਸਵਾਲ—ਮੰਗਣ ਤੋਂ ਕੀ ਭਾਵ ਹੈ?**

**ਜਵਾਬ**—ਗੁਰਮਤਿ ਵਿਚ ਮੰਗਣਾ ਮਹਾਂਪਾਪ ਹੈ ਅਰ ਨਿਸ਼ਿੱਧ ਕਰਮ ਹੈ-

**ਹਰਿ ਇਕੋ ਦਾਤਾ ਮੰਗੀਐ ਮਨ ਚਿੰਦਿਆ ਪਾਈਐ॥**
**ਜੇ ਦੂਜੇ ਪਾਸਹੁ ਮੰਗੀਐ ਤਾ ਲਾਜ ਮਰਾਈਐ॥ (590)**

**ਸਵਾਲ—ਕੀ ਮੰਗਤੇ ਦੀ ਸਹਾਇਤਾ ਕਰਨੀ ਚਾਹੀਦੀ ਹੈ?**

**ਜਵਾਬ**—ਕਿਸੇ ਲੋੜਵੰਦ ਦੀ ਲੋੜ ਨੂੰ ਪੂਰਾ ਕਰਨਾ ਸਿੱਖੀ ਦਾ ਮੁੱਖ ਮਨੋਰਥ ਹੈ ਪਰ ਵਿਹਲੜ, ਨਿਖੱਟੂ ਮੰਗਣ ਵਾਲੇ ਲੋਕਾਂ ਨੂੰ ਕਦੇ ਵੀ ਮੂੰਹ ਨਹੀਂ ਲਗਾਉਣਾ ਚਾਹੀਦਾ। ਗੁਰੂ ਨਾਨਕ ਸਾਹਿਬ ਜੀ ਫੁਰਮਾਉਂਦੇ ਹਨ—

**ਭੁਖੇ ਮੁਲਾਂ ਘਰੇ ਮਸੀਤਿ॥ ਮਖਟੂ ਹੋਇ ਕੈ ਕੰਨ ਪੜਾਏ ॥**
**ਫਕਰੁ ਕਰੇ ਹੋਰੁ ਜਾਤਿ ਗਵਾਏ॥ ਗੁਰੁ ਪੀਰੁ ਸਦਾਏ ਮੰਗਣ ਜਾਇ॥**
**ਤਾ ਕੈ ਮੂਲਿ ਨ ਲਗੀਐ ਪਾਇ॥ ਘਾਲਿ ਖਾਇ ਕਿਛੁ ਹਥਹੁ ਦੇਇ॥**
**ਨਾਨਕ ਰਾਹੁ ਪਛਾਣਹਿ ਸੇਇ ॥1॥ ਪੰਨਾ 1245**

**ਸਵਾਲ—ਕਈ ਲੋਕ ਮੰਗਣ ਨੂੰ ਆਪਣਾ ਹੱਕ ਸਮਝਦੇ ਹਨ ਕੀ ਇਹ ਠੀਕ ਹੈ?**

**ਜਵਾਬ**—ਭਾਈ ਕਾਨ੍ਹ ਸਿੰਘ ਜੀ ਨਾਭਾ ਗੁਰਮਤਿ ਮਾਰਤੰਡ ਦੇ ਪੰਨਾ 788 'ਤੇ ਲਿਖਦੇ ਹਨ—ਮੰਗ ਕੇ ਖਾਣਾ ਅਭੱਖ ਖਾਣਾ ਹੈ, ਕਈ ਸਿੱਖ, ਗੁਵਾਂਢੀ ਮੰਗਤਿਆਂ ਨੂੰ ਦੇਖ ਕੇ ਮੰਗਣ ਲੱਗ ਪਏ ਹਨ, ਬਹੁਤ ਗੁਰਦੁਆਰੀਏ ਭੀ ਹੱਥ ਪਸਾਰਦੇ ਨਹੀਂ ਸ਼ਰਮਾਉਂਦੇ। ਵਾਸਤਾਵ ਵਿੱਚ ਮੰਗਣ ਵਾਲਾ ਸਿੱਖ ਤਨਖਾਹੀਆ ਹੈ, ਪੁਰਾਣੇ ਬਿਹੰਗਮ ਸਿੱਖਾਂ ਨੂੰ ਜੇ ਕੋਈ ਮਾਇਆ ਦਿੰਦਾ ਸੀ, ਤਾਂ ਉਹ ਹੱਥ ਉੱਤੇ ਕਦੇ ਨਹੀਂ ਰਖਾਉਂਦੇ ਸੀ, ਕਿਉਂਕਿ ਹੱਥ ਪਸਾਰਨਾ ਪਾਪ ਸਮਝਦੇ ਸੀ, ਦੇਣ ਵਾਲਾ ਆਪਣੀ ਤਲ਼ੀ ਉੱਪਰ ਮਾਇਆ ਰੱਖਦਾ ਸੀ ਅਤੇ ਬਿਹੰਗਮ ਹੱਥ ਤੋਂ ਇਉਂ ਉਠਾ ਲੈਂਦਾ ਸੀ। ਜਿਸ ਤਰ੍ਹਾਂ ਰਾਜੇ ਪਰਜਾ ਤੋਂ ਨਜ਼ਰ ਲੈਂਦੇ ਹਨ।

**ਸਵਾਲ—ਮੰਗਲ਼ (ਖ਼ੁਸ਼ੀ) ਕਿਸ ਤਰ੍ਹਾਂ ਆ ਸਕਦੀ ਹੈ?**

**ਜਵਾਬ**—ਦੇਵੀ ਦੇਵਤੇ ਦੀ ਪੂਜਾ ਕਰਕੇ ਜੋ ਵਿਘਨਾਂ ਦਾ ਨਾਸ਼ ਅਤੇ ਨਿੱਤ ਮੰਗਲ (ਖੁਸ਼ੀ) ਚਾਹੁੰਦੇ ਹਨ, ਉਹ ਅਗਿਆਨੀ ਹਨ। ਮੰਗਲ ਦੀ ਪ੍ਰਾਪਤੀ ਕੇਵਲ ਅਕਾਲ ਦੀ ਸ਼ਰਣ ਵਿੱਚ ਆ ਕੇ ਹੀ ਹੁੰਦੀ ਹੈ—

**ਮੰਗਲੁ ਤਿਸ ਕੈ ਜਿਸੁ ਏਕੁ ਕਾਮੁ ॥**
**ਤਿਸੁ ਸਦ ਬਸੰਤੁ ਜਿਸੁ ਰਿਦੈ ਨਾਮੁ ॥ (1180)**

**ਸਵਾਲ—ਮੰਤ੍ਰ-ਜੰਤ੍ਰ-ਤੰਤ੍ਰ ਤੋਂ ਕੀ ਭਾਵ ਹੈ?**

**ਜਵਾਬ**—ਵਾਸਤਵ ਵਿਚ ਮੰਤ੍ਰ ਦਾ ਅਰਥ ਸਲਾਹ ਮਸ਼ਵਰਾ, ਯੰਤ੍ਰ ਦਾ ਅਰਥ ਕਲਾ ਤੇ ਤੰਤ੍ਰ ਦਾ ਅਰਥ ਪਦਾਰਥ ਦਾ ਮਿਲਾਪ ਹੈ।

ਤਾਂਤ੍ਰਿਕਾਂ ਨੇ ਕਿਸੇ ਖ਼ਾਸ ਸ਼ਬਦ ਜਾਂ ਦੇ ਜਪ ਦਾ ਨਾਉਂ ਮੰਤ੍ਰ, ਭੋਜ-ਪੱਤਰਾਂ ਕਾਗ਼ਜ਼ਾਂ ਆਦਿ ਪਰ ਲਿਖੇ ਦਾ ਨਾਉਂ ਜੰਤ੍ਰ, ਅਰ ਟੂਣਿਆਂ ਦਾ ਨਾਉਂ ਤੰਤ੍ਰ ਕਲਪ ਲਿਆ ਹੈ। ਗੁਰਮਤਿ ਵਿੱਚ ਐਸੇ ਮੰਤ੍ਰ ਤੰਤ੍ਰ ਨਿਸ਼ੇਧ ਕੀਤੇ ਗਏ ਹਨ ਸ਼ੋਕ (ਦੁੱਖ) ਹੈ! ਗੁਰਬਾਣੀ ਨੂੰ ਨਿੱਤ ਪੜ੍ਹਦੇ ਹੋਏ ਭੀ ਅਨੇਕ-ਸਿੱਖ ਭਾਈ {ਮੰਤ੍ਰ ਜਾਪ} ਸ਼ਰਧਾ ਪੂਰਕ ਆਦਿ ਪੁਸਤਕਾਂ ਰਚ ਕੇ ਮੰਤ੍ਰਾਂ ਦੇ ਜਪ ਦੀ ਗਿਣਤੀ ਆਸਨ ਤੇ ਮਾਲਾ ਦੇ ਵੱਖ-ਵੱਖ ਫ਼ਲ ਦਸ ਕੇ ਲੋਕਾਂ ਨੂੰ ਗੁਮਰਾਹ ਕਰ ਰਹੇ ਹਨ—

**ਅਨਕ ਪੁਨਹਚਰਨ ਕਰਤ ਨਹੀ ਤਰੈ॥**
**ਹਰਿ ਕੇ ਨਾਮੁ ਕੋਟ ਪਾਪ ਪਰਹਰੈ॥ (264)**

ਅਨੇਕ ਧਾਰਮਿਕ ਕਰਮ ਕਰਕੇ ਭੀ ਮਨੁੱਖ ਪਾਪਾਂ ਤੋਂ ਨਹੀਂ ਬਚ ਸਕਦਾ, ਕੇਵਲ ਰੱਬ ਜੀ ਦਾ ਨਾਮ ਹੀ ਭਾਵ ਸ਼ੁਭ ਗੁਣਾਂ ਨੂੰ ਧਾਰਨ ਕਰਕੇ ਹੀ ਬਚ ਸਕਦਾ ਹੈ।

ਤੰਤੁ ਮੰਤੁ ਪਾਖੰਡੁ ਨ ਜਾਣਾ, ਰਾਮੇ ਰਿਦੈ ਮਨੁ ਮਾਨਿਆ॥ ਪੰਨਾ 766

-0-




# ਤਨੁ ਧਨੁ ਜਿਹ ਤੋ ਕਉ...

## ਸਲੋਕ ੭
## ਹੁੰਦਿਆਂ ਸੁੰਦਿਆਂ ਕਿਉਂ ਰੌਂਦਾ ਏਂ?

**ਭੂਮਿਕਾ—** ਇਸ ਸਲੋਕ ਵਿੱਚ ਮਨੁੱਖ ਨੂੰ ਆਪੇ ਦਾ ਅਹਿਸਾਸ ਕਰਾਇਆ ਗਿਆ ਹੈ। ਗੁਰਦੇਵ ਪਿਤਾ ਜੀ ਲੁਕਾਈ ਨੂੰ ਸਮਝਾਉਂਦੇ ਹਨ ਕਿ ਨਿਮਾਣਾ ਜੇਹਾ ਹੋ ਕੇ ਨਾ ਵਿਚਰ ਸਗੋਂ ਅਣਖ਼ ਨਾਲ ਜ਼ਿੰਦਗੀ ਜਿਊਣ ਦਾ ਜਤਨ ਕਰ। ਹੁਣ ਤੰਦਰੁਸਤ ਸਰੀਰ ਹੈ ਨੌਕਰੀ ਵੀ ਬਹੁਤ ਵਧੀਆ ਹੈ ਪਰ ਬੰਦਿਆ ਤੂੰ ਜ਼ਲੀਲ ਕਿਉਂ ਹੋ ਰਿਹਾ ਏਂ? ਅਤੁਰ ਜਾਂ ਨਿਮਾਣਾ ਜੇਹਾ ਕਦੋਂ ਹੁੰਦਾ ਹੈ? ਝਿੜਕਾਂ ਕਦੋਂ ਖਾਦਾ ਹੈ? ਇਸ ਦਾ ਉੱਤਰ ਹੈ ਕਿ ਜਦੋਂ ਦਿੱਤੇ ਹੋਏ ਕੰਮ ਨੂੰ ਸਮੇਂ ਸਿਰ ਨਹੀਂ ਕਰਦਾ ਤੇ ਆਪਣੀ ਡਿਊਟੀ ਤੋਂ ਵੀ ਹਰ ਰੋਜ਼ ਲੇਟ ਹੁੰਦਾ ਹੈ। ਫਿਰ ਸਫ਼ਾਈਆਂ ਦੇਣ ਲਈ ਨਿਮਾਣਾ ਜੇਹਾ ਬਣ ਜਾਂਦਾ ਹੈ। ਇਸ ਸਲੋਕ ਵਿਚ ਇਕ ਗੱਲ ਦਾ ਅਹਿਸਾਸ ਕਰਾਇਆ ਗਿਆ ਹੈ ਕਿ ਜੇ ਤੈਨੂੰ ਤੰਦਰੁਸਤ ਸਰੀਰ ਤੇ ਚੰਗੀ ਨੌਕਰੀ ਮਿਲ ਹੈ ਤਾਂ ਉਸ ਨੂੰ ਸ਼ੌਂਕ ਨਾਲ ਕਰ। ਬਹਾਨੇ ਲਾ ਕੇ ਡਿਊਟੀ ਨਾ ਕਰ ਸਗੋਂ ਉੱਦਮੀ ਹੋ ਕੇ ਕੰਮ ਸੰਭਾਲ਼।



ਪ੍ਰਿੰ. ਗੁਰਬਚਨ ਸਿੰਘ ਪੰਨਵਾਂ
99155-29725

ਇਕ ਅਧਿਆਪਕ ਜ਼ਿਆਦਾਤਰ ਸਮੇਂ ਸਿਰ ਸਕੂਲੇ ਨਹੀਂ ਜਾਂਦਾ, ਤਾਂ ਉਸ ਨੂੰ ਪ੍ਰਿੰਸੀਪਲ ਦੇ ਸਾਹਮਣੇ ਮੁਆਫ਼ੀਆਂ ਮੰਗਣੀਆਂ ਪੈਂਦੀਆਂ ਹਨ। ਮੁਆਫ਼ੀ ਮੰਗਣ ਲਈ ਬਹੁਤ ਨੀਵਾਂ ਹੋਣਾ ਪੈਂਦਾ ਹੈ ਤੇ ਬੇ-ਲੋੜੀਆਂ ਸਫ਼ਾਈਆਂ ਦੇਣੀਆਂ ਪੈਂਦੀਆਂ ਹਨ। ਇਸ ਸਲੋਕ ਵਿੱਚ ਬੜਾ ਪਿਆਰਾ ਸੁਨੇਹਾ ਮਿਲਦਾ ਹੈ ਕਿ ਜਿਹੜੀ ਵੀ ਤੈਨੂੰ ਜ਼ਿੰਮੇਵਾਰੀ ਮਿਲੀ ਹੈ ਉਸ ਨੂੰ ਮਨ ਮਾਰ ਕੇ ਕਰਨ ਦਾ ਜਤਨ ਕਰ। ਹੁੰਦਿਆਂ ਸੁੰਦਿਆਂ ਕਿਉਂ ਝਿੜਕਾਂ ਖਾ ਰਿਹਾ ਏਂ?

**ਸਲੋਕ—**

*ਤਨੁ ਧਨੁ ਜਿਹ ਤੋ ਕਉ ਦੀਓ ਤਾਂ ਸਿਉ ਨੇਹੁ ਨ ਕੀਨ॥*

*ਕਹੁ ਨਾਨਕ ਨਰ ਬਾਵਰੇ ਅਬ ਕਿਉ ਡੋਲਤ ਦੀਨ॥੭॥*

**ਪਦ ਅਰਥ—** ਜਿਹ-ਜਿਸ (ਪ੍ਰਮਾਤਮਾ) ਨੇ। ਤੋ ਕਉ-ਤੈਨੂੰ। ਤਾਂ ਸਿਉ-ਉਸ (ਪ੍ਰਮਾਤਮਾ) ਨਾਲ। ਨੇਹੁ-ਪਿਆਰ। ਨਰ ਬਾਵਰੇ-ਹੇ ਝੱਲੇ ਮਨੁੱਖ! ਦੀਨ-ਅਤੁਰ।

**ਅੱਖਰੀ ਅਰਥ—** ਜਿਸ ਪ੍ਰਮਾਤਮਾ ਨੇ ਤੈਨੂੰ ਸਰੀਰ ਦਿੱਤਾ, ਧਨ ਦਿੱਤਾ, ਤੂੰ ਉਸ ਨਾਲ ਪਿਆਰ ਨਾ ਪਾਇਆ।

ਹੇ ਨਾਨਕ ਆਖ!—ਭਾਵ ਗੁਰੂ ਤੇਗ ਬਹਾਦਰ ਸਾਹਿਬ ਜੀ ਫ਼ੁਰਮਾਉਂਦੇ ਹਨ—ਜਿਸ ਪ੍ਰਮਾਤਮਾ ਨੇ ਤੈਨੂੰ ਸਰੀਰ ਦਿੱਤਾ, ਧਨ ਦਿੱਤਾ, ਤੂੰ ਉਸ ਨਾਲ ਪਿਆਰ ਨਾਹ ਪਾਇਆ।

ਹੇ ਝੱਲੇ ਮਨੁੱਖ! ਹੁਣ ਅਤੁਰ ਹੋ ਕੇ ਘਬਰਾਇਆ ਕਿਉਂ ਫਿਰਦਾ ਹੈਂ?

**ਵਿਚਾਰ ਚਰਚਾ ਤੇ ਵਿਹਾਰਕ ਪੱਖ—**

ਇਸ ਸਲੋਕ ਵਿਚ ਗੁਰਦੇਵ ਪਿਤਾ ਜੀ ਨੇ ਸਮਝਾਇਆ ਹੈ, ਕਿ ਬੰਦਿਆ! ਜੇ ਤੈਨੂੰ ਤੰਦਰੁਸਤ ਸਰੀਰ ਤੇ ਵਰਤੋਂ ਵਿਹਾਰ ਲਈ ਧਨ-ਦੌਲਤ ਮਿਲੀ ਹੋਈ ਹੈ ਤਾਂ ਫਿਰ ਵੀ ਗਿਲੇ ਸ਼ਿਕਵੇ ਕਿਉਂ ਕਰਦਾ ਰਹਿੰਦਾ ਏਂ। *"ਤਨੁ ਧਨੁ ਜਿਹ ਤੋ ਕਉ ਦੀਓ"* ਤੰਦਰੁਸਤ ਸਰੀਰ ਤੇ ਵਰਤਣ ਲਈ ਧਨ ਦੌਲਤ ਮਿਲੀ ਹੋਈ ਹੈ, ਪਰ ਫਿਰ ਤੂੰ ਰੱਬ ਨਾਲ ਪਿਆਰ ਕਿਉਂ ਨਹੀਂ ਕਰਦਾ। *"ਤਾਂ ਸਿਉ ਨੇਹੁ ਨਾ ਕੀਨ"*—ਰੱਬ ਨਾਲ ਪਿਆਰ ਤੋਂ ਭਾਵ ਕਿ ਇਮਾਨਦਾਰੀ ਨਹੀਂ ਰੱਖ ਰਿਹਾ, ਆਪਣੇ ਜ਼ਿੰਮੇਵਾਰੀ ਪ੍ਰਤੀ ਸੁਚੇਤ ਨਹੀਂ ਹੈ। ਸਰਕਾਰੀ ਮਹਿਕਮਿਆਂ ਵਿੱਚ ਅਕਸਰ ਦੇਖਣ ਵਿੱਚ ਆਉਂਦਾ ਹੈ, ਲੱਗਦੇ ਚਾਰੇ ਮੁਲਾਜ਼ਮ ਲੇਟ ਹੀ ਹੁੰਦੇ ਹਨ। ਇਹ ਉਨ੍ਹਾਂ ਲੋਕਾਂ 'ਤੇ ਸਵਾਲ ਹੈ ਕਿ ਜੇ ਤੈਨੂੰ ਅਵਸਰ ਵਧੀਆ ਮਿਲਿਆ ਹੈ, ਤਾਂ ਫਿਰ ਤੂੰ ਕੰਮ ਚੋਰ ਕਿਉਂ ਏਂ? ਲ਼ੇਟ ਆਉਣ 'ਤੇ ਹਰ ਰੋਜ਼ ਵੱਡਾ ਅਫ਼ਸਰ ਲਾਹ-ਪਾਹ ਕਰਦਾ ਹੈ, ਪਰ ਬੰਦਾ ਅੱਤ ਢੀਠ ਹੋ ਕੇ ਸਾਰਾ ਕੁਝ ਸੁਣੀ ਜਾਂਦਾ ਹੈ, ਪਰ ਆਪਣੇ ਆਪ ਨੂੰ ਬਦਲਣ ਲਈ ਤਿਆਰ ਨਹੀਂ ਹੁੰਦਾ।

*ਰਾਹ ਦੋਵੈ ਇਕੁ ਜਾਣੈ ਸੋਈ ਸਿਝਸੀ॥*

*ਕੁਫਰ ਗੋਅ ਕੁਫਰਾਣੈ ਪਇਆ ਦਝਸੀ॥* (੧੪੨)

ਜਦੋਂ ਜੀਵਨ ਵਿੱਚ ਸਾਰਾ ਕੁੱਝ ਸਹੀ ਚੱਲ ਰਿਹਾ ਹੈ, ਤਾਂ ਫਿਰ ਜਾਣ ਬੁਝ ਕੇ ਅਤੁਰ ਜੇਹਾ ਨਿਮਾਣਾ ਜੇਹਾ ਹੋ ਕੇ ਪੇਸ਼ ਕਿਉਂ ਹੋ ਰਿਹਾ ਏਂ? ਇੰਝ ਲੱਗਦਾ ਹੈ ਜਿਵੇਂ ਮਨੁੱਖ ਨੂੰ ਆਪਣੇ ਆਪ 'ਤੇ ਵਿਸ਼ਵਾਸ ਹੀ ਨਾ ਹੋਵੇ। ਇਕ ਕਿਰਸਾਨ ਨੇ ਆਪਣੇ ਬੱਚੇ ਨੂੰ ਟ੍ਰੈਕਟਰ, ਖਾਦ, ਬੀਜ ਦੇ ਕੇ ਪੈਲ਼ੀ ਵਿੱਚ ਭੇਜਿਆ, ਕਿ ਜਾਹ ਫਸਲ ਬੀਜ ਆ। ਬਾਪ ਘਰ ਦੇ ਕਿਸੇ ਹੋਰ ਕੰਮ ਲਈ ਸ਼ਹਿਰ ਚਲਿਆ ਜਾਏ ਤੇ ਬੱਚਾ ਅੱਖ ਬਚਾ ਕੇ ਦੋਸਤਾਂ ਨਾਲ ਟੂਰਨਾਮੈਂਟ ਦੇਖਣ ਚਲਾ ਜਾਏ। ਸ਼ਾਮ ਨੂੰ ਜਦੋਂ ਬਾਪ ਘਰ ਆਏਗਾ ਤੇ ਪੁੱਛੇਗਾ, ਪੁੱਤਰ ਜੀ! ਫਸਲ ਬੀਜ ਦਿੱਤੀ ਹੈ? ਬੱਚੇ ਕੋਲ ਟ੍ਰੈਕਟਰ, ਬੀਜ, ਖਾਦ ਤਾਂ ਸੀ, ਪਰ ਉਸ ਨੇ ਸਹੀ ਸਮੇਂ ਸਿਰ ਸਹੀ ਕੰਮ ਨਹੀਂ ਕੀਤਾ। ਬਾਪ ਪੁੱਛ ਪੜਤਾਲ ਤਾਂ ਕਰੇਗਾ ਹੀ। ਹੁਣ ਬੱਚੇ ਨੂੰ ਆਪਣੀ ਜ਼ਿੰਮੇਵਾਰੀ ਨਾ ਨਿਭਾਉਣ ਕਰਕੇ ਸਾਰਿਆਂ ਦੇ ਸਾਹਮਣੇ ਸ਼ਰਮਿੰਦਗੀ ਉਠਾਉਣੀ ਪਏਗੀ—

*ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥ ਨਾਨਕ ਅਵਰੁ ਨ ਜੀਵੈ ਕੋਇ॥*

(੧੪੨)

1. ਤਨ ਤੇ ਧਨ ਰੱਬ ਜੀ ਨੇ ਦਿੱਤਾ ਹੈ, ਤਾਂ ਰੱਬ ਨਾਲ ਪ੍ਰੇਮ ਕਿਉਂ ਨਹੀਂ ਕਰਦਾ?

2. ਸਾਡੇ ਸਰੀਰ ਅੰਦਰ ਦਿਮਾਗ ਹੈ, ਤੇ ਉਸ ਵਿੱਚ ਪ੍ਰਮਾਤਮਾ ਸੱਚ ਦੇ ਰੂਪ ਵਿੱਚ ਬੈਠਾ ਹੈ। ਫਿਰ ਮੈਨੂੰ ਸੱਚ ਨਾਲ ਪਿਆਰ ਕਰਨਾ ਚਾਹੀਦਾ ਹੈ।

3. ਤਨ ਤੇ ਧਨ ਨਾਲ ਪਿਆਰ ਦਾ ਭਾਵ ਹੈ ਲੂਣ ਖਾ ਕੇ ਹਰਾਮ ਨਾ ਕਰਾਂ।

4. ਜਿੱਥੇ ਵੀ ਹੋਵਾਂ, ਉੱਥੇ ਅਕ੍ਰਿਤਘਣਾਂ ਵਾਲੀ ਬਿਰਤੀ ਨਾ ਹੋ ਜਾਵੇ।

# ਵਿਸਾਖੀ: ਖਾਲਸਾ ਸਾਜਨਾ ਦਿਵਸ

**ਪਰਮਜੀਤ ਸਿੰਘ 'ਸੁਚਿੰਤਨ' 9779124500**

**ਵਿਸਾਖੀ ਦਾ ਪਿਛੋਕੜ–**

'ਵਿਸਾਖੀ' ਸ਼ਬਦ ਦਾ ਮੂਲ ਸੰਸਕ੍ਰਿਤ ਦੇ 'ਵੈਸਾਖ' ਮਹੀਨੇ ਨਾਲ ਜੁੜਿਆ ਹੋਇਆ ਹੈ। ਭਾਰਤੀ ਸੂਰਜੀ ਕੈਲੰਡਰ ਅਨੁਸਾਰ, 'ਵੈਸਾਖ' ਨਵੇਂ ਸਾਲ ਦੀ ਸ਼ੁਰੂਆਤ ਮੰਨੀ ਜਾਂਦੀ ਹੈ। ਕੈਲੰਡਰ ਵਿੱਚ ਇਹ ਦਿਨ ਅਪ੍ਰੈਲ ਮਹੀਨੇ ਦੇ ਮੱਧ ਵਿੱਚ ਆਉਂਦਾ ਹੈ, ਜਦੋਂ ਹਾੜੀ ਦੀ ਫਸਲ, ਖ਼ਾਸ ਕਰਕੇ ਕਣਕ, ਪੂਰੀ ਤਰ੍ਹਾਂ ਤਿਆਰ ਹੋ ਜਾਂਦੀ ਹੈ।

ਸੰਨ ੧੬੯੯ ਈ. ਤੋਂ ਪਹਿਲਾਂ ਵੀ, ਵਿਸਾਖੀ ਆਮ ਪੰਜਾਬੀ ਲੋਕਾਂ ਲਈ ਇੱਕ ਮਹੱਤਵਪੂਰਨ ਤਿਉਹਾਰ ਸੀ। ਪਿੰਡਾਂ ਵਿੱਚ ਮੇਲੇ ਲੱਗਦੇ ਸਨ, ਲੋਕ ਗੀਤ ਗਾਏ ਜਾਂਦੇ ਸਨ ਅਤੇ ਭੰਗੜਾ-ਗਿੱਧਾ ਪਾਇਆ ਜਾਂਦਾ ਸੀ। ਇਹ ਤਿਉਹਾਰ ਸਮੂਹਕ ਜੀਵਨ, ਸਾਂਝੀ ਖੁਸ਼ੀ ਅਤੇ ਆਪਸੀ ਭਰੋਸੇ ਨੂੰ ਮਜ਼ਬੂਤ ਕਰਦਾ ਸੀ। ਵਿਸਾਖੀ ਦੇ ਮੇਲੇ ਸਿਰਫ਼ ਮਨੋਰੰਜਨ ਤੱਕ ਸੀਮਿਤ ਨਹੀਂ ਹੁੰਦੇ ਸਨ, ਸਗੋਂ ਇਹ ਪਿੰਡ ਦੀ ਆਰਥਿਕ ਅਤੇ ਸਮਾਜਿਕ ਜ਼ਿੰਦਗੀ ਦਾ ਕੇਂਦਰ ਹੁੰਦੇ ਸਨ। ਵਪਾਰ, ਵਿਆਹ-ਸਬੰਧ ਅਤੇ ਸਮਾਜਿਕ ਫੈਸਲੇ, ਅਕਸਰ ਇਨ੍ਹਾਂ ਮੇਲਿਆਂ ਨਾਲ ਜੁੜੇ ਹੁੰਦੇ ਸਨ।

ਅੱਜ ਵੀ ਅਰਥ ਵਿਵਸਥਾ ਅਤੇ ਸੱਭਿਆਚਾਰਕ ਪੱਖੋਂ ਵਿਸਾਖੀ ਦੀ ਆਪਣੀ ਇੱਕ ਅਹਿਮੀਅਤ ਹੈ। ਵਿਸਾਖੀ ਕਿਸਾਨੀ ਜੀਵਨ ਦਾ ਕੇਂਦਰ ਹੈ। ਇਹ ਮਨੁੱਖ ਅਤੇ ਕੁਦਰਤ ਦੇ ਸਾਂਝੇ ਰਿਸ਼ਤੇ ਨੂੰ ਉਜਾਗਰ ਕਰਦੀ ਹੈ। ਪੰਜਾਬ ਦੀ ਖੇਤੀਬਾੜੀ ਆਧਾਰਿਤ ਜੀਵਨ-ਪ੍ਰਣਾਲੀ ਵਿੱਚ ਵਿਸਾਖੀ ਖੁਸ਼ਹਾਲੀ, ਸੰਤੋਖ ਅਤੇ ਸ਼ੁਕਰਾਨੇ ਦਾ ਪ੍ਰਤੀਕ ਹੈ। ਖੇਤਾਂ ਵਿੱਚ ਲਹਿਰਾਂ ਮਾਰਦੀ ਸੋਨੇ ਵਰਗੀ ਕਣਕ ਕਿਸਾਨ ਦੀ ਸਾਲ ਭਰ ਦੀ ਮਿਹਨਤ, ਆਸ ਅਤੇ ਧੀਰਜ ਦਾ ਫਲ ਹੁੰਦੀ ਹੈ। ਇਸ ਦਿਨ ਕਿਸਾਨ ਕੁਦਰਤ ਅਤੇ ਅਕਾਲ ਪੁਰਖ ਦਾ ਧੰਨਵਾਦ ਕਰਦਾ ਹੈ। ਸਭਿਆਚਾਰਕ ਤੌਰ 'ਤੇ, ਪੰਜਾਬੀ ਪਹਿਰਾਵਾ, ਲੋਕ ਨਾਚ, ਲੋਕ ਗੀਤ ਅਤੇ ਮੇਲੇ ਵਿਸਾਖੀ ਨੂੰ ਰੰਗੀਨ ਅਤੇ ਜੀਵਤ ਬਣਾਉਂਦੇ ਹਨ। ਇਹ ਤਿਉਹਾਰ ਪੀੜ੍ਹੀ-ਦਰ-ਪੀੜ੍ਹੀ ਸਭਿਆਚਾਰਕ ਵਿਰਾਸਤ ਨੂੰ ਸਾਂਭ ਕੇ ਰੱਖਦਾ ਹੈ।

**ਖ਼ਾਲਸਾ ਸਾਜਨਾ ਦਿਵਸ–**

ਸੰਨ ੧੬੯੯ ਈ. ਦੀ ਵਿਸਾਖੀ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਵਿਖੇ ਖ਼ਾਲਸਾ ਪੰਥ ਦੀ ਸਾਜਨਾ ਕਰਕੇ, ਨਾ ਸਿਰਫ਼ ਸਿੱਖ ਕੌਮ ਨੂੰ ਨਵਾਂ ਸਰੂਪ ਬਖ਼ਸ਼ਿਸ਼ ਕੀਤਾ ਸਗੋਂ ਸਮੁੱਚੀ ਮਨੁੱਖਤਾ ਨੂੰ ਇੱਕ ਨਵੀਂ ਦਿਸ਼ਾ ਦਿੱਤੀ। 'ਖ਼ਾਲਸਾ ਸਾਜਨਾ ਦਿਵਸ' ਮਨੁੱਖੀ ਇਤਿਹਾਸ ਦੀ ਇੱਕ ਅਤਿ ਮਹੱਤਵਪੂਰਨ ਘਟਨਾ ਹੋ ਨਿਬੜੀ ਹੈ। ਇਸ ਇਤਿਹਾਸਕ ਘਟਨਾ ਨੂੰ ਸਮਝਣ ਲਈ, ਉਸ ਸਮੇਂ ਦੇ ਰਾਜਨੀਤਿਕ, ਧਾਰਮਿਕ, ਸਮਾਜਿਕ ਅਤੇ ਆਰਥਿਕ ਹਾਲਾਤਾਂ ਦਾ ਅਧਿਐਨ ਕਰਨਾ ਜ਼ਰੂਰੀ ਹੈ। ਉਸ ਸਮੇਂ ਦੇ ਹਾਲਾਤ ਹੇਠ ਲਿੱਖੇ ਅਨੁਸਾਰ ਸਨ –

**ਸਮਕਾਲੀ ਹਾਲਾਤ–**

੧੭ ਵੀਂ ਸਦੀ ਦੇ ਅੰਤਲੇ ਦੌਰ ਵਿੱਚ ਭਾਰਤ 'ਤੇ ਮੁਗਲ ਬਾਦਸ਼ਾਹ ਔਰੰਗਜ਼ੇਬ ਦਾ ਰਾਜ ਸੀ। ਉਸ ਦੀ ਧਾਰਮਿਕ ਨੀਤੀ ਬਹੁਤ ਕਠੋਰ ਅਤੇ ਅਸਹਿਣਸ਼ੀਲ ਮੰਨੀ ਜਾਂਦੀ ਹੈ। ਜ਼ਜ਼ੀਆ ਟੈਕਸ ਦੀ ਮੁੜ ਸ਼ੁਰੂਆਤ (ਸੰਨ ੧੬੭੯ ਈ.), ਜ਼ਿੰਮੀਦਾਰੀ ਪ੍ਰਣਾਲੀ ਅਤੇ ਕਈ ਹਿੰਦੂ ਧਾਰਮਿਕ ਕੇਂਦਰਾਂ ਦੀ ਤਬਾਹੀ ਨੇ ਸਮਾਜ ਵਿੱਚ ਅਸੰਤੋਸ਼ ਵਧਾਇਆ।

ਇਸ ਤੋਂ ਪਹਿਲਾਂ ਕਸ਼ਮੀਰੀ ਪੰਡਤਾਂ ਦੀ ਧਾਰਮਿਕ ਆਜ਼ਾਦੀ ਲਈ, ਸੰਨ ੧੬੭੫ ਈ. ਵਿੱਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਆਪਣੀ ਸ਼ਹਾਦਤ ਦੇ ਦਿੱਤੀ ਸੀ। ਗੁਰੂ ਸਾਹਿਬ ਜੀ ਦੀ ਸ਼ਹਾਦਤ ਨੇ ਸਿੱਖ ਇਤਿਹਾਸ ਵਿੱਚ ਵੱਡਾ ਮੋੜ ਲਿਆਂਦਾ ਸੀ। ਇਸ ਘਟਨਾ ਨੇ ਸਿੱਖ ਕੌਮ ਵਿੱਚ ਨਿਆਂ ਅਤੇ ਧਾਰਮਿਕ ਆਜ਼ਾਦੀ ਦੀ ਰੱਖਿਆ ਲਈ ਜਾਗਰੂਕਤਾ ਅਤੇ ਜੁਝਾਰੂ ਭਾਵਨਾ ਨੂੰ ਮਜ਼ਬੂਤ ਕੀਤਾ ਸੀ।

ਮੁਗਲ ਸੱਤਾ ਨਾਲ ਸਿੱਖਾਂ ਦੇ ਟਕਰਾਅ ਪਹਿਲਾਂ ਹੀ ਸ਼ੁਰੂ ਹੋ ਚੁੱਕੇ ਸਨ। ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਤੋਂ ਹੀ "ਮੀਰੀ-ਪੀਰੀ" ਦਾ ਸਿਧਾਂਤ ਮੁਖਰ ਰੂਪ 'ਚ ਸਥਾਪਿਤ ਹੋ ਗਿਆ ਸੀ, ਜਿਸ ਅਨੁਸਾਰ ਆਤਮਿਕ ਅਤੇ ਸੰਸਾਰੀ ਸ਼ਕਤੀ ਦਾ ਸੁਮੇਲ ਤੇ ਸੰਤੁਲਨ ਜ਼ਰੂਰੀ ਕਰ ਦਿੱਤਾ ਗਿਆ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਇਸ ਪਰੰਪਰਾ ਨੂੰ ਹੋਰ ਪਕੇਰਾ ਤੇ ਮਜ਼ਬੂਤ ਕੀਤਾ।

ਸ੍ਰੀ ਅਨੰਦਪੁਰ ਸਾਹਿਬ ਦੇ ਆਲੇ-ਦੁਆਲੇ ਪਹਾੜੀ ਰਾਜਿਆਂ ਦੀਆਂ ਰਿਆਸਤਾਂ ਸਨ। ਇਹ ਰਾਜੇ ਸਿੱਖਾਂ ਦੀ ਵਧਦੀ ਤਾਕਤ ਤੋਂ ਚਿੰਤਤ ਸਨ। ਕਈ ਵਾਰ ਮੁਗਲਾਂ ਅਤੇ ਪਹਾੜੀ ਰਾਜਿਆਂ ਨੇ ਮਿਲ ਕੇ ਗੁਰੂ ਜੀ ਦੇ ਖ਼ਿਲਾਫ਼ ਜੰਗਾਂ ਲੜੀਆਂ। ਇਸ ਕਰਕੇ ਸਿੱਖ ਕੌਮ ਨੂੰ ਸੰਗਠਿਤ ਕਰਕੇ, ਜੰਗਾਂ ਲਈ ਹੋਰ ਮਜ਼ਬੂਤ ਬਣਾਉਣ ਦੀ ਲੋੜ ਮਹਿਸੂਸ ਹੋਈ। ਖ਼ਾਲਸੇ ਦੀ ਸਾਜਨਾ ਨਾਲ ਸਿੱਖਾਂ ਨੂੰ ਇੱਕ ਵਿਲੱਖਣ ਤੇ ਨਿਵੇਕਲੀ ਪਛਾਣ ਮਿਲੀ, ਜਿਸ ਨਾਲ ਉਹ ਕਿਸੇ ਵੀ ਜ਼ੁਲਮ ਦੇ ਖ਼ਿਲਾਫ਼, ਇਕੱਠੇ ਖੜ੍ਹੇ ਹੋ ਕੇ ਟਾਕਰਾ ਕਰਨ ਦੇ ਸਮਰੱਥ ਹੋ ਗਏ ਸਨ।

ਭਾਰਤੀ ਸਮਾਜ ਜਾਤ-ਪਾਤ, ਉੱਚ-ਨੀਚ ਅਤੇ ਛੂਆਛੂਤ ਵਰਗੀਆਂ ਬੁਰਾਈਆਂ ਨਾਲ ਪੀੜਤ ਸੀ। ਧਾਰਮਿਕ ਰਸਮਾਂ ਅਤੇ ਪਖੰਡ ਦਾ ਬੋਲਬਾਲਾ ਸੀ। ਸਮਾਜ ਵਿੱਚ ਨੈਤਿਕ ਕਮਜ਼ੋਰੀ ਅਤੇ ਡਰ ਦਾ ਮਾਹੌਲ ਸੀ। ਖ਼ਾਲਸੇ ਦੀ ਸਾਜਨਾ ਨਾਲ ਗੁਰੂ ਸਾਹਿਬ ਜੀ ਨੇ ਜਾਤੀ-ਭੇਦ ਨੂੰ ਨਕਾਰ ਦਿੱਤਾ। ਗੁਰੂ ਸਾਹਿਬ ਜੀ ਵੱਲੋਂ ਸਾਜੇ ਗਏ ਪੰਜ ਪਿਆਰੇ ਵੱਖ-ਵੱਖ ਜਾਤਾਂ ਅਤੇ ਖੇਤਰਾਂ ਨਾਲ ਸੰਬੰਧਤ ਸਨ। ਇਹ ਸਮਾਜਿਕ ਕ੍ਰਾਂਤੀ ਦਾ ਪ੍ਰਤੀਕ ਸੀ। ਗੁਰੂ ਸਾਹਿਬ ਜੀ ਨੇ 'ਸਿੰਘ' ਅਤੇ 'ਕੌਰ' ਨਾਮ ਦੀ ਬਖ਼ਸ਼ਿਸ਼ ਕਰਕੇ, ਸਭ ਨੂੰ ਸਮਾਨਤਾ ਦੀ ਪਛਾਣ ਦਿੱਤੀ।

ਧਾਰਮਿਕ ਪੱਧਰ 'ਤੇ ਵੀ ਵੱਡੇ ਬਦਲਾਅ ਦੀ ਲੋੜ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਨੂੰ ਸਿਰਫ਼ ਸਿਪਾਹੀ ਹੀ ਨਹੀਂ, ਸਗੋਂ ਆਤਮਿਕ ਰੂਪ ਵਿੱਚ ਵੀ ਮਜ਼ਬੂਤ ਬਣਾਇਆ। "ਸੰਤ-ਸਿਪਾਹੀ" ਦਾ ਆਦਰਸ਼ ਇੱਕ ਅਜਿਹਾ ਮਾਡਲ ਸੀ, ਜਿਸ ਵਿੱਚ ਭਗਤੀ ਅਤੇ ਸ਼ਕਤੀ ਦੋਹਾਂ ਦਾ ਸੁਮੇਲ ਸੀ। ਖ਼ਾਲਸਾ ਸਾਜਨਾ ਦਿਵਸ ਸਮੇਂ ਕੀਤੇ ਗਏ ਅੰਮ੍ਰਿਤ ਸੰਚਾਰ ਨੇ, ਸਿੱਖਾਂ ਨੂੰ ਇੱਕ ਅਨੁਸ਼ਾਸਤ ਜੀਵਨ ਜੀਣ ਲਈ ਪ੍ਰੇਰਿਤ ਕੀਤਾ। ਪੰਜ ਕਕਾਰਾਂ ਨੇ, ਸਿੱਖਾਂ ਨੂੰ ਹਮੇਸ਼ਾਂ ਆਪਣੇ ਆਦਰਸ਼ਾਂ ਦੀ ਯਾਦ ਦਿਵਾਈ।

ਸੰਨ ੧੬੯੯ ਈ. ਦੀ ਵਿਸਾਖੀ ਤੋਂ ਬਾਅਦ, ਸਿੱਖ ਕੌਮ ਦੀ ਪਛਾਣ ਵਿਲੱਖਣ ਹੋ ਗਈ ਸੀ। ਇਸ ਨਾਲ ਸਿੱਖਾਂ ਵਿੱਚ ਆਤਮ-ਵਿਸ਼ਵਾਸ ਵਧਿਆ ਅਤੇ ਉਹ ਜ਼ੁਲਮ ਦੇ ਵਿਰੁੱਧ ਡਟ ਕੇ ਖੜ੍ਹੇ ਹੋਏ। ਅਗਲੇ ਸਮਿਆਂ ਵਿੱਚ ਇਹੀ ਖ਼ਾਲਸਾ ਪੰਥ, ਸਿੱਖ ਮਿਸਲਾਂ ਅਤੇ ਆਖ਼ਿਰਕਾਰ ਸਿੱਖ ਰਾਜ ਦੀ ਸਥਾਪਨਾ ਦਾ ਅਧਾਰ ਬਣਿਆ।

ਖ਼ਾਲਸਾ ਸਾਜਨਾ ਦਿਵਸ ਦੇ ਸਮਕਾਲੀ ਹਾਲਾਤ ਰਾਜਨੀਤਿਕ ਅਸਥਿਰਤਾ, ਧਾਰਮਿਕ ਦਬਾਅ ਅਤੇ ਸਮਾਜਿਕ ਅਸਮਾਨਤਾ ਨਾਲ ਭਰੇ ਹੋਏ ਸਨ। ਇਸ ਪ੍ਰਸੰਗ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਖ਼ਾਲਸੇ ਦੀ

ਸਾਜਨਾ ਇੱਕ ਆਤਮਿਕ ਅਤੇ ਸਮਾਜਿਕ ਕ੍ਰਾਂਤੀ ਸੀ। ਇਹ ਮਨੁੱਖੀ ਅਧਿਕਾਰਾਂ, ਧਾਰਮਿਕ ਆਜ਼ਾਦੀ ਅਤੇ ਸਮਾਨਤਾ ਦੀ ਰੱਖਿਆ ਲਈ ਇਕ ਇਤਿਹਾਸਕ ਕਦਮ ਸੀ, ਜਿਸ ਨੇ ਸਿੱਖ ਕੌਮ ਨੂੰ ਨਵੀਂ ਤੇ ਵਿਲੱਖਣ ਪਛਾਣ ਦਿੱਤੀ।

ਸੰਨ ੧੬੯੯ ਈ. ਦੀ ਵਿਸਾਖੀ, ਇਤਿਹਾਸ ਵਿੱਚ ਇੱਕ ਕ੍ਰਾਂਤੀਕਾਰੀ ਦਿਨ ਵਜੋਂ ਦਰਜ ਹੈ। ਇਸ ਦਿਨ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਅਨੰਦਪੁਰ ਸਾਹਿਬ ਵਿੱਚ ਖਾਲਸਾ ਪੰਥ ਦੀ ਸਾਜਨਾ ਕੀਤੀ। ਇਹ ਘਟਨਾ ਕੇਵਲ ਧਾਰਮਿਕ ਨਹੀਂ, ਸਗੋਂ ਸਮਾਜਿਕ, ਰਾਜਨੀਤਕ ਅਤੇ ਨੈਤਿਕ ਕ੍ਰਾਂਤੀ ਸੀ। ਉਸ ਸਮੇਂ ਭਾਰਤ ਵਿੱਚ ਜਾਤ-ਪਾਤ, ਉੱਚ-ਨੀਚ ਅਤੇ ਧਾਰਮਿਕ ਅੰਧ ਵਿਸ਼ਵਾਸ ਵਿਆਪਕ ਸਨ। ਜ਼ੁਲਮੀ ਸ਼ਾਸਨ ਅਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਆਮ ਗੱਲ ਸੀ। ਕਲਗੀਧਰ ਪਾਤਸ਼ਾਹ ਨੇ ਵਿਸਾਖੀ ਦੇ ਦਿਨ, ਮਨੁੱਖੀ ਗੌਰਵ ਅਤੇ ਆਜ਼ਾਦੀ ਲਈ ਇੱਕ ਨਵਾਂ ਮਾਰਗ ਦਰਸਾਇਆ ਸੀ।

**ਖ਼ਾਲਸੇ ਦੀ ਸਾਜਨਾ-**

ਕਲਗੀਧਰ ਪਾਤਸ਼ਾਹ ਨੇ ਸੰਨ ੧੬੯੯ ਈ. ਦੀ ਵਿਸਾਖੀ ਦੇ ਮੌਕੇ 'ਤੇ ਖ਼ਾਲਸੇ ਦੀ ਸਾਜਨਾ ਕੀਤੀ। ਇਸ ਦਿਨ ਸ੍ਰੀ ਅਨੰਦਪੁਰ ਸਾਹਿਬ ਵਿਖੇ ਸੰਗਤਾਂ ਦਾ ਵੱਡਾ ਇਕੱਠ ਕੀਤਾ ਗਿਆ ਸੀ। ਗੁਰੂ ਸਾਹਿਬ ਜੀ ਨੇ ਇੱਕ ਕੌਤਕ ਵਰਤਾਇਆ। ਆਪ ਜੀ ਹੱਥ 'ਚ ਨੰਗੀ ਸ਼ਮਸ਼ੀਰ (ਕਿਰਪਾਨ) ਫੜ੍ਹ ਕੇ, ਭਰੇ ਦਰਬਾਰ 'ਚ ਆਏ ਅਤੇ ਸੀਸ ਦੀ ਮੰਗ ਕੀਤੀ। ਸਾਰੇ ਪਾਸੇ ਚੁੱਪ ਛਾ ਗਈ ਸੀ। ਅਖ਼ੀਰ, ਲਾਹੌਰ ਦੇ ਰਹਿਣ ਵਾਲੇ ਭਾਈ ਦਇਆ ਰਾਮ ਜੀ ਉੱਠੇ ਅਤੇ ਗੁਰੂ ਸਾਹਿਬ ਜੀ ਕੋਲ ਪਹੁੰਚ ਕੇ ਆਪਣਾ ਸੀਸ ਝੁਕਾ ਕੇ ਕਹਿਣ ਲੱਗੇ ਕਿ ਸਤਿਗੁਰੂ ਜੀ ! ਮੇਰਾ ਸੀਸ ਹਾਜ਼ਰ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਵਾਰੀ ਵਾਰੀ ਪੰਜ ਸਿੱਖਾਂ ਦੇ ਸੀਸ ਦੀ ਮੰਗ ਕੀਤੀ। ਗੁਰੂ ਸਾਹਿਬ ਵੱਲੋਂ ਸੰਗਤ ਅੱਗੇ ਸੀਸ ਦੀ ਮੰਗ ਕਰਨਾ ਕੋਈ ਆਮ ਘਟਨਾ ਨਹੀਂ ਸੀ। ਸਗੋਂ ਇਹ ਤਾਂ ਸਿੱਖਾਂ ਨੂੰ ਆਉਣ ਵਾਲੇ ਸਮੇਂ ਲਈ ਤਿਆਰ ਕਰਨ ਦੀ ਇੱਕ ਜੁਗਤਿ ਸੀ। ਲਾਹੌਰ ਨਿਵਾਸੀ ਭਾਈ ਦਇਆ ਰਾਮ ਜੀ, ਹਸਤਨਾਪੁਰ (ਉੱਤਰ ਪ੍ਰਦੇਸ਼) ਨਿਵਾਸੀ ਭਾਈ ਧਰਮ ਦਾਸ ਜੀ, ਜਗਨਨਾਥ ਪੁਰੀ (ਉੜੀਸਾ) ਨਿਵਾਸੀ ਭਾਈ ਹਿੰਮਤ ਰਾਇ ਜੀ, ਦੁਆਰਕਾ (ਗੁਜਰਾਤ) ਨਿਵਾਸੀ ਭਾਈ ਮੋਹਕਮ ਚੰਦ ਜੀ ਅਤੇ ਬਿਦਰ (ਕਰਨਾਟਕਾ) ਨਿਵਾਸੀ ਭਾਈ ਸਾਹਿਬ ਚੰਦ ਜੀ ਨੇ ਆ ਕੇ, ਗੁਰੂ ਸਾਹਿਬ ਜੀ ਦੇ ਚਰਨਾਂ 'ਚ ਆਪਣੇ ਸੀਸ ਭੇਟ ਕੀਤੇ। ਇਹ ਮਨੁੱਖੀ ਮਨ ਦੀ ਕਸੌਟੀ ਸੀ। ਪੰਜ ਸਿੱਖਾਂ ਦਾ ਅੱਗੇ ਆਉਣਾ ਸ਼ਹਾਦਤ, ਨਿਡਰਤਾ ਅਤੇ ਪੂਰਨ ਸਮਰਪਣ ਦਾ ਪ੍ਰਤੀਕ ਸੀ।

ਕਲਗੀਧਰ ਪਾਤਸ਼ਾਹ ਜੀ ਨੇ ਇਹਨਾਂ ਪੰਜ ਸਿੱਖਾਂ ਨੂੰ ਅੰਮ੍ਰਿਤ ਦੀ ਦਾਤ ਦਿੱਤੀ ਅਤੇ ਇਹਨਾਂ ਸਿੱਖਾਂ ਨੂੰ "ਪੰਜ ਪਿਆਰਿਆਂ" ਦਾ ਖ਼ਿਤਾਬ ਬਖ਼ਸ਼ਿਸ਼ ਕੀਤਾ। ਅੰਮ੍ਰਿਤ ਛਕਾਉਣ ਤੋਂ ਬਾਅਦ, ਗੁਰੂ ਸਾਹਿਬ ਜੀ ਨੇ ਜਾਤਾਂ-ਪਾਤਾਂ ਦਾ ਭੇਦ ਮਿਟਾ ਕੇ, ਇਹਨਾਂ ਪੰਜ ਪਿਆਰਿਆਂ ਦੇ ਨਾਵਾਂ ਨਾਲ "ਸਿੰਘ" ਲਾ ਦਿੱਤਾ ਅਤੇ ਇਹਨਾਂ ਨੂੰ ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਹਿੰਮਤ ਸਿੰਘ, ਭਾਈ ਮੋਹਕਮ ਸਿੰਘ ਤੇ ਭਾਈ ਸਾਹਿਬ ਸਿੰਘ ਬਣਾ ਦਿੱਤਾ। ਇਹ ਪੰਜੇ ਸਿੱਖ ਵੱਖ-ਵੱਖ ਜਾਤਾਂ ਅਤੇ ਖੇਤਰਾਂ ਤੋਂ ਸਨ, ਜੋ ਇਸ ਗੱਲ ਦਾ ਪ੍ਰਮਾਣ ਹੈ ਕਿ ਖਾਲਸਾ ਪੰਥ ਜਾਤ-ਪ੍ਰਥਾ ਦੇ ਖ਼ਿਲਾਫ਼ ਇੱਕ ਮਜ਼ਬੂਤ ਐਲਾਨ ਸੀ।

ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾਉਣ ਤੋਂ ਬਾਅਦ, ਗੁਰੂ ਸਾਹਿਬ ਜੀ ਨੇ ਇਹਨਾਂ ਪੰਜ ਪਿਆਰਿਆਂ ਪਾਸੋਂ ਅੰਮ੍ਰਿਤ ਛਕਣ ਦੀ ਜਾਚਨਾ ਕੀਤੀ ਅਤੇ ਅੰਮ੍ਰਿਤ ਦੀ ਦਾਤ ਬਖ਼ਸ਼ਿਸ਼ ਕਰਨ ਲਈ ਬੇਨਤੀ ਕੀਤੀ। ਇੰਝ ਗੁਰੂ ਸਾਹਿਬ ਜੀ ਪੰਜ ਪਿਆਰਿਆਂ ਪਾਸੋਂ ਅੰਮ੍ਰਿਤਪਾਨ ਕਰਕੇ, ਗੋਬਿੰਦ ਰਾਇ ਤੋਂ ਗੋਬਿੰਦ ਸਿੰਘ ਬਣੇ। ਇਹ ਇੱਕ ਵਿਲੱਖਣ ਤੇ ਨਿਵੇਕਲੀ ਇਤਿਹਾਸਕ ਘਟਨਾ ਸੀ ਜਦੋਂ ਇੱਕ ਗੁਰੂ ਨੇ ਆਪਣੇ ਹੀ ਸਿੱਖਾਂ ਪਾਸੋਂ ਇੱਕ ਜਾਚਕ ਦੀ ਤਰ੍ਹਾਂ ਅੰਮ੍ਰਿਤ ਛਕਣ ਦੀ ਜਾਚਨਾ ਕੀਤੀ ਸੀ ਅਤੇ "ਗੁਰੂ - ਚੇਲੇ" ਦੀ ਪਰੰਪਰਾ ਨੂੰ ਇੱਕ ਨਵਾਂ ਰੂਪ ਦੇ ਦਿੱਤਾ ਸੀ।

'ਖੰਡੇ ਦੀ ਪਾਹੁਲ' ਰਾਹੀਂ ਅੰਮ੍ਰਿਤ ਸੰਸਕਾਰ ਦੀ ਸ਼ੁਰੂਆਤ, ਸਿੱਖ ਧਰਮ ਨੂੰ ਵਿਹਾਰਕ ਰੂਪ ਵਿੱਚ ਸੰਗਠਿਤ ਕਰਦੀ ਹੈ। 'ਸਿੰਘ' ਅਤੇ 'ਕੌਰ' ਦੀ ਉਪਾਧੀ ਰਾਹੀਂ ਗੁਰੂ ਸਾਹਿਬ ਨੇ ਨਾਰੀ-ਪੁਰਖ ਸਮਾਨਤਾ ਨੂੰ ਮਜ਼ਬੂਤ ਕੀਤਾ। ਪੰਜ ਕਕਾਰ ਸਿੱਖ ਜੀਵਨ ਦੇ ਆਤਮਿਕ ਅਤੇ ਨੈਤਿਕ ਅਨੁਸ਼ਾਸਨ ਦਾ ਪ੍ਰਤੀਕ ਹਨ। ਇਹ ਸਿਰਫ਼ ਨਿਸ਼ਾਨ ਨਹੀਂ, ਸਗੋਂ ਇੱਕ ਜੀਵਨ-ਦਰਸ਼ਨ ਹਨ।

ਇੰਝ ਵਿਸਾਖੀ ਸਿੱਖ ਧਰਮ, ਪੰਜਾਬੀ ਸਭਿਆਚਾਰ ਅਤੇ ਭਾਰਤੀ ਉਪ-ਮਹਾਂਦੀਪ ਦੇ ਇਤਿਹਾਸ ਵਿੱਚ ਇੱਕ ਵਿਲੱਖਣ ਅਤੇ ਮਹਾਨ ਤਿਉਹਾਰ ਬਣ ਗਿਆ ਹੈ। ਇਹ ਸਿਰਫ਼ ਇੱਕ ਮੌਸਮੀ ਜਾਂ ਖੇਤੀਬਾੜੀ ਦਾ ਤਿਉਹਾਰ ਨਹੀਂ ਸਗੋਂ ਆਤਮਿਕ ਜਾਗਰੂਕਤਾ, ਸਮਾਜਿਕ ਕ੍ਰਾਂਤੀ ਅਤੇ ਮਨੁੱਖੀ ਅਧਿਕਾਰਾਂ ਦੀ ਸੁਰੱਖਿਆ ਦਾ ਪ੍ਰਤੀਕ ਹੈ। ਵਿਸਾਖੀ ਦਾ ਦਿਨ ਖ਼ਾਲਸਾ ਪੰਥ ਦੀ ਸਾਜਨਾ, ਸਿੱਖ ਦਰਸ਼ਨ ਦੀ ਵਿਹਾਰਕ ਅਭਿਵਿਅਕਤੀ ਅਤੇ ਸਰਬੱਤ ਦੇ ਭਲੇ ਦੇ ਸੰਕਲਪ ਨਾਲ ਗਹਿਰਾਈ ਨਾਲ ਜੁੜਿਆ ਹੋਇਆ ਹੈ।

**ਚੋਣਵੀਆਂ ਪ੍ਰੇਰਨਾਵਾਂ-**

ਸੰਨ ੧੬੯੯ ਈ. ਦੀ ਵਿਸਾਖੀ ਵਾਲੇ ਦਿਨ ਕਲਗੀਧਰ ਪਾਤਿਸ਼ਾਹ ਨੇ ਖ਼ਾਲਸੇ ਦੀ ਸਾਜਨਾ ਕੀਤੀ। ਇਸ ਸਮੁੱਚੇ ਬ੍ਰਿਤਾਂਤ 'ਚੋਂ ਸਾਨੂੰ ਬਹੁਤ ਸਾਰੀਆਂ ਪ੍ਰੇਰਨਾਵਾਂ ਮਿਲਦੀਆ ਹਨ। ਇਹਨਾਂ ਵਿੱਚੋਂ ਚੋਣਵੀਆਂ ਪ੍ਰੇਰਨਾਵਾਂ ਪਾਠਕਾਂ ਦੇ ਸਨਮੁੱਖ ਰੱਖਣ ਦਾ ਯਤਨ ਕਰ ਰਿਹਾ ਹਾਂ ਜੀ।

* ਜਦੋਂ ਕਲਗੀਧਰ ਪਾਤਿਸ਼ਾਹ ਨੇ ਹੱਥ ' ਚ ਨੰਗੀ ਸ਼ਮਸ਼ੀਰ ਫੜ ਕੇ, ਭਰੇ ਦਰਬਾਰ ' ਚ ਪਹਿਲੇ ਸੀਸ ਦੀ ਮੰਗ ਕੀਤੀ ਤਾਂ ਭਾਈ ਦਇਆ ਰਾਮ ਜੀ ਸੀਸ ਦੇਣ ਲਈ ਨਿੱਤਰੇ। ਭਾਈ ਦਇਆ ਰਾਮ ਜੀ ਦਾ ਕਿੰਨਾਂ ਵੱਡਾ ਜਿਗਰਾ ਹੋਵੇਗਾ ਜੋ ਕਿ ਸਾਹਮਣੇ ਮੌਤ ਦੇਖ ਕੇ ਵੀ ਆਪਣਾ ਸੀਸ ਭੇਟ ਕਰਨ ਲਈ ਨਿੱਤਰੇ। ਦੂਜਾ, ਭਾਈ ਦਇਆ ਰਾਮ ਜੀ ਦਾ ਕਲਗੀਧਰ ਪਾਤਿਸ਼ਾਹ ' ਤੇ ਕਿੰਨਾਂ ਭਰੋਸਾ ਹੋਵੇਗਾ, ਕਲਗੀਧਰ ਪਾਤਿਸ਼ਾਹ ਪ੍ਰਤੀ ਕਿੰਨਾਂ ਪਿਆਰ ਤੇ ਸਤਿਕਾਰ ਹੋਵੇਗਾ ਜੋ ਕਿ ਆਪਣੀ ਜਾਨ ਦੀ ਪਰਵਾਹ ਕੀਤੇ ਬਿਨਾਂ, ਸੀਸ ਭੇਟ ਕਰਨ ਲਈ ਤਿਆਰ ਹੋ ਗਏ। ਇਸੇ ਤਰ੍ਹਾਂ ਭਾਈ ਧਰਮ ਦਾਸ ਜੀ, ਹਿੰਮਤ ਰਾਇ ਜੀ, ਭਾਈ ਮੋਹਕਮ ਚੰਦ ਜੀ ਅਤੇ ਭਾਈ ਸਾਹਿਬ ਚੰਦ ਜੀ ਨੇ ਬਹਾਦਰੀ ਅਤੇ ਕਲਗੀਧਰ ਪਾਤਿਸ਼ਾਹ ' ਤੇ ਆਪਣੇ ਭਰੋਸੇ ਦਾ ਪ੍ਰਗਟਾਵਾ ਕਰਦੇ ਹੋਏ, ਆਪਣੇ ਸੀਸ ਗੁਰੂ ਸਾਹਿਬ ਜੀ ਨੂੰ ਭੇਟ ਕਰ ਦਿੱਤੇ।

* ਕਲਗੀਧਰ ਪਾਤਿਸ਼ਾਹ ਨੇ ਤਾਂ ਫਿਰ ਕਮਾਲ ਹੀ ਕਰ ਦਿੱਤੀ। ਸਿੱਖਾਂ ਨੂੰ ਨਵਾਂ ਰੂਪ ਬਖ਼ਸ਼ ਕੇ, ਨਾ ਸਿਰਫ਼ ਖਾਲਸੇ ਦੀ ਸਾਜਨਾ ਹੀ ਕੀਤੀ ਸਗੋਂ ਆਪ ਓਹਨਾਂ ਪੰਜ ਪਿਆਰਿਆਂ ਪਾਸੋਂ ਅੰਮ੍ਰਿਤ ਦੀ ਦਾਤ ਮੰਗ ਕੇ, ਸਮੁੱਚੀ ਖ਼ਲਕਤ ਦੇ ਸਾਹਮਣੇ, ਅੰਮ੍ਰਿਤ ਦੀ ਮਹਾਨਤਾ ਅਤੇ ਪੰਜ ਪਿਆਰਿਆਂ ਦਾ ਰੁਤਬਾ, ਦੋਹਾਂ ਦਾ ਪ੍ਰਗਟਾਵਾ ਕਰ ਦਿੱਤਾ। ਗੁਰੂ ਸਾਹਿਬ ਜੀ ਨੇ ਪੰਜ ਪਿਆਰਿਆਂ ਪਾਸੋਂ ਅੰਮ੍ਰਿਤ ਦੀ ਦਾਤ ਦੀ ਜਾਚਨਾ ਕਰਕੇ, ਗੁਰੂ - ਚੇਲੇ ਦੀ ਪਰੰਪਰਾ ਨੂੰ ਨਵਾਂ ਰੂਪ ਦੇ ਦਿੱਤਾ। ਇਸ ਦੀ ਮਿਸਾਲ ਦੁਨੀਆ ਦੇ ਇਤਿਹਾਸ ' ਚ ਕਿਤੇ ਹੋਰ ਨਹੀਂ ਮਿਲਦੀ। ਖ਼ਾਲਸੇ ਦੀ ਸਾਜਨਾ ਇੱਕ ਅਜਿਹੀ ਘਟਨਾ ਸੀ, ਜਿਸ ਨੇ ਸਮਾਜ ਦੀ ਨੁਹਾਰ ਬਦਲ ਕੇ ਰੱਖ ਦਿੱਤੀ। ਇੱਕ ਐਸਾ ਕਰਿਸ਼ਮਾ ਹੋਇਆ ਕਿ ਸਮਾਜ ਅੰਦਰ ਅਣਖ ਜਾਗ ਗਈ। ਆਮ ਲੋਕਾਂ ਅੰਦਰ ਐਸੀ ਊਰਜਾ ਦਾ ਸੰਚਾਰ ਹੋਇਆ ਕਿ ਵੈਰੀ ਥਰ-ਥਰ ਕੰਬਣ ਲੱਗਾ। ਇਹ ਕਿਸੇ ਕਰਾਮਾਤ ਤੋਂ ਘੱਟ ਨਹੀਂ ਸੀ।

**ਸਾਰ-** ਵਿਸਾਖੀ ਸਿਰਫ਼ ਇੱਕ ਤਿਉਹਾਰ ਨਹੀਂ ਸਗੋਂ ਇੱਕ ➡

# ਖਾਲਸਾ ਪੰਥ ਦੀ ਸਿਰਜਨਾ: ਜਾਤ, ਕੁਲ, ਧਰਮ ਸਭ ਖ਼ਤਮ

-ਕੈਪਟਨ
ਅਵਤਾਰ ਸਿੰਘ
97819-90206



ਅੱਜ ਕਲ੍ਹ ਵਿਸਾਖੀ ਆਮ ਤੌਰ ਤੇ 13 ਅਪ੍ਰੈਲ ਵਾਲੇ ਦਿਨ ਆਉਂਦੀ ਹੈ। ਇਸ ਦਾ ਕਾਰਨ ਇੰਗਲੈਂਡ ਦੁਆਰਾ ਸੰਨ 1752 ਵਿਚ ਆਪਣੇ ਕੈਲੰਡਰ ਵਿਚ ਤਰੀਕਾਂ ਦਾ ਫੇਰ ਬਦਲ ਕਰਨਾ ਹੈ।

ਯੂਰਪ ਦੇ ਦੇਸ਼ਾਂ ਵਿਚ ਈਸਵੀ ਸੰਨ ਦੀਆਂ ਤਰੀਕਾਂ ਬਾਰੇ ਕਈ ਵਾਰ ਫ਼ਰਕ ਪੈ ਜਾਂਦਾ ਸੀ। ਉਨ੍ਹਾਂ ਨੇ ਉਸ ਫ਼ਰਕ ਨੂੰ ਠੀਕ ਕਰਕੇ ਇਕੋ ਤਰੀਕ ਕਰ ਲਈ, ਪਰ ਇੰਗਲੈਂਡ ਨੇ ਇੰਝ ਨਾ ਕੀਤਾ।ਇਸ ਦਾ ਨਤੀਜਾ ਇਹ ਨਿਕਲਿਆ ਕਿ ਸੰਨ 1752 ਤੱਕ ਇੰਗਲੈਂਡ ਯੂਰਪ ਦੇ ਬਾਕੀ ਦੇਸ਼ਾਂ ਨਾਲੋਂ 11 ਦਿਨ ਪਿਛੇ ਰਹਿ ਗਿਆ। ਇਹ ਫ਼ਰਕ ਪੂਰਾ ਕਰਨ ਲਈ ਇੰਗਲੈਂਡ ਵਿਚ 1752 ਦੇ 2 ਸਤੰਬਰ ਤੋਂ ਦੂਜੇ ਦਿਨ 3 ਸਤੰਬਰ ਦੀ ਥਾਂ 14 ਸਤੰਬਰ ਕਰ ਦਿੱਤਾ ਗਿਆ।ਜਦੋਂ ਸਾਡੇ ਦੇਸ਼ ਵਿਚ ਸੰਮਤ 1809 ਦੇ ਅੱਸੂ ਦੀ ਸੰਗਰਾਂਦ ਸੀ ਅਤੇ ਚੰਦਰਮਾ ਦੇ ਹਿਸਾਬ ਭਾਦਰੋ ਸੁਦੀ 6 ਸੀ, ਉਸ ਦਿਨ ਇੰਗਲੈਂਡ ਵਿਚ 2 ਸਤੰਬਰ ਸੰਨ 1752 ਸੀ।ਅਗਲੇ ਦਿਨ ਅੰਗਰੇਜ਼ਾਂ ਨੇ 14 ਸਤੰਬਰ ਕਰ ਲਿਆ। ਇਸ ਦਾ ਨਤੀਜਾ ਇਹ ਹੋਇਆ ਕਿ ਅਗਲੇ ਸਾਲ ਸੰਨ 1753 ਵਿਚ ਸਾਡੀ ਵੈਸਾਖ ਦੀ ਸੰਗਰਾਂਦ (ਵਿਸਾਖੀ) ਨੂੰ ਇੰਗਲੈਂਡ ਵਿਚ 9 ਅਪ੍ਰੈਲ ਸੀ। ਫੇਰ ਆਮ ਤੌਰ ਤੇ 10 ਅਪ੍ਰੈਲ ਨੂੰ ਵਿਸਾਖੀ ਹੋਣ ਲੱਗ ਪਈ।ਸੰਨ 1800 ਦੀ ਵਿਸਾਖੀ ਨੂੰ 11 ਅਪ੍ਰੈਲ ਸੀ। ਫੇਰ ਵਿਸਾਖੀ ਕਦੇ 11 ਤੇ ਕਦੇ 12 ਅਪ੍ਰੈਲ ਨੂੰ ਹੋਣ ਲੱਗ ਪਈ। ਸੰਨ 1902 ਵਿਚ 13 ਅਪ੍ਰੈਲ ਨੂੰ ਸੀ। ਅੱਜ ਕੱਲ੍ਹ ਵਿਸਾਖੀ ਤੌਰ ਤੇ 13 ਅਪ੍ਰੈਲ ਤੇ ਕਦੇ-ਕਦੇ 14 ਅਪ੍ਰੈਲ ਨੂੰ ਆਉਂਦੀ ਹੈ।

ਉਂਵ ਤਾਂ ਗੁਰੂ ਅਮਰਦਾਸ ਜੀ ਦੇ ਸਮੇਂ ਤੋਂਹੀ ਸਿੱਖ ਵਿਸਾਖੀ ਦੇ ਦਿਨ ਜੋੜ-ਮੇਲੇ ਕਰਦੇ ਸਨ, ਪਰ ਸੰਨ 1699 ਦੀ ਵਿਸਾਖੀ ਸਮੇਂ ਦਸਮ ਪਾਤਸ਼ਾਹ ਨੇ ਇਕ ਖ਼ਾਸ ਇਕੱਠ ਸੱਦਿਆ। ਸਿੱਖਾਂ ਨੂੰ ਭਾਰੀ ਗਿਣਤੀ ਵਿਚ ਅਨੰਦਪੁਰ ਸਾਹਿਬ ਪੁੱਜਣ ਲਈ ਕਾਫ਼ੀ ਸਮਾਂ ਪਹਿਲਾਂ ਹੀ ਹੁਕਮਨਾਮੇ ਭੇਜੇ ਸਨ ਜਿਨ੍ਹਾਂ ਵਿਚ ਸ਼ਸਤਰ ਬੱਧ ਹੋ ਕੇ ਆਉਣ ਲਈ ਕਿਹਾ ਗਿਆ ਸੀ। ਵਿਸਾਖੀ ਵਾਲੇ ਦਿਨ 30 ਮਾਰਚ 1699 ਨੂੰ ਅਨੰਦਪੁਰ ਸਾਹਿਬ ਵੱਡਾ ਇਕੱਠ ਹੋਇਆ। ਦੇਸ਼ ਦੇ ਕੋਨੇ-ਕੋਨੇ ਤੋਂ ਸਿੱਖ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਆਏ।ਅੰਮ੍ਰਿਤ ਵੇਲੇ ਦੀਵਾਨ ਸਜੇ, ਆਸਾ ਦੀ ਵਾਰ ਦਾ ਭੋਗ ਪਿਆ, ਸ਼ਬਦ ਦੀ ਵਿਚਾਰ ਹੋਈ। ਇਸ ਮਗਰੋਂ ਗੁਰੂ ਜੀ ਸਿੱਖ ਸੰਗਤਾਂ ਨੂੰ ਸੰਬੋਧਨ ਕਰਨ ਲਈ ਆਏ। ਸਟੇਜ ਤੇ ਆਉਂਦਿਆਂ ਹੀ ਉਨ੍ਹਾਂ ਤਲਵਾਰ ਸੂਤ ਲਈ ਤੇ ਗਰਜ ਕੇ ਬੋਲੇ, "ਇਕ ਸਿਰ ਚਾਹੀਦਾ ਹੈ।" ਇਹ ਇਕ ਨਵੀਂ ਕਿਸਮ ਦੀ ਗੱਲ ਸੀ ਜੋ ਸਿੱਖ-ਸੰਗਤਾਂ ਦੇ ਸਾਹਵੇਂ ਆਈ। ਇਸ ਕਰਕੇ ਇਕ ਵਾਰ ਤਾਂ ਸਾਰੇ ਦੀਵਾਨ ਵਿਚ ਚੁੱਪ ਵਰਤ ਗਈ।ਉਹ ਲੋਕ ਜਿਹੜੇ ਕੇਵਲ ਕੜਾਹ ਪ੍ਰਸ਼ਾਦਿ ਦੇ ਗੱਫੇ ਲਾ ਕੇ, ਸਿੱਖ-ਸੰਗਤਾਂ ਦੇ ਪੈਸੇ ਖਾ-ਖਾ ਕੇ ਮੋਟੇ ਹੋਏ ਪਏ ਸਨ, ਇਕ ਵਾਰ ਤਾਂ ਕੰਬ ਗਏ।ਉਨ੍ਹਾਂ 'ਚੋਂ ਕਈਆਂ ਨੇ ਤਾਂ, (ਜਿਨ੍ਹਾਂ ਦੀ ਮਸੰਦਗੀਰੀ ਸਮਾਪਤ ਹੋ ਗਈ ਸੀ) ਮਾਤਾ ਗੁਜਰੀ ਜੀ ਕੋਲ ਜਾ ਸ਼ਿਕਾਇਤ ਕੀਤੀ ਕਿ ਗੁਰੂ ਸਾਹਿਬ ਨੂੰ ਪਤਾ ਨਹੀ ਕੀ ਹੋ ਗਿਆ ਹੈ, ਉਹ ਆਪਣੇ ਸਿੱਖਾਂ ਨੂੰ ਹੀ ਮਾਰਨ ਤੇ ਤੁਲ ਪਏ ਹਨ। ਇਸ ਤਰ੍ਹਾਂ ਕੁਝ ਕੱਚੇ ਪਿੱਲੇ ਸਿੱਖ ਤਾਂ ਦੀਵਾਨ 'ਚੋਂ ਉੱਠ ਕੇ ਵੀ ਚਲੇ ਗਏ, ਪਰ ਸਿਦਕੀ ਸਿੱਖਾਂ ਲਈ ਅਤੇ ਗੁਰੂ ਤੋਂ ਕੁਰਬਾਨ ਹੋ ਜਾਣ ਵਾਲਿਆਂ ਲਈ ਤਾਂ ਜੀਵਨ ਸਫ਼ਲ ਕਰਨ ਦਾ ਇਹੀ ਮੌਕਾ ਸੀ, ਜਿਨ੍ਹਾਂ 'ਚੋਂ ਲਾਹੌਰ ਦਾ ਰਹਿਣ ਵਾਲਾ ਭਾਈ ਦਇਆ ਰਾਮ (ਖੱਤਰੀ) ਉਠਿਆ, ਅਤੇ ਗੁਰੂ ਸਾਹਿਬ ਦੇ ਅੱਗੇ ਆ ਸੀਸ ਨਿਵਾਇਆ। ਉਸ ਨੂੰ ਗੁਰੂ ਸਾਹਿਬ ਨਾਲ ਦੇ ਤੰਬੂ ਵਿਚ ਲੈ ਗਏ, ਕੁਝ ਸਮੇਂ ਮਗਰੋਂ ਲਹੂ-ਲਿਬੜੀ ਤਲਵਾਰ ਲੈ ਕੇ ਸਟੇਜ ਤੇ ਆਏ, ਤੇ ਫਿਰ ਕਿਹਾ, "ਇੱਕ ਸਿਰ ਦੀ ਲੋੜ ਹੈ।"

ਉਥੇ ਭਲਾ ਕੋਈ ਸਿਦਕੀ ਸਿੱਖਾਂ ਦੀ ਕਮੀ ਸੀ। ਦਿੱਲੀ ਦਾ ਭਾਈ ਧਰਮ ਦਾਸ (ਜਾਟ) ਉਠਿਆ। ਉਸ ਨੂੰ ਵੀ ਤੰਬੂ ਵਿਚ ਲੈ ਗਏ ਤੇ ਮੁੜ ਬਾਹਰ ਆ ਕੇ ਉਹੀ ਸੁਆਲ ਦੁਹਰਾਇਆ। ਇਸ ਤਰ੍ਹਾਂ ਗੁਰੂ ਜੀ ਵਾਰੀ ਵਾਰੀ ਭਾਈ ਮੁਹਕਮ ਚੰਦ (ਛੀਂਬਾ), ਦੁਆਰਕਾ (ਗੁਜਰਾਤ), ਭਾਈ ਹਿੰਮਤ ਲਾਂਗਰੀ (ਜਗਨ ਨਾਥ ਪੁਰੀ, ਉੜੀਸਾ) ਅਤੇ ਸਾਹਿਬ ਚੰਦ (ਨਾਈ) ਬਿਦਰ (ਕਰਨਾਟਕ) ਨੂੰ ਤੰਬੂ ਵਿਚ ਲੈ ਗਏ।

ਇਕ ਵਾਰ ਸੰਗਤਾਂ ਫਿਰ ਅਚੰਭੇ ਵਿਚ ਪੈ ਗਈਆਂ ਜਦੋਂ ਗੁਰੂ ਜੀ ਨੇ ਪੰਜਾਂ ਨੂੰ ਸੰਗਤਾਂ ਦੇ ਸਾਹਮਣੇ ਲਿਆ ਖੜ੍ਹਾ ਕੀਤਾ, ਉਹ ਭੀ ਇਕ ਸੁੰਦਰ ਦਿਲ-ਖਿਚਵੇਂ ਸਰੂਪ ਵਿਚ। ਪੰਜਾਂ ਨੇ ਇਕੋ ਰੰਗ ਦੇ ਦਸਤਾਰੇ ਸਜਾਏ ਹੋਏ ਸਨ, ਪੰਜਾਂ ਦੇ ਇਕੋ ਰੰਗ ਦੇ ਕੁੜਤੇ ਸਨ ਤੇ ਤੇੜ ਕਛਹਿਰੇ ਅਤੇ ਸੁੰਦਰ ਕਿਰਪਾਨਾਂ ਵੀ ਸਜਾਈਆਂ ਹੋਈਆਂ ਸਨ। ਨਵੇਂ ਰੂਪ ਵਿਚ ਪੰਜ ਸਿੱਖ ਬੜੇ ਖੂਬਸੂਰਤ ਲਗ ਰਹੇ ਸਨ। ਹੁਣ ਤਾਂ ਸੰਗਤਾਂ ਵਿੱਚ ਬੈਠੇ ਹੋਏ ਸਿਖਾਂ ਨੇ ਵੀ ਪਛਤਾਣਾ ਸ਼ੁਰੂ ਕੀਤਾ ਕਿ ਉਹਨਾਂ ਸੀਸ ਭੇਟ ਕਰਨ ਵਿਚ ਪਹਿਲ ਕਿਉਂ ਨਾ ਕੀਤੀ।ਫਿਰ ਸਤਿਗੁਰਾਂ ਨੇ ਸਰਬਲੋਹ ਦਾ ਬਾਟਾ ਮੰਗਵਾਇਆ। ਉਸ ਵਿੱਚ ਨਿਰਮਲ ਜਲ ਪਾ ਕੇ ਵਿਚ ਪਤਾਸੇ ਪਾ ਦਿੱਤੇ। ਗੁਰਦੇਵ ਬੀਰ-ਆਸਨ ਹੋ ਕੇ ਬਹਿ ਗਏ ਤੇ ਬਾਟੇ ਵਿੱਚ ਖੰਡਾ ਫੇਰਨ ਲੱਗ ਪਏ, ਉਨ੍ਹਾਂ ਨੇ ਨਾਲੋਂ-ਨਾਲ ਜਪੁ ਜੀ, ਜਾਪੁ, ਸਵੱਈਏ, ਚੌਪਈ ਤੇ ਆਨੰਦ ਸਾਹਿਬ ਦਾ ਪਾਠ ਕੀਤਾ। ਇੰਝ ਅੰਮ੍ਰਿਤ ਤਿਆਰ ਹੋ ਗਿਆ ਤੇ ਉਨ੍ਹਾਂ ਦੇ ਨਾਵਾਂ ਨਾਲ 'ਸਿੰਘ' ਸ਼ਬਦ ਲਾ ਦਿੱਤਾ ਗਿਆ। ਜਿਸ ਦਾ ਅਰਥ ਸੀ ਬੱਬਰ ਸ਼ੇਰ। ਇੰਝ ਪੰਜ ਸਿੱਖਾਂ ਨੂੰ ਸਿੰਘਾਂ ਵਿਚ ਬਦਲ ਕੇ ਉਨ੍ਹਾਂ ਨੂੰ ਪੰਜ-ਪਿਆਰਿਆਂ ਦਾ ਖਿਤਾਬ ਦਿੱਤਾ। ਫਿਰ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਉਪਦੇਸ਼ ਦਿੱਤਾ:

"ਅੱਜ ਤੋਂ ਤੁਹਾਡਾ ਪਹਿਲਾ ਜਨਮ, ਜਾਤ, ਕੁਲ, ਧਰਮ ਸਭ ਖ਼ਤਮ ਹੋ ਗਏ ਹਨ। ਤੁਸੀ ਗੁਰੂ ਵਾਲੇ ਹੋਏ ਹੋ।

ਅੱਜ ਤੋਂ ਤੁਹਾਡਾ ਜਨਮ ਕੇਸਗੜ੍ਹ ਦਾ ਅਤੇ ਤੁਸੀਂ ਵਾਸੀ ਅਨੰਦਪੁਰ ਸਾਹਿਬ ਦੇ ਹੋਵੋਗੇ। ਤੁਸੀ ਪੰਜ ਕਕਾਰਾਂ- ਕੇਸ, ਕੰਘਾ, ਕੜਾ, ਕਛਹਿਰਾ ਤੇ ਕਿਰਪਾਨ ਦੇ ਧਾਰਨੀ ਹੋਵੋਗੇ।ਤੁਸੀਂ ਸਵੇਰੇ ਅੰਮ੍ਰਿਤ ਵੇਲੇ ਜਾਗ ਕੇ ਵਾਹਿਗੁਰੂ ਨਾਲ ਸੁਰਤ ਜੋੜ ਕੇ, ਅੰਮ੍ਰਿਤ ਵੇਲੇ ਨਿਤਨੇਮ ਦੀਆਂ ਬਾਣੀਆਂ ਦਾ ਪਾਠ ਜ਼ਰੂਰ ਕਰੋਗੇ।ਦਿਨ ਨੂੰ ਧਰਮ ਦੀ ਕਿਰਤ ਕਰੋਗੇ। ਸਵੇਰੇ ਸ਼ਾਮ ਸੰਗਤ ਵਿਚ ਆਵੋਗੇ ਤੇ

---

ਜੀਵਨ-ਦਰਸ਼ਨ ਹੈ। ਇਹ ਸਾਨੂੰ ਆਪਣੇ ਇਤਿਹਾਸ, ਧਰਮ ਅਤੇ ਸਮਾਜਿਕ ਜ਼ਿੰਮੇਵਾਰੀਆਂ ਨਾਲ ਜੋੜਦੀ ਹੈ। ਖਾਲਸਾ ਪੰਥ ਦੀ ਸਾਜਨਾ ਰਾਹੀਂ ਮਿਲਿਆ ਸੰਦੇਸ਼, ਅੱਜ ਵੀ ਉਤਨਾ ਹੀ ਪ੍ਰਾਸੰਗਿਕ ਹੈ, ਜਿੰਨਾ ਸੰਨ ੧੬੯੯ ਵਿੱਚ ਸੀ। ਖਾਲਸਾ ਸਾਜਨਾ ਦਿਵਸ, ਸਿੱਖ ਨੂੰ ਸੰਤ-ਸਿਪਾਹੀ ਬਣਨ ਦੀ ਪ੍ਰੇਰਣਾ ਕਰਦਾ ਹੈ। ਇਹ ਪਾਵਨ ਦਿਵਸ ਸਾਨੂੰ ਯਾਦ ਕਰਵਾਉਂਦਾ ਹੈ ਕਿ ਸੱਚ, ਨਿਆਂ ਅਤੇ ਸਰਬੱਤ ਦੇ ਭਲੇ ਲਈ ਖੜ੍ਹਾ ਹੋਣਾ ਹੀ ਮਨੁੱਖੀ ਜੀਵਨ ਦੀ ਸਾਰਥਕਤਾ ਹੈ। ਅੱਜ ਦੇ ਸਮੇਂ ਵਿੱਚ 'ਖ਼ਾਲਸਾ ਸਾਜਨਾ ਦਿਵਸ' ਸਾਨੂੰ ਮਨੁੱਖੀ ਅਧਿਕਾਰਾਂ, ਸਮਾਨਤਾ ਅਤੇ ਨਿਆਂ ਲਈ ਸਰਗਰਮ ਹੋਣ ਦੀ ਪ੍ਰੇਰਨਾ ਦਿੰਦਾ ਹੈ। 'ਸਰਬੱਤ ਦਾ ਭਲਾ' ਖ਼ਾਲਸਾ ਸਾਜਨਾ ਦਿਵਸ ਦਾ ਕੇਂਦਰੀ ਸੰਦੇਸ਼ ਹੈ। ਇਹ ਸੰਕਲਪ ਵਿਸ਼ਵ ਸ਼ਾਂਤੀ ਅਤੇ ਮਨੁੱਖੀ ਏਕਤਾ ਲਈ ਬਹੁਤ ਮਹੱਤਵਪੂਰਨ ਹੈ। ਇਹ ਦਿਵਸ ਸਾਨੂੰ ਨਿਡਰਤਾ, ਸੇਵਾ, ਤਿਆਗ ਅਤੇ ਸੱਚ ਦੇ ਮਾਰਗ 'ਤੇ ਚੱਲਣ ਦੀ ਸਿੱਖਿਆ ਦਿੰਦਾ ਹੈ। ਇਸ ਦਿਵਸ ਦੀ ਮਹਾਨਤਾ ਨੂੰ ਸੰਸਾਰ ਪੱਧਰ ' ਤੇ ਪ੍ਰਚਾਰਤ ਤੇ ਪ੍ਰਸਾਰਤ ਕਰਨਾ, ਸਾਡਾ ਸਭਨਾਂ ਦਾ ਮੁੱਢਲਾ ਫ਼ਰਜ਼ ਹੈ। -0-

ਸ਼ਾਮ ਨੂੰ 'ਸੋ-ਦਰੁ' ਦਾ ਪਾਠ ਤੇ ਸੋਣ ਤੋਂ ਪਹਿਲਾ 'ਸੋਹਿਲੇ' ਦਾ ਪਾਠ ਕਰੋਗੇ। ”

ਚਾਰ ਚੀਜ਼ਾਂ ਕਰਨ ਤੋਂ ਵਰਜਿਆ, ਜਿਨ੍ਹਾਂ ਨੂੰ ਚਾਰ ਕੁਰਹਿਤਾਂ ਕਿਹਾ ਗਿਆ। ਉਹ ਇਹ ਸਨ:

1. ਕੇਸਾਂ ਦੀ ਬੇ-ਅਦਬੀ।
2. ਪਰ-ਇਸਤਰੀ ਜਾਂ ਪਰ-ਪੁਰਖ ਦਾ ਸੰਗ।
3. ਤਮਾਕੂ ਦਾ ਸੇਵਨ।
4. ਕੁੱਠੇ ਮਾਸ ਦੀ ਵਰਤੋਂ (ਕੁੱਠਾ ਉਹ ਮਾਸ ਹੈ, ਜੋ ਬੱਕਰੇ ਆਦਿ ਜਾਨਵਰ ਨੂੰ ਕਲਮਾ ਪੜ੍ਹਨ ਦੇ ਨਾਲ-ਨਾਲ ਗਰਦਨ ਤੇ ਹੌਲੀ-ਹੌਲੀ ਛੁਰੀ ਫੇਰ ਕੇ ਤਿਆਰ ਕੀਤਾ ਜਾਂਦਾ ਹੈ।)

ਸਤਿਗੁਰਾਂ ਨੇ ਇਹ ਵੀ ਕਿਹਾ ਕਿ ਚਾਰ ਕੁਰਹਿਤਾਂ ਵਿਚੋਂ ਕੋਈ ਇਕ ਕੁਰਹਿਤ ਕਰਨ ਨਾਲ ਵੀ ਸਿੱਖ ਪਤਿਤ ਸਮਝਿਆ ਜਾਵੇਗਾ ਤੇ ਸਿੱਖ ਧਰਮ ਅਪਨਾਉਣ ਲਈ ਉਸ ਨੂੰ ਦੁਬਾਰਾ ਅੰਮ੍ਰਿਤ ਛਕਣਾ ਪਵੇਗਾ।

ਇਨ੍ਹਾਂ ਤੋਂ ਇਲਾਵਾ ਹੋਰ ਵਿਧ-ਨਿਖੇਧ ਵੀ ਦੱਸੇ, ਜੋ ਅਜੋਕੀ ਸਿੱਖ ਰਹਿਤ ਮਰਿਯਾਦਾ ਅਤੇ ਪੁਰਾਣੇ ਰਹਿਤਨਾਮਿਆਂ ਵਿਚ ਵਿਸਥਾਰ ਨਾਲ ਦਿੱਤੇ ਹੋਏ ਹਨ। ਅਹਿਮਦਸ਼ਾਹ ਬਟਾਲੀਏ ਅਤੇ ਬੂਟੇ ਸ਼ਾਹ ਦੇ ਅਨੁਸਾਰ ਗੁਰੂ ਪਾਤਸ਼ਾਹ ਨੇ ਸਿੱਖਾਂ ਨੂੰ ਕਿਹਾ:

“ਮੈਂ ਚਾਹੁੰਦਾ ਹਾਂ ਕਿ ਤੁਸੀ ਸਾਰੇ ਇਕ ਰਾਹ ਤੇ ਚੱਲੋ ਅਤੇ ਇਕੋ ਧਰਮ ਅਪਣਾਓ। ਵੱਖ-ਵੱਖ ਜਾਤਾਂ ਦੇ ਵਖਰੇਵੇਂ ਮਿਟਾ ਦਿਓ। ਹਿੰਦੂਆਂ ਦੀਆਂ ਚਾਰ ਜਾਤਾਂ ਨੂੰ, ਜਿਨ੍ਹਾਂ ਦਾ ਵਰਣਨ ਸ਼ਾਸਤਰਾਂ ਵਿਚ ਆਇਆ ਹੈ, ਜੜ੍ਹੋਂ ਹੀ ਮੁਕਾ ਦਿਓ ਤੇ ਇਕ ਦੂਜੇ ਨਾਲ ਖੁਲ੍ਹ ਕੇ ਮਿਲੋ। ਕੋਈ ਇਕ ਦੂਜੇ ਨਾਲੋਂ ਆਪਣੇ ਆਪ ਨੂੰ ਉੱਚਾ ਵੱਡਾ ਨਾ ਸਮਝੇ। (ਤੀਰਥ) ਯਾਤਰਾ ਕਰਨ ਦਾ ਕੋਈ ਲਾਭ ਨਹੀਂ। ਕਿਸੇ ਗਨੇਸ਼ ਆਦਿ ਵੱਲ ਧਿਆਨ ਨਾ ਦਿਓ। ਵੇਦਾਂ ਸ਼ਾਸਤਰਾਂ ਤੋਂ ਉਤਾਂਹ ਉਠੋ। ਰਾਮ, ਕ੍ਰਿਸ਼ਨ, ਬ੍ਰਹਮਾ ਅਤੇ ਦੁਰਗਾ ਆਦਿ ਨੂੰ ਪੂਜਣ ਦੀ ਕੋਈ ਲੋੜ ਨਹੀਂ। ਸਿਰਫ਼ ਗੁਰੂ ਨਾਨਕ ਦੇਵ ਜੀ ਅਤੇ ਬਾਕੀ ਗੁਰੂਆਂ ਤੇ ਵਿਸ਼ਵਾਸ ਲਿਆਓ। ਸਾਰੇ ਇਕੋ ਬਾਟੇ ਵਿਚੋਂ ਅੰਮ੍ਰਿਤ ਛਕੋ ਅਤੇ ਦੂਜੇ ਨਾਲ ਪਿਆਰ ਕਰਕੇ, ਨਫਰਤ ਦੂਰ ਕਰੋ। ”

ਫਿਰ ਗੁਰੂ ਸਾਹਿਬ ਨੇ ਉਨ੍ਹਾਂ ਪੰਜਾਂ-ਪਿਆਰਿਆਂ ਤੋਂ ਖ਼ੁਦ ਅੰਮ੍ਰਿਤ ਦੀ ਜਾਚਨਾ ਕੀਤੀ ਅਤੇ ਪੰਜਾਂ ਪਿਆਰਿਆਂ ਨੇ ਗੁਰੂ ਸਾਹਿਬ ਨੂੰ ਅੰਮ੍ਰਿਤਪਾਨ ਕਰਵਾਇਆ ਤੇ ਉਨ੍ਹਾਂ ਦਾ ਨਾਂ ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਵਿਚ ਬਦਲ ਗਿਆ। ਨਵੀਂ ਕ੍ਰਾਂਤੀ ਆ ਗਈ। ਫਿਰ ਕੀ ਸੀ, ਸਾਰੀਆਂ ਸਿੱਖ ਸੰਗਤਾਂ ਨੇ ਅੰਮ੍ਰਿਤਪਾਨ ਕੀਤਾ। ਲਿਖਾਰੀ ਗ਼ੁਲਾਮ ਮੁਹੱਈਉੱਦੀਨ (ਦੂਜਾ ਨਾਮ-ਬੂਟੇ ਸ਼ਾਹ) ਦੇ ਕਹਿਣ ਮੁਤਾਬਿਕ ਉਦੋਂ ਵੀਹ ਹਜ਼ਾਰ ਪ੍ਰਾਣੀਆਂ ਨੇ ਅੰਮ੍ਰਿਤ-ਪਾਨ ਕੀਤਾ। ਇੰਵ ਸਾਰੇ ਸਿੱਖ ਇਕੋ ਪੱਕੇ ਰਿਸ਼ਤੇ ਵਿਚ ਬੰਨ੍ਹੇ ਗਏ, ਜਿਨ੍ਹਾਂ ਦਾ ਮਾਤਾ, ਪਿਤਾ, ਜਨਮ-ਅਸਥਾਨ, ਵਾਸੀ, ਸਰੂਪ, ਪੁਸ਼ਾਕ, ਜੀਵਨ-ਸੰਸਕਾਰ, ਸਭ ਇਕੋ ਜਿਹੇ ਹੋ ਗਏ ਸਨ। ਪਹਿਲਾਂ ਹਰੇਕ ਸਿੱਖ 'ਇਕੱਲਾ' ਸੀ, ਹੁਣ ਉਹ 'ਪੰਥ' ਵਿਚ ਸਮਾ ਗਿਆ ਸੀ; ਉਸ ਪੰਥ ਵਿਚ, ਜਿਸ ਵਿਚ ਅੰਮ੍ਰਿਤਪਾਨ ਕਰਕੇ, ਗੁਰੂ ਗੋਬਿੰਦ ਸਿੰਘ ਸਾਹਿਬ ਖ਼ੁਦ ਸਮਾ ਗਏ ਸਨ। ਜਿਵੇਂ ਇਕ ਬੂੰਦ ਦਾ ਕੋਈ ਮਹੱਤਵ ਨਹੀਂ ਹੁੰਦਾ, ਪਰ ਬੂੰਦ-ਬੂੰਦ ਹੋ ਕੇ ਸਮੁੰਦਰ ਬਣ ਜਾਂਦਾ ਹੈ, ਤੇ ਪਾਣੀ ਇਕ ਮਹਾਨ ਸ਼ਕਤੀ ਦਾ ਰੂਪ ਧਾਰ ਲੈਂਦੀ ਹੈ, ਇਵੇਂ ਜਦੋਂ ਸਿੱਖ 'ਪੰਥ' ਦਾ ਰੂਪ ਬਣ ਗਏ, ਤਾਂ ਉਹ ਇਕ ਮਹਾਨ ਸ਼ਕਤੀ ਦਾ ਅੰਗ ਬਣ ਗਏ। ਉਹ ਸ਼ਕਤੀ ਜਿਸ ਨੇ ਹਿੰਦੁਸਤਾਨ ਦੇ ਇਤਿਹਾਸ ਵਿਚ ਇਕ ਮਹੱਤਵਪੂਰਨ ਰੋਲ ਅਦਾ ਕੀਤਾ। ਜਿੱਥੇ 'ਪੰਥ' ਨੇ ਧਰਮ ਦਾ ਪ੍ਰਚਾਰ ਕੀਤਾ, ਸਮਾਜਿਕ ਕੁਰੀਤੀਆਂ ਨੂੰ ਦੂਰ ਕੀਤਾ, ਉੱਥੇ ਇਕ ਖਾਸ-ਕਿਸਮ ਦੇ ਰਾਜ-ਪ੍ਰਬੰਧ ਦਾ ਨਮੂਨਾ ਵੀ ਪੇਸ਼ ਕੀਤਾ, ਜੋ ਬਾਬਾ ਬੰਦਾ ਸਿੰਘ ਬਹਾਦਰ ਦੀ ਜਥੇਦਾਰੀ ਥੱਲੇ ਸਥਾਪਿਤ ਹੋਇਆ।

**ਪੰਥ ਰਚਨਾ ਦਾ ਇਤਿਹਾਸ ਪੁਰ ਪ੍ਰਭਾਵ**

ਖਾਲਸਾ ਪੰਥ ਦੀ ਸਿਰਜਨਾ ਇਕ ਬਹੁਤ ਹੀ ਮਹੱਤਵਪੂਰਨ ਇਤਿਹਾਸਕ ਘਟਨਾ ਹੈ। ਇਸ ਦਿਨ ਉਸ ਅਕਾਲ-ਪੁਰਖੀ ਫੌਜ ਦਾ ਜਨਮ ਹੋਇਆ, ਜਿਸ ਨੇ ਇਤਿਹਾਸ ਨੂੰ ਇਕ ਨਵਾਂ ਮੋੜ ਦਿੱਤਾ। ਸਦੀਆਂ ਤੋਂ ਵਿਦੇਸ਼ੀ ਲੁਟੇਰਿਆਂ, ਹਾਕਮਾਂ ਦੇ ਜ਼ੁਲਮ-ਸਿਤਮ ਸਹਿਣ ਵਾਲੇ ਲੋਕ ਆਪਣੀ ਜਨਮ-ਭੂਮੀ ਦੇ ਮਾਲਕ (ਰਾਜੇ) ਬਣ ਗਏ ਅਤੇ ਹਮਲਾਵਰਾਂ ਦੇ ਦੇਸ਼ਾਂ ਵਿਚ ਜਾ ਕੇ ਉਨ੍ਹਾਂ ਨੂੰ ਸਜ਼ਾਵਾਂ ਦੇਣ ਅਤੇ ਉੱਥੇ ਆਪਣਾ ਰਾਜਸੀ ਦਬਦਬਾ ਕਾਇਮ ਕਰਨ ਦੇ ਯੋਗ ਹੋ ਗਏ।

**ਖ਼ਾਲਸੇ ਦੀ ਸਿਰਜਨਾ-ਗੁਰੂ ਨਾਨਕ ਪਾਤਸ਼ਾਹ ਜੀ ਦੇ ਉਦੇਸ਼ਾਂ ਦੀ ਪੂਰਤੀ ਲਈ**

ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਸਾਜਣ ਸੰਬੰਧੀ ਆਮ ਲੋਕਾਂ ਵਿਚ ਤੇ ਵਿਦਵਾਨਾਂ ਵਿਚ ਕਈ ਭੁਲੇਖੇ ਪਏ ਹੋਏ ਹਨ। ਕਈ ਕਹਿੰਦੇ ਹਨ ਕਿ ਖ਼ਾਲਸਾ-ਪੰਥ ਕੇਵਲ ਉਸ ਸਮੇਂ ਦੀ ਲੋੜ ਨੂੰ ਪੂਰਾ ਕਰਨ ਲਈ ਸਾਜਿਆ ਗਿਆ ਸੀ; ਕਈ ਕਹਿੰਦੇ ਹਨ ਕਿ ਹਿੰਦੂ ਧਰਮ ਦੀ ਰੱਖਿਆ ਲਈ ਸਾਜਿਆ ਗਿਆ ਸੀ; ਕਈ ਤਾਂ ਹੋਰ ਨਿਰਾਲੀ ਗੱਲ ਕਰਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਸਾਜ ਕੇ ਸਿੱਖਾਂ ਨੂੰ ਗੁਰੂ ਨਾਨਕ ਪਾਤਸ਼ਾਹ ਦੇ ਅਧਿਆਤਮਕ-ਰਾਹ ਉਪਰੋਂ ਹਟਾ ਕੇ, ਸੈਨਿਕਾਂ ਦੇ ਰੂਪ ਵਿਚ ਬਦਲ ਕੇ, ਹੋਰ ਪਾਸੇ ਤੋਰ ਦਿੱਤਾ ਸੀ। ਇਸ ਤਰ੍ਹਾਂ ਦੀਆਂ ਗੱਲਾਂ ਕਈ ਤਾਂ ਗੁਰਮਤਿ-ਵਿਚਾਰਧਾਰਾ ਤੇ ਗੁਰੂ-ਸਾਹਿਬਾਨ ਦੇ ਇਤਿਹਾਸ ਦੀ ਜਾਣਕਾਰੀ ਪ੍ਰਾਪਤ ਕਰਨ ਤੋਂ ਬਿਨਾਂ ਅਣਜਾਣਪੁਣੇ ਵਿਚ ਕਹਿ ਦਿੰਦੇ ਹਨ ਕਿ ਕਈ ਸਿੱਖ ਧਰਮ ਦੇ ਦੋਖੀ ਜਾਣ-ਬੁੱਝ ਕੇ ਕਹਿੰਦੇ ਹਨ।

ਸਾਹਿਬ ਸ੍ਰੀ ਗੁਰੂ ਨਾਨਕ ਸਾਹਿਬ ਜੀ ਤੋਂ ਲੈ ਕੇ ਦਸਮ ਪਾਤਸ਼ਾਹ ਤੱਕ ਦੇ ਗੁਰ-ਇਤਿਹਾਸ ਨੂੰ ਜੇ ਧਿਆਨ ਨਾਲ ਵਾਚਿਆ ਜਾਵੇ ਤਾ ਇਕ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਭਾਵੇਂ ਖ਼ਾਲਸਾ-ਪੰਥ ਦੀ ਰਚਨਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੀਤੀ ਸੀ, ਪਰ ਨੀਂਹ ਗੁਰੂ ਨਾਨਕ ਸਾਹਿਬ ਨੇ ਹੀ ਰੱਖ ਦਿੱਤੀ ਸੀ। ਮਗ਼ਰਲੇ ਅੱਠ ਗੁਰੂ-ਸਾਹਿਬਾਨ ਨੇ ਉਸ ਨੀਂਹ ਉਪਰ ਖ਼ਾਲਸਾ-ਪੰਥ ਰੂਪੀ ਮਹੱਲ ਦੀ ਉਸਾਰੀ ਕੀਤੀ ਅਤੇ ਦਸਵੇਂ ਗੁਰੂ ਜੀ ਨੇ ਉਸ ਮਹੱਲ ਨੂੰ ਸੰਵਾਰ-ਸ਼ਿੰਗਾਰ ਕੇ ਅੰਤਿਮ ਰੂਪ ਬਖਸ਼ਿਆ।

ਖਾਲਸਾ ਪੰਥ ਦੀ ਸਿਰਜਨਾ ਉਨ੍ਹਾਂ ਸਿਧਾਂਤਾਂ ਦੇ ਪ੍ਰਚਾਰ ਅਤੇ ਰੱਖਿਆ ਲਈ ਕੀਤੀ ਗਈ ਸੀ, ਜਿਹੜੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪ੍ਰਚਾਰੇ ਸਨ। ਗੁਰੂ ਨਾਨਕ ਜੀ ਦੇ ਪ੍ਰਚਾਰ ਢੰਗ ਤੋਂ ਇਕ ਗੱਲ ਬੜੇ ਪੱਕੇ ਰੂਪ ਵਿਚ ਉਘੜਦੀ ਹੈ ਕਿ ਚੰਗੇ ਸਿਧਾਂਤ ਤਦੋਂ ਤੱਕ ਨਹੀਂ ਫੈਲ਼ ਸਕਦੇ ਜਦੋਂ ਤੱਕ ਉਨ੍ਹਾਂ ਨੂੰ ਫੈਲਾਉਣ ਦਾ ਜਥੇਬੰਦਕ ਢੰਗ ਨਹੀਂ ਉਲੀਕਿਆ ਜਾਂਦਾ। ਏਸੇ ਲਈ ਗੁਰੂ ਨਾਨਕ ਸਾਹਿਬ ਆਪਣੀ ਸਮੁੱਚੀ ਜੀਵਨ-ਯਾਤਰਾ ਵਿਚ ਗੁਰਮਤਿ-ਸਿਧਾਂਤਾਂ ਨੂੰ ਪ੍ਰਚਾਰਨ ਵਿਚ ਲੱਗੇ ਰਹੇ। ਤਲਵੰਡੀ ਵਿਚ,ਸੁਲਤਾਨਪੁਰ ਵਿਚ, ਲੰਮੇ-ਲੰਮੇ ਪ੍ਰਚਾਰ ਦੌਰਿਆਂ (ਉਦਾਸੀਆਂ) ਵਿਚ, ਕਰਤਾਰਪੁਰ ਵਿਖੇ ਅਤੇ ਅਖ਼ੀਰਲੀ ਉਮਰ ਵਿਚ ਪੰਜਾਬ ਤੇ ਇਸ ਦੇ ਨਾਲ ਲੱਗਦੇ ਵੱਖ-ਵੱਖ ਅਸਥਾਨਾਂ ਵਿਚ, ਗੁਰੂ ਜੀ ਨੇ ਪ੍ਰਚਾਰ ਦੇ ਕੰਮ ਨੂੰ ਲਗਾਤਾਰ ਜਾਰੀ ਰੱਖਿਆ।

ਪ੍ਰਚਾਰ ਦੌਰਿਆਂ ਸਮੇਂ ਵੱਖ-ਵੱਖ ਥਾਵਾਂ ਉਤੇ ਧਰਮ ਪ੍ਰਚਾਰਕ ਨਿਯਤ ਕੀਤੇ ਅਤੇ 'ਸੰਗਤਾਂ' ਥਾਪੀਆਂ। ਇੰਨੇ ਯਤਨਾਂ ਨੂੰ ਵੀ ਗੁਰੂ ਜੀ ਨੇ ਕਾਫ਼ੀ ਨਹੀਂ ਸਮਝਿਆ, ਕਿਉਂਕਿ ਉਹ ਜਾਣ ਗਏ ਸਨ ਕਿ ਜਿਹੋ ਜਿਹੇ ਸਮਾਜ ਦੀ ਉਹ ਘਾੜਤ ਘੜਨਾ ਚਾਹੁੰਦੇ ਹਨ, ਉਹ ਕੁਝ ਸਾਲਾਂ ਵਿਚ ਹੀ ਨਹੀਂ, ਸਗੋਂ ਸਦੀਆਂ ਵਿਚ ਸਖ਼ਤ ਮਿਹਨਤ ਅਤੇ ਵਿਉਂਤਬੰਦੀ ਮਗਰੋਂ ਹੀ ਘੜੀ ਜਾ ਸਕਦੀ ਹੈ। ਇਸ ਦਾ ਕਾਰਣ ਇਹ ਸੀ ਕਿ ਗੁਰੂ ਨਾਨਕ ਪਾਤਸ਼ਾਹ ਦੇ ਵੇਲੇ ਦਾ ਸਮਾਜ ਸਰਬਪੱਖੀ ਗਿਰਾਵਟ ਦਾ ਸ਼ਿਕਾਰ ਹੋ ਚੁੱਕਾ ਸੀ। ਲੋਕੀਂ ਇਕ ਪ੍ਰਭੂ ਦਾ ਲੜ ਛੱਡ ਕੇ ਸੈਂਕੜੇ ਦੇਵੀ ਦੇਵਤਿਆਂ ਦੇ ਆਰਾਧਕ ਬਣ ਗਏ ਸਨ, ਸਦਾਚਾਰੀ ਜੀਵਨ ਦੀ ਥਾਂ ਉਤੇ ਲੋਕ ਧਾਰਮਿਕ ਭੇਖਾਂ ਨੂੰ ਤਰਜੀਹ ਦਿੰਦੇ ਸਨ। ਬੁੱਤ ਪੂਜਾ, ਦਰੱਖਤਾਂ ਦੀ ਪੂਜਾ, ਜਾਨਵਰਾਂ ਦੀ ਪੂਜਾ, ਜਾਦੂ-ਟੂਣੇ, ਕੁਦਰਤੀ ਸ਼ਕਤੀਆਂ (ਚੰਦ, ਸੂਰਜ, ਅਗਨੀ) ਦੀ ਪੂਜਾ ਦਾ ਹਰ ਪਾਸੇ ਜ਼ੋਰ ਸੀ। ਹਿੰਦੂ ਸਮਾਜ ਮੁਰਦਾ ਹੋ ਚੁੱਕਾ ਸੀ। ਇਥੋਂ ਦੇ 'ਬਲਸ਼ਾਲੀ' ਰਾਜਪੂਤ ਵੀ ਮੁਸਲਮਾਨ ਹਾਕਮਾਂ ਦੀ ਖ਼ੁਸ਼ੀ ਪ੍ਰਾਪਤ ਕਰਨ ਲਈ ਉਨ੍ਹਾਂ ਨੂੰ ਆਪਣੀਆਂ ਧੀਆਂ ਦੇ ਡੋਲੇ ਦਿੰਦੇ ਸਨ। ਸਮਾਜ ਵਿਚ ਰਿਸ਼ਵਤ ਜ਼ੋਰਾਂ ਤੇ ਸੀ ਅਤੇ ਇਨਸਾਫ ਦਾ ਕੰਮ ਕਾਜ਼ੀਆਂ ਦੇ ਹੱਥ ਸੀ, ਜੋ ਰਿਸ਼ਵਤ ਲੈ ਕੇ ਨਿਆਂ ਬਦਲ ਦਿੰਦੇ ਸਨ। ਪੁਰਸ਼ ਅਤੇ ਇਸਤਰੀ ਦਾ ਸੰਬੰਧ ਕੇਵਲ ਮਾਇਆ (ਰੁਪਏ-ਪੈਸੇ) ਕਰਕੇ ਹੀ ਸੀ। ਕਈ ਵਰਗਾਂ, ਜਾਤਾਂ, ਉਪਜਾਤਾਂ ਵਿਚ ਵੰਡੇ ਹੋਣ ਕਰਕੇ ਸਮਾਜ ਵਿਚ ਮਨੁੱਖ ਇਕ ਦੂਜੇ ਨਾਲ ਈਰਖਾ ਕਰਦੇ ਸਨ। (ਸ਼ੂਦਰ) ਦੀ ਹਾਲਤ

ਬਹੁਤ ਤਰਸਯੋਗ ਸੀ। ਬਾਕੀ 'ਵਰਨਾਂ' ਦੀ 'ਨਿਸ਼ਕਾਮ ਸੇਵਾ' ਕਰਨ ਮਗਰੋਂ ਵੀ ਉਹ ਨੀਚ ਹੀ ਕਹਾਉਂਦਾ ਸੀ। ਲੋਕੀ ਉਸ ਦੇ ਪਰਛਾਵੇਂ ਤੋਂ ਵੀ ਦੂਰ ਰਹਿੰਦੇ ਸਨ, ਉਸ ਨੂੰ ਧਰਮ-ਕਰਮ ਕਰਨ ਦੀ ਵੀ ਮਨਾਹੀ ਸੀ। ਕੁਝ ਇਸ ਤਰ੍ਹਾਂ ਦੀ ਹਾਲਤ ਹੀ 'ਇਸਤਰੀ' ਦੀ ਸੀ। ਰਾਜੇ ਵੀ ਰਾਜ-ਪ੍ਰਬੰਧ ਕਰਨ ਦੀ ਥਾਂ ਉੱਤੇ ਐਸ਼ ਪ੍ਰਸਤ ਅਤੇ ਕੁਕਰਮੀ ਹੋ ਗਏ ਸਨ, ਜਨਤਾ ਦਾ ਖ਼ੂਨ ਚੂਸਣਾ ਉਨ੍ਹਾਂ ਦਾ ਮੁੱਖ ਕੰਮ ਸੀ।

ਇਸ ਸਾਰੀ ਦਸ਼ਾ ਨੂੰ ਗੁਰੂ ਜੀ ਨੇ ਆਪਣੀ ਬਾਣੀ ਵਿਚ ਕਈ ਥਾਂ ਬਿਆਨ ਕੀਤਾ ਹੈ। ਬਾਣੀ ਵਿਚੋਂ ਕੁਝ ਕੁ ਹਵਾਲੇ ਹੇਠਾਂ ਦਿੱਤੇ ਜਾਂਦੇ ਹਨ:

**1. ਕਾਦੀ ਕੂੜੁ ਬੋਲਿ ਮਲੁ ਖਾਇ॥ ਬ੍ਰਾਹਮਣੁ ਨਾਵੈ ਜੀਆ ਘਾਇ॥**
**ਜੋਗੀ ਜੁਗਤਿ ਨ ਜਾਣੈ ਅੰਧੁ॥ ਤੀਨੇ ਓਜਾੜੇ ਕਾ ਬੰਧੁ॥ (662)**
**2. ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ॥**
**ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ॥**
**(722)**
**3. ਸਰਮ ਧਰਮ ਕਾ ਡੇਰਾ ਦੂਰਿ॥ ਨਾਨਕ ਕੂੜੁ ਰਹਿਆ ਭਰਪੂਰਿ॥**
**(471)**
**4.ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥**
**ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥ (145)**
**5. ਰਾਜੇ ਸੀਹ ਮੁਕਦਮ ਕੁਤੇ॥ ਜਾਇ ਜਗਾਇਨਿ੍ ਬੈਠੇ ਸੁਤੇ॥**
**ਚਾਕਰ ਨਹਦਾ ਪਾਇਨਿ੍ ਘਾਉ॥ ਰਤੁ ਪਿਤੁ ਕੁਤਿਹੋ ਚਟਿ ਜਾਹੁ॥**
**(1288)**

ਭਾਈ ਗੁਰਦਾਸ ਜੀ ਇਸ ਸਾਰੀ ਦਸ਼ਾ ਨੂੰ ਆਪਣੀ ਪਹਿਲੀ ਵਾਰ ਦੀ ਤੀਹਵੀਂ ਪਉੜੀ ਵਿਚ ਇੰਞ ਬਿਆਨ ਕਰਦੇ ਹਨ:

**ਕਲਿ ਆਈ ਕੁਤੇ ਮੁਹੀ ਖਾਜੁ ਹੋਇਆ ਮੁਰਦਾਰ ਗੁਸਾਈ।**
**ਰਾਜੇ ਪਾਪ ਕਮਾਵਦੇ ਉਲਟੀ ਵਾੜ ਖੇਤ ਕਉ ਖਾਈ।**
**ਪਰਜਾ ਅੰਧੀ ਗਿਆਨ ਬਿਨੁ ਕੂੜੁ ਕੁਸਤਿ ਮੁਖਹੁ ਆਲਾਈ।**
**ਚੇਲੇ ਸਾਜ ਵਜਾਇਦੇ ਨਚਨਿ ਗੁਰੂ ਬਹੁਤੁ ਬਿਧਿ ਭਾਈ।**
**ਸੇਵਕ ਬੈਠਨਿ ਘਰਾ ਵਿਚਿ ਗੁਰ ਉਠਿ ਘਰੀ ਤਿਨਾੜੇ ਜਾਈ।**
**ਕਾਜੀ ਹੋਏ ਰਿਸਵਤੀ ਵਢੀ ਲੈ ਕੈ ਹਕ ਗਵਾਈ।**
**ਇਸਤ੍ਰੀ ਪੁਰਖੈ ਦਾਮ ਹਿਤੁ ਭਾਵੈ ਆਇ ਕਿਥਾਊ ਜਾਈ।**
**ਵਰਤਿਆ ਪਾਪ ਸਭਸ ਜਗ ਮਾਂਹੀ। (ਵਾਰ-1, ਪਉੜੀ-30)**

ਸੋ ਸਮਾਜ ਨੂੰ ਪੂਰੀ ਤਰ੍ਹਾਂ ਬਦਲਣ ਦੀ ਜ਼ਰੂਰਤ ਸੀ ਅਤੇ ਇਸ ਮੰਤਵ ਦੀ ਪ੍ਰਾਪਤੀ ਲਈ ਗੁਰੂ ਨਾਨਕ ਪਾਤਸ਼ਾਹ ਦੇ ਸਾਹਮਣੇ ਤਿੰਨ ਮੁੱਖ ਕੰਮ ਸਨ:

(1) ਲੋਕਾਂ ਨੂੰ ਅੰਧ ਵਿਸ਼ਵਾਸਾਂ, ਕਰਮ ਕਾਂਡਾਂ ਅਤੇ ਗ਼ਲਤ ਵਿਚਾਰਾਂ ਵਲੋਂ ਹਟਾ ਕੇ ਇਸ ਪ੍ਰਭੂ ਦੇ ਲੜ ਲਾਉਣਾ ਅਤੇ ਉਨ੍ਹਾਂ ਅੰਦਰ ਸੱਚੇ ਧਰਮ ਦਾ ਸੰਚਾਰ ਕਰਨਾ।

(2) ਸਮਾਜ ਵਿੱਚ ਪਸਰੀਆਂ ਬੁਰਾਈਆਂ ਨੂੰ ਦੂਰ ਕਰਨਾ।

(3) ਲੋਕਾਂ ਨੂੰ ਇਸ ਕਦਰ ਬਹਾਦਰ ਬਣਾਉਣਾ ਕਿ ਉਹ ਰਾਜਿਆਂ ਦੇ ਜ਼ੁਲਮਾਂ ਦਾ ਟਾਕਰਾ ਕਰ ਸਕਣ ਅਤੇ ਲੋਕ ਹਿਤਾਂ ਵਾਲਾ ਸੁਖਾਵਾਂ ਰਾਜ-ਪ੍ਰਬੰਧ ਕਾਇਮ ਕਰ ਸਕਣ।

ਗੁਰੂ ਨਾਨਕ ਸਾਹਿਬ ਨੇ ਲੋਕਾਂ ਨੂੰ ਜਥੇਬੰਦ ਕੀਤਾ ਅਤੇ ਉਨ੍ਹਾਂ ਨੂੰ ਸਹੀ ਧਰਮ ਦੇ ਲੜ ਲੱਗਣ, ਸਮਾਜਿਕ ਕੁਰੀਤੀਆਂ ਦੂਰ ਕਰਨ ਤੇ ਜ਼ੁਲਮਾਂ ਦੇ ਵਿਰੁੱਧ ਡਟ ਜਾਣ ਦਾ ਉਪਦੇਸ਼ ਦਿੱਤਾ। ਸਿਰਫ ਉਪਦੇਸ਼ ਹੀ ਨਹੀਂ ਦਿੱਤਾ ਸਗੋਂ ਇਨ੍ਹਾਂ ਖੇਤਰਾਂ ਵਿਚ ਲੋਕਾਂ ਦੀ ਅਗਵਾਈ ਵੀ ਕੀਤੀ।ਆਪਣਾ ਜੀਵਨ ਅਸਲੀ ਧਰਮ ਦੇ ਮੁਤਾਬਿਕ ਜੀਅ ਕੇ ਦੱਸਿਆ। ਸਮਾਜਿਕ ਕੁਰੀਤੀਆਂ ਵਿਰੁੱਧ ਉਹ ਡਟ ਕੇ ਖਲੋ ਗਏ। ਰਾਜਿਆਂ ਦੇ ਜ਼ੁਲਮਾਂ ਵਿਰੁੱਧ ਆਮ ਜਨਤਾ ਨੂੰ ਖੜ੍ਹਿਆਂ ਕੀਤਾ ਅਤੇ ਉਨ੍ਹਾਂ ਦੀ ਅਗਵਾਈ ਵੀ ਕੀਤੀ ਇਹ ਗੁਰੂ ਨਾਨਕ ਹੀ ਸਨ ਜਿਨ੍ਹਾਂ ਨੇ ਬਾਬਰ ਨੂੰ ਸਨਮੁੱਖ ਹੋ ਕੇ ਜ਼ਾਬਰ ਕਿਹਾ। "ਬਾਬਰਵਾਣੀ" ਉਚਾਰੀ। ਇਸੇ ਕਰਕੇ ਉਨ੍ਹਾਂ ਬਾਬਰ ਦੀ ਕੈਦ ਤੱਕ ਕੱਟੀ।

ਸਮਾਜ ਨੂੰ ਪੂਰੀ ਤਰ੍ਹਾਂ ਬਦਲਣ ਲਈ ਲੰਮੇ ਸਮੇਂ ਦੀ ਲੋੜ ਸੀ। ਇਸੇ ਕਰਕੇ ਸਾਰਾ ਕੰਮ ਗੁਰੂ ਨਾਨਕ ਸਾਹਿਬ ਜੀ ਨੇ ਦਸ ਜਾਮਿਆਂ (ਸਰੀਰਾਂ) ਵਿਚ ਸੰਪੂਰਨ ਕੀਤਾ। ਦਸਵੇਂ ਜਾਮੇ ਵਿਚ ਵੀ ਉਨ੍ਹਾਂ ਨੇ ਆਪਣਾ ਮਨੋਰਥ ਇਹ ਹੀ ਦੱਸਿਆ ਜੋ ਉਨ੍ਹਾਂ ਨੇ ਪਹਿਲੇ ਜਾਮੇ ਵਿਚ ਦੱਸਿਆ ਸੀ। ਫੈਲ ਰਹੇ ਪਖੰਡਾਂ ਦਾ ਉਨ੍ਹਾਂ ਮੁੜ ਕੇ ਜ਼ਿਕਰ ਕੀਤਾ ਤੇ ਕਿਹਾ:

**ਤੀਰਥ ਨਾਨ ਦਇਆ ਦਮ ਦਾਨ ਸੁ ਸੰਜਮ ਨੇਮ ਅਨੇਕ ਬਿਸੇਖੈ॥**
**ਬੇਦ ਪੁਰਾਨ ਕਤੇਬ ਕੁਰਾਨ ਜਮੀਨ ਜਮਾਨ ਸਬਾਨ ਕੇ ਪੇਖੈ॥**
**ਪਉਨ ਅਹਾਰ ਜਤੀ ਜਤ ਧਾਰ ਸਬੈ ਸੁ ਬਿਚਾਰ ਹਜਾਰ ਕ ਦੇਖੈ॥**
**ਸ੍ਰੀ ਭਗਵਾਨ ਭਜੇ ਬਿਨੁ ਭੂਪਤਿ ਏਕ ਰਤੀ ਬਿਨੁ ਏਕ ਨ ਲੇਖੈ॥**
**(ਅਕਾਲ ਉਸਤਤਿ)**

ਅਤੇ

**ਕਾਹੂ ਲੈ ਪਾਹਨ ਪੂਜ ਧਰਯੋ ਸਿਰ ਕਾਹੂ ਲੈ ਲਿੰਗ ਗਰੇ ਲਟਕਾਇਓ॥**
**ਕਾਹੂ ਲਖਿਓ ਹਰਿ ਅਵਾਚੀ ਦਿਸਾ ਮਹਿ ਕਾਹੂ ਪਛਾਹ ਕੋ ਸੀਸੁ ਨਿਵਾਇਓ॥**
**ਕੋਊ ਬੁਤਾਨ ਕੋ ਪੂਜਤ ਹੈ ਪਸੁ ਕੋਊ ਮ੍ਰਿਤਾਨ ਕੋ ਪੂਜਨ ਧਾਇਓ॥**
**ਕੂਰਕ੍ਰਿਆ ਉਰਝਿਓ ਸਭ ਹੀ ਜਗ ਸ੍ਰੀ ਭਗਵਾਨ ਕੋ ਭੇਦੁ ਨ ਪਾਇਓ॥**
**(ਅਕਾਲ ਉਸਤਤਿ)**

ਦਸਵੇਂ ਜਾਮੇ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ, ਜਦ ਦੇਖਿਆ ਕਿ ਉਨ੍ਹਾਂ ਦਾ ਕੰਮ ਸੰਪੂਰਨ ਹੋ ਗਿਆ ਹੈ, ਤਾਂ ਉਨ੍ਹਾਂ ਨੇ ਸਤਿਗੁਰਾਂ ਨੇ ਮਤਿ ਨੂੰ ਸੰਪੂਰਨਤਾ ਬਖਸ਼ ਕੇ ਇਕ ਅਜਿਹਾ ਕੰਮ ਕੀਤਾ ਕਿ ਰਹਿੰਦੀ ਦੁਨੀਆਂ ਤੱਕ ਮੁੜ ਕੇ ਧਰਮ ਅਲੋਪ ਨਾ ਹੋ ਸਕੇ। ਉਸ ਵਿਚਾਰਧਾਰਾ ਦੀ ਰਾਖੀ ਲਈ ਜਿਸਨੂੰ ਪ੍ਰਗਟ ਕਰਨ ਤੇ ਪ੍ਰਚਾਰਨ ਵਿੱਚ ਉਨ੍ਹਾਂ ਨੇ 230 ਸਾਲ ਲਾਏ ਸਨ, ਸਿੱਖ ਪੰਥ ਦੀ ਰਚਨਾ ਕੀਤੀ। ਸਭ ਜਾਤਾਂ ਦੇ ਲੋਕਾਂ ਨੂੰ ਸਿੱਖ ਪੰਥ ਵਿਚ ਸ਼ਾਮਿਲ ਕਰਕੇ, ਨੀਚਾਂ ਨੂੰ ਉਚ ਕਰਨ, ਗਰੀਬਾਂ ਨੂੰ ਰਾਜੇ ਬਣਾਉਣ ਦਾ ਇਕਰਾਰ ਵੀ ਉਨ੍ਹਾਂ ਕੀਤਾ।

-0-

**ਸੰਪਾਦਕੀ : ਸਫਾ 7 ਦਾ ਬਾਕੀ**

8) ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਨੇ ਦ੍ਰਿੜਤਾ ਦਾ ਸਬਕ ਯਾਦ ਕਰਾਉਂਦਿਆਂ ਇਹ ਕਿਹਾ ਕਿ ਖਾਲਸਾ ਕਿਸੇ ਵੀ ਹਕੂਮਤ ਦਾ ਹੱਥ ਠੋਕਾ ਨਹੀਂ ਬਣੇਗਾ।

9) ਗੁਰੂ ਤੇਗ ਬਹਾਦਰ ਜੀ ਨੇ ਮਨੁੱਖਤਾ ਦੇ ਹੱਕਾਂ (ਹਿਊਮਨ-ਰਾਈਟਸ) ਲਈ ਆਪਣੀ ਕੁਰਬਾਨੀ ਦੇ ਕੇ ਖਾਲਸੇ ਦੀ ਸਿਰਜਣਾ ਵਿੱਚ ਅਨੋਖਾ ਰੰਗ ਭਰਿਆ ਹੈ।

10) ਗੁਰੂ ਗੋਬਿੰਦ ਸਿੰਘ ਜੀ ਨੇ ਗੁਣਾਂ ਭਰਪੂਰ ਖਾਲਸੇ ਨੂੰ ਪ੍ਰਗਟ ਕਰਕੇ ਕਹਿ ਦਿੱਤਾ- ਖਾਲਸਾ ਇੱਕ ਅਕਾਲ ਪੁਰਖ ਦਾ ਸਰੂਪ ਹੈ। ਇਸ ਵਿੱਚ ਉਹ ਸਾਰੇ ਗੁਣ ਹਨ, ਜੋ ਗੁਰੂ ਨਾਨਕ ਸਾਹਿਬ ਜੀ ਸਾਡੇ ਲਈ ਦਰਸ਼ਨ ਮਾਰਗ ਕੀਤੇ ਹਨ। ਪਰਿਵਾਰਕ ਮੋਹ ਦੀਆਂ ਹੱਦਾਂ ਨੂੰ ਤੋੜਦਿਆਂ ਪੁੱਤਰਾਂ ਦੀ ਸ਼ਹੀਦੀ ਦਿੱਤੀ। ਅਖ਼ੀਰ ਸ਼ਬਦ ਗੁਰੂ ਨੂੰ ਸਦਾ ਲਈ ਸਥਾਪਿਤ ਕਰਕੇ ਦੱਸ ਦਿੱਤਾ ਕਿ ਖਾਲਸੇ ਦੀ ਹਮੇਸ਼ਾਂ ਲਈ ਅਗਵਾਈ ਸ਼ਬਦ ਗੁਰੂ ਦੀ ਹੋਏਗੀ।

ਸੋ ਖਾਲਸੇ ਦੀ ਸਿਰਜਣਾ ਦਸ ਗੁਰੂ ਸਾਹਿਬਾਨ ਜੀ ਨੇ ਕੀਤੀ ਹੈ, ਜਿਸ ਦੀ ਆਰੰਭਤਾ ਵੇਈ ਨਦੀ ਤੋਂ ਹੋਈ ਅਤੇ ਮੁਕੰਮਲਤਾ ਅਨੰਦਪੁਰ ਸਾਹਿਬ ਜਾ ਕੇ ਹੋਈ। ਸਹਿਜ, ਵਿਚਾਰ, ਧੀਰਜ, ਕੁਰਬਾਨੀ, ਸੇਵਾ ਤੇ ਗਿਆਨ ਦਾ ਨਾਂ ਦੇ ਕੇ ਖਾਲਸੇ ਦੇ ਰੂਪ ਵਿੱਚ ਪ੍ਰਗਟ ਕਰ ਦਿੱਤਾ।

ਸਰ ਬੁਲੰਦੀ ਸਰ ਫ਼ਰੋਸ਼ੀ ਇਨਕਸਾਰੀ ਆਸਤੀਂ।
ਇਨ ਹੀ ਕੀ ਯਕਜਾਈ ਕਾ ਤੋ ਨਾਮ ਇੱਕ ਖਾਲਸਾ।

-0-

# ਕੀ ਗੁਰੂ ਨਾਨਕ ਸਾਹਿਬ ਦਾ ਧਰਮ; ਕੇਵਲ ਇਨਸਾਨੀਅਤ ਧਰਮ ਹੈ?



-ਗਿਆਨੀ ਅਵਤਾਰ ਸਿੰਘ

ਦਿਮਾਗੀ ਗਿਆਨ ਦੇ ਮੁਕਾਬਲੇ ਗੁਰਬਾਣੀ ਦਾ ਅਨੁਭਵੀ ਗਿਆਨ; ਬੜਾ ਉੱਚਾ-ਸੁੱਚਾ ਤੇ ਨਿਰਮਲ ਹੈ। ਇਸ ਨੂੰ ਗ੍ਰਹਿਣ ਕਰਨ ਲਈ ਬੰਦੇ ਨੂੰ ਆਪਣੇ ਅਨੁਭਵ ਦਾ ਸਹਾਰਾ ਲੈਣਾ ਪੈਣਾ ਹੈ ਯਾਨੀ ਗੁਰਬਾਣੀ ਮੁਤਾਬਕ ਥੋੜ੍ਹੀ ਬਹੁਤ ਪਹਿਲਾਂ ਕੀਤੀ ਕਮਾਈ ਹੀ ਅਗਲੀ ਪਉੜੀ ਦੇ ਅਨੁਭਵੀ ਗਿਆਨ ਨੂੰ ਸਮਝਣ ਅਤੇ ਉਸ ਨੂੰ ਕਮਾਉਣ 'ਚ ਮਦਦ ਕਰਦੀ ਹੈ। ਧਾਰਮਿਕ ਦ੍ਰਿਸ਼ਟੀਕੋਣ ਤੋਂ ਦਿਮਾਗ਼ੀ ਗਿਆਨ ਬੜਾ ਖ਼ੁਸ਼ਕ ਪ੍ਰਤੀਤ ਹੁੰਦੈ ਕਿਉਂਕਿ ਇਹ, ਅਨੁਭਵ ਗਿਆਨ ਨੂੰ ਦਿਮਾਗੀ ਪੈਮਾਨੇ ਨਾਲ ਨਾਪਦੈ, ਦਿਮਾਗੀ ਗਿਆਨ ਵਾਙ ਵਾਚਦੈ, ਜਿਸ ਨੂੰ ਪ੍ਰਗਟ ਕਰਨ ਲਈ ਗੁਰੂ ਸਾਹਿਬਾਨ ਨੇ ਕਸ਼ਟ ਸਹਾਰ-ਸਹਾਰ ਮਨੁੱਖਤਾ 'ਤੇ ਉਪਕਾਰ ਕੀਤਾ ਹੈ।

ਅੱਜ ਸਾਇੰਸ ਯੁੱਗ ਹੈ। ਹਰ ਬੱਚਾ; ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ 'ਚ ਪਹੁੰਚ ਕੇ ਤਰਕ ਭਰਪੂਰ ਗੱਲਾਂ ਸੁਣਦੈ। ਬੱਚਿਆਂ ਅੰਦਰ ਧਰਮ ਬਾਰੇ ਭੀ ਕਈ ਸੰਦੇਹ, ਕਈ ਸਵਾਲ ਉਪਜਦੇ ਰਹਿੰਦੇ ਹਨ। ਪਿੱਛੇ ਜਿਹੇ ਇੱਕ ਬੱਚੇ ਨੇ ਪੁੱਛਿਆ ਕਿ ਜਦ ਸੰਸਾਰ 'ਚ ਪਹਿਲਾਂ ਹੀ ਐਨੇ ਧਰਮ ਸਨ ਤਾਂ ਗੁਰੂ ਨਾਨਕ ਸਾਹਿਬ ਜੀ ਨੇ ਇੱਕ ਹੋਰ ਨਵਾਂ ਧਰਮ ਕਿਉਂ ਚਲਾਇਆ? ਜਵਾਬ ਦਿੰਦਿਆਂ ਪ੍ਰਚਾਰਕ ਸੱਜਣ ਨੇ ਕਿਹਾ ਕਿ ਗੁਰੂ ਜੀ ਨੇ ਨਵਾਂ ਧਰਮ ਨਹੀਂ ਚਲਾਇਆ ਬਲਕਿ ਗੁਰੂ ਜੀ ਦਾ ਧਰਮ; ਇਨਸਾਨੀਅਤ ਹੈ। ਇਸ ਜਵਾਬ ਤੋਂ ਜਾਪਦੈ ਕਿ ਸ਼ਾਇਦ ਇਸ ਸੱਜਣ ਮੁਤਾਬਕ ਬਾਕੀ ਧਰਮਾਂ 'ਚ ਇਨਸਾਨੀਅਤ ਨਹੀਂ ਹੈ। ਅਜਿਹੇ ਹੀ ਵਿਚਾਰ ਇੱਕ ਹੋਰ ਪ੍ਰਸਿੱਧ ਸਿੱਖ ਪ੍ਰਚਾਰਕ ਨੇ ਰੱਖੇ, ਜਿਸ ਉਪਰੰਤ ਕੁੱਝ ਸਮਝਦਾਰ ਸਿੱਖਾਂ ਵੱਲੋਂ ਸਵਾਲ ਉਠਾਏ ਗਏ ਤਾਂ ਉਸ ਨੇ ਇੱਕ ਵੀਡੀਓ ਜਾਰੀ ਕਰ ਕਿਹਾ ਕਿ ਜੇਕਰ ਮੈ ਗ਼ਲਤ ਹਾਂ ਤਾਂ ਉਹ (ਜਿਸ ਨੇ ਪਹਿਲਾਂ ਐਸਾ ਜਵਾਬ ਦਿੱਤੈ) ਠੀਕ ਕਿਵੇਂ ਹੋ ਸਕਦੈ? ਸੋ ਵੈਸੇ ਭਾਵੇਂ ਪ੍ਰਚਾਰਕਾਂ ਦੇ ਆਪਸੀ ਮਤਭੇਦ ਹੋਣ, ਪਰ ਸੰਗਤ ਦੇ ਸਵਾਲਾਂ ਦਾ ਸਾਮ੍ਹਣਾ ਕਰਨ ਤੋਂ ਬਚਣ ਲਈ ਆਪਣੇ ਤੋਂ ਭਿੰਨ ਵਿਚਾਰ ਰੱਖਣ ਵਾਲ਼ੇ ਦੇ ਪਿੱਛੇ ਭੀ ਛੁਪਣਾ ਪ੍ਰਚਾਰਕਾਂ ਨੇ ਸਿੱਖ ਲਿਆ ਹੈ।

ਗੁਰਬਾਣੀ ਦੇ ਹਰ ਨੁਕਤੇ 'ਤੇ ਆਪਣੇ ਵਿਚਾਰ ਸਿੱਖ-ਸੰਗਤਾਂ 'ਚ ਰੱਖਦਿਆਂ ਬੁਲਾਰੇ ਅੰਦਰ ਸਤਿਗੁਰੂ ਦਾ ਡਰ-ਅਦਬ ਹੋਣਾ ਜ਼ਰੂਰੀ ਹੈ ਤਾਂ ਜੋ ਸਰੋਤਿਆਂ ਦੇ ਮਨਾਂ ਅੰਦਰ ਭੀ ਗੁਰੂ ਪ੍ਰਤੀ ਭੈ-ਭਾਵਨੀ ਵਿਕਸਿਤ ਹੋਵੇ। ਮਨਮਤੀ ਬੋਲ; ਰੂਹਾਨੀਅਤ ਮਾਰਗ 'ਚ ਦੁਬਿਧਾ ਰੂਪ ਪੱਥਰ ਖਿਲਾਰਦੇ ਹਨ। ਸੰਗਤ ਦੇ ਸਵਾਲਾਂ ਦਾ ਜਵਾਬ ਗੁਰਬਾਣੀ ਰਾਹੀਂ ਦੇਣਾ ਬਣਦੈ, ਨਾ ਕਿ ਮਨਮਤ ਨਾਲ਼। ਇਸ ਰੋਗ ਨੇ ਸਿੱਖਾਂ ਅੰਦਰ ਕਈ ਧੜੇ ਬਣਾ ਦਿੱਤੇ ਹਨ। ਛੋਟਾ ਜਿਹਾ ਮਸਲਾ ਸੋਸ਼ਲ ਮੀਡੀਆ 'ਤੇ ਵਿਕਰਾਲ ਰੂਪ ਧਾਰ ਲੈਂਦੈ ਤਾਂ ਤੇ ਗੁਰੂ ਨਾਨਕ ਸਾਹਿਬ ਦੇ ਵਿਲੱਖਣ ਧਰਮ ਨੂੰ ਵਿਚਾਰਨਾ ਲਾਜ਼ਮੀ ਹੈ।

'ਧਰਮ' ਸੰਸਕ੍ਰਿਤ ਦਾ ਸ਼ਬਦ ਹੈ। ਇਸ ਦੇ ਕਈ ਅਰਥ ਹਨ, ਪਰ ਮੂਲ ਅਰਥ ਹੈ 'ਧਾਰਨ ਕਰਨਾ, ਗ੍ਰਹਿਣ ਕਰਨਾ, ਅਪਣਾਉਣਾ'; ਜਿਵੇਂ ਸੰਸਾਰ ਨੂੰ ਗ੍ਰਹਿਣ ਕਰਨ ਵਾਲਾ ਪਵਿੱਤਰ ਨਿਯਮ; 'ਧਰਮ' ਹੈ ਯਾਨੀ ਵਿਖਾਈ ਦਿੰਦੇ ਸੰਸਾਰ ਦਾ ਆਧਾਰ ਭਾਵ ਸਰੋਤ; ਅਦ੍ਰਿਸ਼ ਰੂਪ 'ਚ ਜੋ ਨਿਯਮ ਹੈ, ਉਹ ਧਰਮ ਹੈ। ਮਿਸਾਲ ਵਜੋਂ ਅੱਗ ਦਾ ਧਰਮ; ਸਾੜਨਾ, ਗਰਮ ਕਰਨਾ ਹੈ। ਮਨੁੱਖ ਦਾ ਧਰਮ ਰੱਬ ਅਤੇ ਉਸ ਦੀ ਪਰਜਾ ਨਾਲ ਪਿਆਰ ਕਰਦਿਆਂ ਆਪਣਾ ਗ੍ਰਹਿਸਤੀ ਫ਼ਰਜ਼ ਅਦਾ ਕਰਦੇ ਰਹਿਣਾ ਹੈ।

ਬੱਚੇ ਦੇ ਉਕਤ ਸਵਾਲ ਦਾ ਜਵਾਬ ਇਹ ਹੋਣਾ ਚਾਹੀਦਾ ਸੀ ਕਿ ਮਾਨਵਤਾ ਦਾ ਧਰਮ ਇੱਕੋ ਹੈ, ਨਾ ਕਿ ਕਈ ਅਤੇ ਉਹ ਹੈ 'ਰਚਨਹਾਰ ਮਾਲਕ ਦੁਆਰਾ ਕੁਦਰਤਿ ਨੂੰ ਬਣਾਉਣ ਵਾਲੇ ਨਿਯਮਾਂ ਨੂੰ ਸਮਝਦਾ ਹੋਇਆ ਮਨੁੱਖ; ਉਸ ਮਾਲਕ ਨੂੰ ਯਾਦ ਕਰੇ'। ਇਸ ਮੂਲ ਧਰਮ ਦੀ ਵਿਆਖਿਆ ਹਰ ਜਮਾਤ ਨੇ ਆਪਣੀ-ਆਪਣੀ ਮੱਤ ਨਾਲ ਕੀਤੀ ਹੈ ਯਾਨੀ ਹਿੰਦੂ, ਮੁਸਲਿਮ ਆਦਿ ਧਰਮ ਨਹੀਂ ਬਲਕਿ ਮੂਲ ਧਰਮ ਦੀ ਵਿਆਖਿਆ ਕਰਨ ਵਾਲ਼ੇ ਆਪੋ ਆਪਣੇ ਮੱਤ ਹਨ। ਗੁਰਬਾਣੀ ਇਸ ਦੀ ਪੁਸ਼ਟੀ ਕਰਦੀ ਹੈ:

**ਬੇਦ ਪੁਰਾਨ ਸਭੈ ਮਤ ਸੁਨਿ ਕੈ ਕਰੀ ਕਰਮ ਕੀ ਆਸਾ॥ (੬੫੪)**

**ਬੇਦ ਪੁਰਾਨ ਸਿਮ੍ਰਿਤਿ ਕੇ ਮਤ ਸੁਨਿ (ਕੇ) ਨਿਮਖ ਨ ਹੀਏ (ਹਿਰਦੇ) ਬਸਾਵੈ॥ (੬੩੨)**

ਹੁਣ ਜਦ ਇਹ ਸਾਰੇ ਰਵਾਇਤੀ ਧਰਮ ਨਹੀਂ; ਮੱਤ ਹਨ ਤਾਂ ਇਨ੍ਹਾਂ ਦੁਆਰਾ ਕੀਤੀ ਗਈ ਮੂਲ ਧਰਮ ਦੀ ਵਿਆਖਿਆ ਕਿੰਨੀ ਕੁ ਸਹੀ ਹੈ; ਗੁਰਮਤਿ ਦੀ ਕਸੌਟੀ 'ਤੇ ਲਗਾ ਕੇ ਪਰਖਣਾ ਹੈ। ਗੁਰਮਤਿ; ਆਪ ਭੀ ਆਪਣੇ ਆਪ ਨੂੰ ਧਰਮ ਨਹੀਂ ਸਗੋਂ ਮੱਤ (ਨਵੇਕਲੀ ਵਿਚਾਰਧਾਰਾ) ਮੰਨਦੀ ਹੈ।

**ਇਕਿ ਆਪਣੀ ਸਿਫਤੀ ਲਾਇਅਨੁ ਦੇ ਸਤਿਗੁਰ ਮਤੀ॥ (੯੪੮)**

**ਅਰਥ:** ਉਸ (ਨਿਰਾਕਾਰ ਰੱਬ) ਨੇ ਸਤਿਗੁਰ ਦੀ ਮੱਤ ਦੇ ਕੇ ਕਈਆਂ ਨੂੰ (ਆਪਣੇ ਬਾਰੇ ਸੋਝੀ ਬਖ਼ਸ਼ ਕਰ) ਆਪਣੀ ਸਿਫ਼ਤ ਸਲਾਹ ਕਰਨ ਵਿੱਚ ਲਗਾ ਲਿਆ। ਗੁਰਮਤਿ ਦੁਆਰਾ ਕੀਤੀ ਗਈ ਮੂਲ ਧਰਮ ਦੀ ਵਿਆਖਿਆ ਅਨੁਸਾਰ ਰੱਬ ਦੇ ਗੁਣ ਗਾਉਣੇ, ਉਸ ਦਾ ਨਾਮ ਜਪਣਾ ਹੀ ਮੂਲ ਧਰਮ ਹੈ; ਜਿਵੇਂ -

**ਸਭ ਮਹਿ ਪੂਰਿ ਰਹੇ ਪਾਰਬ੍ਰਹਮ॥**
**ਨਾਨਕ ਹਰਿ ਕੀਰਤਨੁ ਕਰਿ ਅਟਲ ਏਹੁ ਧਰਮ॥ (੨੯੯)**
**ਤਜਿ ਸਭਿ ਭਰਮ ਭਜਿਓ ਪਾਰਬ੍ਰਹਮੁ॥**
**ਕਹੁ ਨਾਨਕ ਅਟਲ ਇਹੁ ਧਰਮੁ॥ (੧੯੬)**
**ਸਰਬ ਧਰਮ ਮਾਨੋ ਤਿਹ ਕੀਏ ਜਿਹ ਪ੍ਰਭ ਕੀਰਤਿ ਗਾਈ॥ (੯੦੨)**

**ਪਦ ਅਰਥ:** ਪੂਰਿ ਰਹੇ- ਜੋ ਸਰਬ ਵਿਆਪਕ ਹੈ।, ਕੀਰਤਨੁ-ਸਿਫ਼ਤ।, ਤਜਿ-ਛੱਡ ਕੇ।, ਭਜਿਓ-ਸਿਮਰੋ।, ਤਿਹ-ਉਸ ਨੇ।, ਜਿਹ-ਜਿਸ ਨੇ; ਪਰ ਜੇ ਇਨਸਾਨੀਅਤ ਨੂੰ ਧਰਮ ਕਹੀਏ ਤਾਂ ਇਸ ਦਾ ਸੰਬੰਧ; ਬੰਦੇ ਦੇ ਸੰਸਾਰਕ ਜੀਵਨ ਤੱਕ ਹੈ। ਧਰਮ ਨੂੰ ਸਮਾਜਿਕ ਸੰਬੰਧਾਂ ਤੱਕ ਵੇਖਣ ਵਾਲ਼ੇ ਦੀ ਸੋਚ; ਗਿਆਨ ਇੰਦ੍ਰਿਆਂ (ਅੱਖ, ਕੰਨ, ਨੱਕ, ਜੀਭ, ਤ੍ਵਚਾ) ਤੱਕ ਹੁੰਦੀ ਹੈ, ਨਾ ਕਿ ਅਨੁਭਵ ਗਿਆਨ ਤੱਕ। ਗੁਰੂ ਅਰਜਨ ਸਾਹਿਬ ਜੀ ਦੇ ਵਚਨ ਹਨ ਕਿ ਰੱਬ ਨੂੰ ਵੇਖਣ ਵਾਲ਼ੇ ਨੈਣ; ਦੁਨਿਆਵੀ ਅੱਖਾਂ ਨਹੀਂ; ਹੋਰ ਹਨ

**ਨਾਨਕ ਸੇ ਅਖੜੀਆਂ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ॥**

(੫੭੭)

**ਅਰਥ:** ਹੇ ਨਾਨਕ! ਜਿਨ੍ਹਾਂ ਅੱਖਾਂ ਨਾਲ਼ ਮੇਰੇ ਪਿਆਰੇ-ਪ੍ਰਭੂ ਦਾ ਦੀਦਾਰ ਹੁੰਦੈ ਉਹ ਹੋਰ ਯਾਨੀ ਅਨੁਭਵੀ ਅੱਖਾਂ ਹੁੰਦੀਆਂ ਹਨ। ਸੋ ਗੁਰਮਤਿ-ਧਰਮ ਨੂੰ ਕੇਵਲ ਇਨਸਾਨੀਅਤ-ਧਰਮ ਕਹਿਣਾ; ਨਾਸਤਕ ਸੋਚ ਦਾ ਪ੍ਰਤੀਕ ਹੈ ਕਿਉਂਕਿ ਮੂਲ ਧਰਮ 'ਚੋਂ ਇਨਸਾਨੀਅਤ ਨਿਕਲਦੀ ਹੈ, ਨਾ ਕਿ ਇਨਸਾਨੀਅਤ 'ਚੋਂ ਮੂਲ ਧਰਮ; ਜਿਵੇਂ ਕਿ ਰੱਬ ਦਾ ਨਾਮ ਜਪਿਆਂ ਚੰਗਾ ਕਿਰਦਾਰ ਬਣਦੈ, ਜੋ ਇਨਸਾਨੀਅਤ ਪੁਗਾਉਂਦੈ

**ਰਾਮ ਰਾਮ ਬੋਲਿ ਰਾਮ ਰਾਮ॥ ਤਿਆਗਹੁ ਮਨ ਕੇ ਸਗਲ ਕਾਮ॥...**

**ਸਗਲ ਧਰਮ ਮਹਿ ਊਤਮ ਧਰਮ॥**
**ਕਰਮ ਕਰਤੂਤਿ ਕੈ ਊਪਰਿ ਕਰਮ॥ (੧੧੮੨)**
**ਸਰਬ ਧਰਮ ਮਹਿ ਸ੍ਰੇਸਟ ਧਰਮੁ॥**
**ਹਰਿ ਕੋ ਨਾਮੁ ਜਪਿ (ਹੁੰਦਾ) ਨਿਰਮਲ**
**ਕਰਮੁ (ਯਾਨੀ ਇਨਸਾਨੀਅਤ ਪੁਗਦੀ)॥ (੨੬੬)**

ਸੋ ਇਨਸਾਨੀਅਤ; ਕੇਵਲ ਮਨੁੱਖੀ ਜਾਮੇ ਨਾਲ ਸੰਬੰਧਿਤ ਹੈ ਜਦਕਿ ਧਰਮ ਦਾ ਸੰਬੰਧ; ਜਨਮ ਲੈਣ ਤੋਂ ਪਹਿਲਾਂ ਯਾਨੀ ਚੰਗੇ ਭਾਗ ਵਜੋਂ ਅਤੇ ਮਰਨ ਉਪਰੰਤ ਭੀ ਹੁੰਦੈ।

ਉਕਤ ਕੀਤੀ ਗਈ ਵਿਚਾਰ ਕਿ ਰੱਬ ਨਾਲ਼ ਜੁੜਨਾ ਹੀ ਮੂਲ ਧਰਮ ਹੈ, ਨੂੰ ਵਾਚਣ ਉਪਰੰਤ ਇਹ ਜਾਣ ਲੈਣਾ ਭੀ ਜ਼ਰੂਰੀ ਹੈ ਕਿ ਬਾਕੀ ਸਾਰੇ ਰਵਾਇਤੀ ਧਰਮਾਂ ਨੇ ਰੱਬ ਦੀ ਹੋਂਦ ਨੂੰ ਗੁਰਮਤਿ ਵਾਙ ਕਣ-ਕਣ 'ਚ ਵਿਆਪਕ ਨਹੀਂ ਮੰਨਿਆ ਕਿਉਂਕਿ ਜਦ ਰੱਬ ਦੀ ਸਿਫ਼ਤ ਕਰਨਾ ਹੀ ਮੂਲ ਧਰਮ ਹੈ ਤਾਂ ਰੱਬ ਦੀ ਮੌਜੂਦਗੀ ਨੂੰ ਦਰਸਾਉਂਦੀ ਕਿਰਿਆ ਹੀ ਸਾਰੇ ਧਰਮਾਂ ਨੂੰ ਅਖੌਤੀ ਧਰਮ; ਸਿਧ ਕਰ ਦਿੰਦੀ ਹੈ। ਮੌਲਵੀ (ਮਸਜਿਦ ਦਾ ਇਮਾਮ); ਅੱਲ੍ਹਾ ਨੂੰ ਸੱਤਵੇਂ ਅਕਾਸ਼ ਉੱਪਰ ਬੈਠਾ, ਬਿਆਨ ਕਰਦਾ ਹੈ ਅਤੇ ਮੱਕੇ (ਖ਼ਾਨਾ-ਕਾਅਬਾ) ਨੂੰ ਉਸ ਦਾ ਘਰ ਮੰਨਦੈ ਤਾਹੀਓਂ ਓਥੇ ਸਾਰੇ ਮੁਸਲਮਾਨ ਹੱਜ ਕਰਨ ਜਾਂਦੇ ਹਨ। ਧਰਮ ਦੀ ਇਸ ਵਿਆਖਿਆ ਮੁਤਾਬਕ ਤਾਂ ਅੱਲ੍ਹਾ; ਗੁਰਦੁਆਰੇ, ਮੰਦਿਰ ਆਦਿ ਥਾਂਵਾਂ 'ਤੇ ਭੀ ਨਹੀਂ ਹੋ ਸਕਦਾ ਤਾਹੀਓਂ ਮੌਲਵੀ ਨੇ ਇਨ੍ਹਾਂ ਸਾਰਿਆਂ ਨੂੰ ਕਾਫ਼ਰ ਯਾਨੀ ਨਾਸਤਕ ਮੰਨਿਐ, ਇਸੇ ਕਾਰਨ ਇਸਲਾਮ ਧਰਮ 'ਚ ਕੱਟੜਤਾ ਨੇ ਜਨਮ ਲਿਆ। ਗੁਰੂ ਅਰਜਨ ਸਾਹਿਬ ਨੇ ਵਚਨ ਕੀਤੇ ਕਿ ਸੱਚਾ ਮੁਸਲਮਾਨ ਮੋਮ ਦੀ ਤਰ੍ਹਾਂ ਨਰਮ ਹੁੰਦੈ

**ਮੁਸਲਮਾਣੁ ਮੋਮ ਦਿਲਿ (ਤੋਂ) ਹੋਵੈ॥ (੧੦੮੪)**

ਗੁਰਬਾਣੀ ਅਨੁਸਾਰ ਰੱਬ; ਹਰ ਥਾਂ ਮੌਜੂਦ ਹੈ ਤਾਹੀਓਂ ਉਹ ਸਭ ਦੀ ਸੰਭਾਲ਼ ਕਰ ਸਕਦਾ ਹੈ। ਜੇਕਰ ਮੌਲਵੀ ਦੀ ਤਰ੍ਹਾਂ ਰੱਬ ਨੂੰ ਕੇਵਲ ਮਸਜਿਦ 'ਚ ਮੰਨੀਏ ਤਾਂ ਬਾਕੀ ਜਨਤਾ ਨੂੰ ਕੌਣ ਪਾਲ਼ੇਗਾ

**ਅਲਹੁ ਏਕੁ ਮਸੀਤਿ ('ਚ) ਬਸਤੁ ਹੈ ਅਵਰੁ ਮੁਲਖੁ ਕਿਸੁ ਕੇਰਾ॥ (੧੩੪੯)**

**ਅਰਥ:** ਜਦ ਅੱਲ੍ਹਾ ਕੇਵਲ ਮਸਜਿਦ 'ਚ ਵੱਸਦਾ ਹੈ ਤਾਂ ਬਾਕੀ ਸਾਰਾ ਜਹਾਨ ਕਿਸ ਦੇ ਆਸਰੇ ਜਿਊਂਦੈ? ਸੋ ਇਸਲਾਮ ਮੱਤ ਦੁਆਰਾ ਕੀਤੀ ਮੂਲ ਧਰਮ ਦੀ ਵਿਆਖਿਆ; ਗੁਰਬਾਣੀ ਦੁਆਰਾ ਕੀਤੀ ਮੂਲ ਧਰਮ ਦੀ ਵਿਆਖਿਆ ਤੋਂ ਭਿੰਨ ਹੈ, ਇਸ ਲਈ ਗੁਰੂ ਨਾਨਕ ਸਾਹਿਬ ਨੇ ਅਸਲ ਧਰਮ ਮਨੁੱਖਤਾ ਸਾਮ੍ਹਣੇ ਲਿਆਂਦਾ।

ਸਨਾਤਨੀ ਮੱਤ ਦੁਆਰਾ ਕੀਤੀ ਧਰਮ ਦੀ ਵਿਆਖਿਆ ਮੁਤਾਬਕ ਇੱਕ ਮਾਤਾ ਦੀ ਕੁੱਖ ਤੋਂ ਕਿਸੇ ਯੁਕਤੀ ਨਾਲ਼ ਤਿੰਨ ਦੇਵਤੇ (ਬ੍ਰਹਮਾ, ਵਿਸ਼ਨੂੰ ਤੇ ਸ਼ਿਵ) ਪੈਦਾ ਹੋਏ, ਇਨ੍ਹਾਂ 'ਚੋਂ ਇੱਕ ਬ੍ਰਹਮਾ; ਸੰਸਾਰ ਨੂੰ ਪੈਦਾ ਕਰਦਾ ਹੈ, ਵਿਸ਼ਨੂੰ ਸਭ ਨੂੰ ਰਿਜ਼ਕ ਦਿੰਦਾ ਹੈ ਅਤੇ ਸ਼ਿਵ; ਸਾਰਿਆਂ ਨੂੰ ਮਾਰਦਾ ਹੈ

**ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ॥**
**ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ॥ (੭)**

ਇਸ ਮੱਤ ਦੇ ਪੈਰੋਕਾਰ-ਹਿੰਦੂਆਂ ਨੇ ਵਿਸ਼ਨੂੰ ਅਤੇ ਸ਼ਿਵ ਦੀ ਪੂਜਾ ਕੀਤੀ ਕਿਉਂਕਿ ਵਿਸ਼ਨੂੰ ਤੋਂ ਪਦਾਰਥ ਚਾਹੀਦੇ ਹਨ ਅਤੇ ਸ਼ਿਵ ਪਾਸੋਂ ਮੌਤ ਦਾ ਡਰ ਹੈ। ਬ੍ਰਹਮਾ, ਜਿਸ ਨੇ ਸਭ ਨੂੰ ਪੈਦਾ ਕੀਤਾ, ਮੰਨਿਆ ਗਿਆ, ਉਸ ਦੀ ਹੁਣ (ਯਾਨੀ ਜਨਮ ਹੋ ਜਾਣ ਤੋਂ ਬਾਅਦ) ਬਹੁਤੀ ਲੋੜ ਨਾ ਰਹੀ, ਇਸ ਲਈ ਉਸ ਦੇ ਮੰਦਿਰ ਭੀ ਨਹੀਂ ਬਣਾਏ ਗਏ। ਸੋ ਗੁਰਮਤਿ-ਧਰਮ ਅਤੇ ਸਨਾਤਨੀ-ਧਰਮ 'ਚ ਇੱਕ ਨਿਰਾਕਾਰ ਰੱਬ ਦੀ ਵਿਆਖਿਆ 'ਤੇ ਹੀ ਅੰਤਰ ਹੈ ਤਾਹੀਓਂ ਗੁਰੂ ਸਾਹਿਬ ਨੇ ਆਪਣੀ ਮੱਤ ਨਾਲ਼ ਮੂਲ ਧਰਮ ਦੀ ਅਰੰਭਤਾ '੧ੴ' ਤੋਂ ਕੀਤੀ, ਜਿਸ ਦੇ ਅਰਥ ਹੀ ਇਨ੍ਹਾਂ ਤਿੰਨੇ ਦੇਵਤਿਆਂ ਦੇ ਵਜੂਦ ਨੂੰ ਰੱਦ ਕਰ ਕੇਵਲ ਇੱਕ ਮਾਲਕ ਹੈ, ਜੋ ਕਣ-ਕਣ 'ਚ ਵਿਆਪਕ ਹੈ, ਸਭ ਨੂੰ ਪੈਦਾ ਕਰਦਾ, ਪਾਲ਼ਦਾ ਤੇ ਨਾਸ਼ ਕਰਦਾ ਹੈ, ਬਾਰੇ ਸੰਖੇਪ 'ਚ ਸਪੱਸ਼ਟ ਕੀਤਾ। ਭਾਈ ਗੁਰਦਾਸ ਜੀ ਨੇ ਇਸ ਵਿਲੱਖਣਤਾ ਨੂੰ ਇਉਂ ਪ੍ਰਗਟਾਇਆ

**ਮਾਰਿਆ ਸਿਕਾ ਜਗਤ੍ਰਿ ਵਿਚਿ**
**ਨਾਨਕਿ (ਨੇ) ਨਿਰਮਲ ਪੰਥ ਚਲਾਇਆ। (ਵਾਰ ੧ ਪਉੜੀ ੪੫)**

ਗੁਰੂ ਨਾਨਕ ਸਾਹਿਬ ਜੀ ਦੇ ਸਮੇਂ ਜੋਗੀਆਂ ਦੀ ਮੱਤ ਨੂੰ ਭੀ ਧਰਮ ਕਿਹਾ ਜਾਂਦਾ ਸੀ। 'ਸਿਧ ਗੋਸਟਿ' ਬਾਣੀ 'ਚ ਗੁਰੂ ਨਾਨਕ ਸਾਹਿਬ ਜੀ ਨੇ ਜੋਗੀਆਂ ਨਾਲ ਕੀਤੇ ਸਵਾਲ-ਜਵਾਬ ਰਾਹੀਂ ਆਪਣੇ ਮੱਤ ਦੀ ਵਿਲੱਖਣਤਾ ਨੂੰ ਉਜਾਗਰ ਕੀਤਾ। ਜੋਗੀ; ਗ੍ਰਿਹਸਤ ਤਿਆਗ ਜੰਗਲਾਂ 'ਚ ਧਰਮ ਕਮਾਉਣ ਚਲੇ ਗਏ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਕਿਹਾ ਕਿ ਤੁਹਾਡੇ ਨਾਲ਼ੋਂ ਗ੍ਰਿਹਸਤੀ ਲੋਕ ਚੰਗੇ ਹਨ, ਜੋ ਦੂਸਰਿਆਂ 'ਤੇ ਬੋਝ ਤਾਂ ਨਹੀਂ; ਤੁਸੀਂ ਆਪ ਗ੍ਰਿਹਸਤ ਤਿਆਗ ਕੇ ਫਿਰ ਉਨ੍ਹਾਂ ਗ੍ਰਿਹਸਤੀਆਂ ਪਾਸੋਂ ਮੰਗਣ ਜਾਂਦੇ ਹੋ। ਇਸ ਤਰ੍ਹਾਂ ਗੁਰੂ ਸਾਹਿਬਾਨ ਨੇ ਪ੍ਰਚਲਿਤ ਮੱਤਾਂ (ਧਰਮਾਂ) ਦੀਆਂ ਊਣਤਾਈਆਂ ਉਜਾਗਰ ਕਰ ਜਿੱਥੇ ਉਹ ਰੱਦ ਕੀਤੀਆਂ; ਜਿਵੇਂ ਕਿ

**ਕਾਦੀ ਕੂੜੁ ਬੋਲਿ ਮਲੁ ਖਾਇ॥ ਬ੍ਰਾਹਮਣੁ ਨਾਵੈ ਜੀਆ ਘਾਇ॥**
**ਜੋਗੀ ਜੁਗਤਿ ਨ ਜਾਣੈ ਅੰਧੁ॥ ਤੀਨੇ ਓਜਾੜੇ ਕਾ ਬੰਧੁ॥ (੬੬੨)**
**ਪੰਡਿਤੁ ਸਾਸਤ ਸਿਮ੍ਰਿਤਿ ਪੜਿਆ॥**
**ਜੋਗੀ ਗੋਰਖੁ ਗੋਰਖੁ ਕਰਿਆ॥**
**ਮੈ ਮੂਰਖਿ (ਨੇ) ਹਰਿ ਹਰਿ ਜਪੁ ਪੜਿਆ॥ (੧੬੩)**
**ਜੋਗੀ ਗੋਰਖੁ ਗੋਰਖੁ ਕਰੈ॥ ਹਿੰਦੂ ਰਾਮ ਨਾਮੁ ਉਚਰੈ॥**
**ਮੁਸਲਮਾਨ ਕਾ ਏਕੁ ਖੁਦਾਇ॥**
**ਕਬੀਰ ਕਾ ਸੁਆਮੀ ਰਹਿਆ ਸਮਾਇ॥ (੧੧੬੦)**

ਐਨੀ ਸਿਧਾਂਤਿਕ ਭਿੰਨਤਾ ਹੋਣ ਕਾਰਨ ਹੀ ਭਗਤ ਕਬੀਰ ਜੀ ਨੂੰ ਕਹਿਣਾ ਪਿਆ

**ਪੰਡਿਤ ਮੁਲਾਂ ਜੋ ਲਿਖਿ ਦੀਆ॥ ਛਾਡਿ ਚਲੇ ਹਮ ਕਛੂ ਨ ਲੀਆ॥ (੧੧੫੯)**

**ਪਦ ਅਰਥ:** ਜੀਆ ਘਾਇ-ਅੱਤਿਆਚਾਰ ਕਰਕੇ।, ਅੰਧੁ-ਅਗਿਆਨੀ।, ਓਜਾੜੇ ਕਾ ਬੰਧੁ-ਰੂਹਾਨੀਅਤ ਤੋਂ ਸੱਖਣੇ।, ਹਿੰਦੂ; ਰਾਮ ਨਾਮੁ ਉਚਰੈ-ਹਿੰਦੂ; ਦਸ਼ਰਥ ਦੇ ਪੁੱਤਰ (ਰਾਮ) ਦਾ ਨਾਮ ਜਪਦੈ।, ਰਹਿਆ ਸਮਾਇ-ਕਣ ਕਣ 'ਚ ਵਿਆਪਕ। ਦੂਸਰੇ ਪਾਸੇ ਆਪਣਾ ਨਵਾਂ ਮੱਤ ਭੀ ਸਪਸ਼ਟ ਕੀਤਾ ਕਿ ਜੋ ਸਰਬ ਵਿਆਪਕ ਰੱਬ ਹੈ, ਕੇਵਲ ਉਸ ਦਾ ਨਾਮ ਜਪਣਾ, ਉਸ ਦੀ ਸਿਫ਼ਤਿ-ਸਲਾਹ ਕਰਨੀ ਹੀ ਸੱਚਾ ਧਰਮ ਹੈ, ਮੂਲ ਧਰਮ ਹੈ।

ਪ੍ਰਚਲਿਤ ਧਰਮਾਂ ਦੇ ਉਕਤ ਸਿਧਾਂਤਿਕ ਅੰਤਰ ਨੂੰ ਪ੍ਰਚਾਰਕਾਂ ਦੁਆਰਾ

ਸਿੱਖ-ਸੰਗਤਾਂ ਸਾਮ੍ਹਣੇ ਨਾ ਖੋਲ੍ਹ ਕੇ ਰੱਖ ਸਕਣ ਕਾਰਨ ਹੀ ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਦੇ ਮਨਾਂ ਅੰਦਰ ਧਰਮ ਪ੍ਰਤੀ ਸੰਦੇਹ ਉਪਜਦੇ ਵੇਖੇ ਗਏ ਹਨ। ਇਸ ਦਾ ਇਹ ਬਦਲ ਨਹੀਂ ਹੋ ਸਕਦਾ ਕਿ ਗੁਰੂ ਸਾਹਿਬਾਨ ਦੁਆਰਾ ਕੀਤੀ ਧਰਮ ਦੀ ਵਿਆਖਿਆ ਨੂੰ ਸਰਲ ਸ਼ਬਦਾਂ ’ਚ ਇਨਸਾਨੀਅਤ-ਧਰਮ ਕਹਿ ਦੇਈਏ। ਇਨਸਾਨੀਅਤ ਦਾ ਅਰਥ; ਹਰ ਬੰਦੇ ਦੀ ਨਜ਼ਰ ’ਚ ਆਪਣਾ-ਆਪਣਾ ਹੁੰਦੈ। ਇੱਕ ਸਮਾਜ ਸੇਵੀ ਲਈ ਇਨਸਾਨੀਅਤ; ‘ਮਨੁੱਖਤਾ ਨੂੰ ਪਿਆਰ ਕਰਨਾ’ ਹੈ, ਨਾ ਕਿ ਰੱਬ ਦੀ ਸਿਫ਼ਤ ਕਰਨਾ। ਇੱਕ ਨਾਸਤਕ ਬੰਦੇ ਲਈ ਇਨਸਾਨੀਅਤ; ‘ਹਰ ਧਰਮ ਦਾ ਵਿਰੋਧ ਕਰਨਾ’ ਹੈ ਕਿਉਂਕਿ ਉਸ ਮੁਤਾਬਕ ਧਰਮ; ਇੱਕ ਪਖੰਡ ਹੈ, ਭਰਮ ਹੈ। ਗੁਰਮਤਿ ਮੁਤਾਬਕ ਇਨਸਾਨੀਅਤ; ‘ਹਰ ਇੱਕ ਦੀ ਅਜ਼ਾਦੀ ਤੇ ਸਭ ਨੂੰ ਇੱਕ ਸਮਾਨ ਸਮਝਣਾ’ ਹੈ ਆਦਿ।

ਇਨਸਾਨੀਅਤ ਪੁਗਾਉਣ ਲਈ ਬੰਦੇ ਅੰਦਰ ਦੋ ਗੁਣ ਹੋਣੇ ਜ਼ਰੂਰੀ ਹਨ-

ੳ. ਹਾਂ ਪੱਖੀ ਸੋਚ

ਅ. ਸਬਰ-ਸੰਤੋਖ

ਹਾਂ ਪੱਖੀ ਸੋਚ; ਹੋਰਾਂ ਦੀ ਭਾਵਨਾ ਸਮਝ ਕੇ ਉਸ ਦੀ ਕਦਰ ਕਰਦੀ ਹੈ ਅਤੇ ਸਬਰ-ਸੰਤੋਖ; ਉਨ੍ਹਾਂ ਦੀ ਮਦਦ ਕਰਾਉਂਦੇ ਹਨ। ਹੁਣ ਸਵਾਲ ਪੈਦਾ ਹੁੰਦੈ ਕਿ ਇਨ੍ਹਾਂ ਦੋਵੇਂ ਗੁਣਾਂ ਨੂੰ ਮਨੁੱਖ; ਆਪਣੇ ਅੰਦਰ ਵਿਕਸਿਤ ਕਿਵੇਂ ਕਰੇ? ਜਵਾਬ ਹੈ 'ਧਰਮ ਕਮਾ ਕੇ' ਯਾਨੀ 'ਕੁਦਰਤਿ ਨੂੰ ਬਣਾਨ ਵਾਲ਼ੇ ਨਿਯਮਾਂ ਨੂੰ ਸਮਝਦਿਆਂ ਇਨ੍ਹਾਂ ਦੇ ਰਚੇਤਾ (ਰੱਬ) ਨਾਲ਼ ਪਿਆਰ ਪਾ ਕੇ'। ਜੇ ਅੱਗ ਦਾ ਧਰਮ; ਸਾੜਨਾ ਹੈ ਤਾਂ ਬੰਦੇ ਦਾ ਧਰਮ ਭੀ ਕੁਦਰਤਿ ਨੂੰ ਬਣਾਨ ਵਾਲ਼ੇ ਦੀ ਹੋਂਦ ਤੋਂ ਇਨਕਾਰੀ ਹੋਣਾ ਜਾਂ ਉਸ ਦੀ ਪਰਜਾ ਨਾਲ਼ ਭੇਦ-ਭਾਵ ਕਰਨਾ ਨਹੀਂ ਹੋ ਸਕਦਾ, ਪਰ ਬੰਦਾ ਇਹ ਦੋਵੇਂ ਕੰਮ ਕਰਦੈ ਕਿਉਂਕਿ ਧਾਰਮਿਕ ਗੁਣਾਂ ਤੋਂ ਉਲਟ ਸਭ ਦੇ ਮਨਾਂ ਅੰਦਰ ਔਗੁਣ ਹਨ, ਹਨ੍ਹੇਰਾ ਹੈ ਤਾਂ ਤੇ ਧਰਮ ਦੀ ਕਸੌਟੀ 'ਤੇ ਆਪਣੇ ਆਪ ਨੂੰ ਪਰਖਣਾ ਹੀ ਧਰਮ ਦਾ ਮੁੱਢਲਾ ਕਾਰਜ ਹੈ। ਇਸ ਨੂੰ ਸਵੈ-ਪੜਚੋਲ ਜਾਂ ਅੰਦਰਲੇ ਤੀਰਥ 'ਤੇ ਇਸ਼ਨਾਨ ਕਰਨਾ ਕਿਹਾ ਹੈ

**ਸੁਣਿਆ ਮੰਨਿਆ ਮਨਿ ਕੀਤਾ ਭਾਉ॥**
**ਅੰਤਰਗਤਿ ਤੀਰਥਿ ਮਲਿ ਨਾਉ॥ (ਜਪੁ)**

ਅਰਥ: ਰੱਬ ਦੀ ਸਿਫ਼ਤ ਸੁਣ ਕੇ ਉਸ ਨੂੰ ਮੰਨਣਾ ਹੈ ਯਾਨੀ ਯਕੀਨ ਧਾਰਨਾ ਹੈ ਅਤੇ ਦਿਲੋਂ (ਰੱਬ ਨੂੰ) ਪਿਆਰ ਕਰਨਾ ਹੈ

**ਦਿਲਹੁ ਮੁਹਬਤਿ ਜਿੰਨ੍ ਸੇਈ ਸਚਿਆ॥ (੪੮੮)**

ਇਉਂ ਅੰਦਰਲੇ ਤੀਰਥ 'ਤੇ ਰਗੜ-ਰਗੜ ਇਸ਼ਨਾਨ ਕਰਨਾ ਅਖਵਾਉਂਦਾ ਹੈ। ਅੰਦਰਲਾ ਹਨ੍ਹੇਰਾ ਦੂਰ ਹੁੰਦਿਆਂ ਹੀ ਬੰਦਾ ਸੱਚੀ ਇਨਸਾਨੀਅਤ ਭੀ ਪੁਗਾਉਣ ਲੱਗਦਾ ਹੈ, ਪਰ ਕੇਵਲ ਇਨਸਾਨੀਅਤ ਨੂੰ ਧਰਮ ਮੰਨ ਕੇ ਹਉਮੈ ਗ੍ਰਸਤ ਬੰਦਾ; ਸਵੈ ਪੜਚੋਲ ਨਹੀਂ ਕਰਦਾ। ਇਸ ਰੋਗ ਨਾਲ ਉਹ ਸਮਝ ਬੈਠੈ ਕਿ ਅਸਲ ਇਨਸਾਨੀਅਤ ਉਸ ਕੋਲ਼ ਹੀ ਹੈ। ਮੂਲ ਧਰਮ ਤੋਂ ਟੁਟਿਆ ਆਪਣੇ ਆਪ ਨੂੰ ਦਿਲੋਂ ਇਉਂ ਮਹਿਸੂਸ ਨਹੀਂ ਕਰੇਗਾ

**ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ**
**ਗੁਰ ਸਤਿਗੁਰ ਸੰਗਿ ਕੀਰੇ (ਕੀੜੇ) ਹਮ ਥਾਪੇ॥ (੧੬੭)**
**ਤੂ ਸਮਰਥੁ ਵਡਾ ਮੇਰੀ ਮਤਿ ਥੋਰੀ ਰਾਮ॥ (੫੪੭)**
**ਹਮ ਅਪਰਾਧੀ ਸਦ ਭੂਲਤੇ ਤੁਮ੍ ਬਖਸਨਹਾਰੇ॥ (੮੦੯)**
**ਹਮ ਅੰਧੁਲੇ ਅੰਧ ਬਿਖੈ ਬਿਖੁ ਰਾਤੇ**
**ਕਿਉ (ਕਿਵੇਂ) ਚਾਲਹ ਗੁਰ ਚਾਲੀ॥**
**ਸਤਗੁਰੁ ਦਇਆ ਕਰੇ ਸੁਖਦਾਤਾ**
**ਹਮ ਲਾਵੈ ਆਪਨ ਪਾਲੀ (ਚਰਨੀਂ)॥ (੬੬੭)**
**ਹਮ ਮੈਲੇ ਤੁਮ ਊਜਲ ਕਰਤੇ (ਹੇ ਕਰਤਾਰ!)**
**ਹਮ ਨਿਰਗੁਨ ਤੂ ਦਾਤਾ॥**
**ਹਮ ਮੂਰਖ ਤੁਮ ਚਤੁਰ ਸਿਆਣੇ ਤੂ ਸਰਬ ਕਲਾ ਕਾ ਗਿਆਤਾ॥**
**ਮਾਧੋ ਹਮ ਐਸੇ ਤੂ ਐਸਾ॥ (੬੧੩)**

ਗੁਰਬਾਣੀ ’ਚ ਕੋਈ ਭਾਵਨਾਤਮਿਕ ਸ਼ਬਦ ਜਿਵੇਂ ਕਿ ਮਨੁੱਖਤਾ, ਮਾਨਵਤਾ, ਇਨਸਾਨੀਅਤ ਆਦਿ ਦਰਜ ਨਹੀਂ ਕਿਉਂਕਿ ਇਨ੍ਹਾਂ ਰਾਹੀਂ ਵਿਅਕਤੀ ਵਿਸ਼ੇਸ਼ ਨੂੰ ਗ਼ਲਤੀ ਦਾ ਅਹਿਸਾਸ ਨਹੀਂ ਕਰਾਇਆ ਜਾ ਸਕਦਾ। ਜੀਵਨ ਬਦਲਾਅ ਕਰਾਉਣ ਲਈ ਇਹੀ ਨਾਮ ਲੈਣੇ ਪੈਂਦੇ ਹਨ 'ਪੰਡਿਤ, ਮੂਰਖ, ਗਾਵਾਰ, ਇਆਣਾ, ਨਿਰਲਜ, ਮਨਮੁਖ, ਅੰਧੇ (ਅੰਨ੍ਹੇ), ਕੁੱਤੇ, ਕੂੜਿਆਰ' ਆਦਿ। ਜੋ ਇਸ ਹਲੂਣੇ ਨਾਲ ਜਾਗ ਪਿਆ ਉਹ, ਗੁਰੂ ਦੀ ਕਿਰਪਾ ਨਾਲ਼ ਦੁਨੀਆ 'ਚ ਨਿਰਸੁਆਰਥ ਇਨਸਾਨੀਅਤ ਕਮਾਉਂਦਾ ਹੋਇਆ ਅੰਤ ਨੂੰ ਰੱਬੀ ਦਰਗਾਹ 'ਚ ਕਬੂਲ ਹੁੰਦਾ ਹੈ, ਪਰ ਜੋ ਫਿਰ ਭੀ ਨਾ ਜਾਗੇ ਉਹ ਅਹੰਕਾਰ ਗ੍ਰਸਤ; ਮੌਕਾਪ੍ਰਸਤ ਬਣ ਪਸ਼ੂ ਪੰਛੀਆਂ ਵਾਙ ਟੀਚਾ ਰਹਿਤ ਜੂਨ ਭੋਗਦੇ ਹੋਏ ਅੰਤ ਨੂੰ ਆਵਾਗਮਣ ਵਾਲ਼ਾ ਦੁਖਦਾਈ ਮਾਰਗ ਅਪਣਾਉਂਦੇ ਹਨ।

ਗੁਰਬਾਣੀ ’ਚ ‘ਧਰਮ’ ਸ਼ਬਦ ਦੇ ਮਿਲਦੇ ਜੁਲਦੇ ਕੁਝ ਹੋਰ ਅਰਥ ਭੀ ਹਨ। ਮਤਾਂ ਕਿਤੇ ਭੁਲੇਖਾ ਲੱਗੇ ਉਨ੍ਹਾਂ ਨੂੰ ਵਿਚਾਰਨਾ ਭੀ ਜ਼ਰੂਰੀ ਹੈ। ਗੁਰੂ ਨਾਨਕ ਸਾਹਿਬ ਜੀ ਮੁਤਾਬਕ ਸੰਸਾਰਕ ਝਮੇਲਿਆਂ 'ਚ ਖਚਿਤ ਹੋਣਾ; ਪਰਵਿਰਤਿ ਹੈ ਤੇ ਇਨ੍ਹਾਂ ਤੋਂ ਨਿਰਲੇਪ ਹੋਣਾ; ਨਿਰਵਿਰਤਿ। ਇਨ੍ਹਾਂ ਦੋਵੇਂ ਪਾਸਿਆਂ ਵਿਚਕਾਰ ਧਰਮ; ਵਿਚੋਲਾ ਹੈ

**ਪਰਵਿਰਤਿ ਨਿਰਵਿਰਤਿ ਹਾਠਾ ਦੋਵੈ ਵਿਚਿ**
**ਧਰਮੁ ਫਿਰੈ ਰੈਬਾਰਿਆ (ਵਿਚੋਲਾ)॥ (੧੨੮੦)**

ਦੂਜੇ ਪਾਸੇ ਸਤਿਗੁਰੂ ਨੂੰ ਭੀ ਵਿਚੋਲਾ ਮੰਨਿਐ

**ਜੈਸਾ ਸਤਿਗੁਰੁ ਸੁਣੀਦਾ ਤੈਸੋ ਹੀ ਮੈ ਡੀਠੁ (ਵੇਖ ਲਿਆ)॥**
**ਵਿਛੁੜਿਆ ਮੇਲੇ ਪ੍ਰਭੂ (ਨਾਲ਼)**
**ਹਰਿ ਦਰਗਹ ਕਾ ਬਸੀਠੁ (ਵਿਚੋਲਾ)॥ (੯੫੭)**

ਉਕਤ ਕੀਤੀ ਗਈ ਵਿਚਾਰ ਕਿ ਧਰਮ ਦਾ ਅਰਥ 'ਰੱਬ ਦੀ ਸਿਫ਼ਤ-ਸਲਾਹ ਹੈ, ਰੱਬ ਦਾ ਨਾਮ' ਹੈ; ਉਸੇ ਤਰ੍ਹਾਂ ਸ਼ਬਦ-ਗੁਰੂ ਦਾ ਅਰਥ ਭੀ 'ਰੱਬ ਦੀ ਸਿਫ਼ਤ-ਸਲਾਹ ਹੈ, ਰੱਬ ਦਾ ਨਾਮ' ਹੈ; ਜਿਵੇਂ ਕਿ

**ਧੁਰ ਕੀ ਬਾਣੀ ਆਈ॥ ਤਿਨਿ ਸਗਲੀ ਚਿੰਤ ਮਿਟਾਈ॥ (੬੨੮)**

**ਅਰਥ:** (ਸੰਸਾਰ ਇੱਕ ਦਰਖ਼ਤ ਹੈ, ਇਸ ਦਾ ਮੂਲ-ਧੁਰਾ; ਨਿਰਾਕਾਰ ਰੱਬ ਹੈ) ਮੇਰੇ ਹਿਰਦੇ 'ਚੋਂ ਜਗਤ ਦੇ ਧੁਰੇ-ਨਿਰਾਕਾਰ ਦੀ ਸਿਫ਼ਤ-ਸਲਾਹ ਪ੍ਰਗਟ ਹੋਈ ਹੈ (ਨਾ ਕਿ ਆਕਾਰ ਦੀ) ਉਸ ਨੇ ਮੇਰੀ ਸਾਰੀ ਸੰਸਾਰਕ ਚਿੰਤਾ ਦੂਰ ਕਰ ਦਿੱਤੀ (ਕਿ ਮੈ ਆਹ ਕਰਨੈ ਜਾਂ ਓਹ ਕਰ ਸਕਦਾ ਹਾਂ; ਇਹ ਸਭ ਛੱਡ ਕੇ ਰੱਬੀ ਆਸਰੇ ਰਹਿਣਾ ਸਿੱਖ ਲਿਆ। ਇਹੀ ਹੈ ਚਿੰਤਾ ਮੁਕਤ ਹੋਣਾ।)

ਭਗਤੀ ਭਾਵਨਾ ਵਾਲ਼ੇ ਬੰਦੇ ਲਈ ਰੱਬ ਦਾ ਮਿਲਾਪ; ਇੱਕ ਮੰਜ਼ਲ ਹੈ। ਉਸ ਵੱਲ ਜਾਂਦਾ ਮਾਰਗ ਧਰਮ ਹੈ, ਸਤਿਗੁਰੂ ਹੈ

**ਸਤਿਗੁਰੁ ਧਰਤੀ ਧਰਮ ਹੈ**
**ਤਿਸੁ ਵਿਚਿ ਜੇਹਾ ਕੋ ਬੀਜੇ ਤੇਹਾ ਫਲੁ ਪਾਏ॥**
**ਗੁਰਸਿਖੀ ਅੰਮ੍ਰਿਤੁ ਬੀਜਿਆ ਤਿਨ ਅੰਮ੍ਰਿਤ ਫਲੁ ਹਰਿ ਪਾਏ॥**
**(੩੦੨)**

**ਅਰਥ:** ਸਤਿਗੁਰੂ ਹੀ ਧਰਮ ਰੂਪ ਧਰਤੀ (ਅਡੋਲ ਹਿਰਦੇ ਦਾ ਪ੍ਰਤੀਕ) ਹੈ ਯਾਨੀ ਰੱਬ ਦੀ ਸਿਫ਼ਤ-ਸਲਾਹ ਰੂਪ ਮਾਰਗ ਹੀ ਸਤਿਗੁਰੂ ਹੈ, ਧਰਮ ਹੈ। ਇਸ ਵਿੱਚ ਜਿਹੋ ਜਿਹੀ ਭਾਵਨਾ ਬੀਜੀ ਜਾਂਦੀ ਹੈ ਯਾਨੀ ਜੈਸੀ ਭਾਵਨਾ ਨਾਲ਼

ਇਸ ਮਾਰਗ 'ਤੇ ਤੁਰੀਦਾ ਹੈ ਵੈਸਾ ਹੀ ਫਲ਼ ਪੈਂਦਾ ਹੈ, ਫਲ਼ ਲੱਗਦਾ ਹੈ। ਸ਼ਰਧਾਵਾਨ ਨੇ ਹਰੀ ਦਾ ਅਮਰ ਕਰ ਦੇਣ ਵਾਲ਼ਾ ਨਾਮ ਬੀਜਿਆ ਯਾਨੀ ਮਾਰਗ 'ਤੇ ਚੱਲਦਿਆਂ ਉਹ, ਹਰੀ ਦਾ ਅੰਮ੍ਰਿਤ ਨਾਮ ਜਪਦੇ ਗਏ ਤਾਹੀਓਂ ਗੁਣ ਦਾਇਕ ਫਲ਼ ਲੱਗਿਆ ਯਾਨੀ ਰੱਬ ਨਾਲ਼ ਸਾਂਝ ਬਣ ਗਈ, ਮੰਜ਼ਲ ਮਿਲ ਗਈ। ਭੱਟ ਗਯੰਦ ਜੀ ਨੇ ਭੀ ਪੰਥੁ (ਮਾਰਗ) ਨੂੰ ਧਰਮ ਕਿਹੈ

**ਲਹਣੈ (ਨੇ) ਪੰਥੁ ਧਰਮ ਕਾ ਕੀਆ॥**
**ਅਮਰਦਾਸ ਭਲੇ (ਭੱਲੇ) ਕਉ ਦੀਆ॥ (੧੪੦੧)**

ਗੁਰਬਾਣੀ 'ਚ ਹਰ ਵਾਰ ਧਰਮ ਨੂੰ ਫਲ਼ ਨਹੀਂ; ਫੁੱਲ ਕਿਹੈ

**ਕਰਮ ਪੇਡੁ ਸਾਖਾ ਹਰੀ ਧਰਮੁ ਫੁਲੁ ਫਲੁ ਗਿਆਨੁ॥ (੧੧੬੮)**

**ਨਾਨਕ ਗੁਰੁ ਸੰਤੋਖੁ ਰੁਖੁ ਧਰਮੁ ਫੁਲੁ ਫਲ ਗਿਆਨੁ॥ (੧੪੭)**

ਫੁੱਲ ਤੋਂ ਬਾਅਦ ਫਲ਼ ਬਣਦੈ ਯਾਨੀ ਕਿ ਫੁੱਲ; ਮਾਰਗ ਹੈ, ਧਰਤੀ ਹੈ, ਸਤਿਗੁਰੂ ਹੈ, ਧਰਮ ਹੈ ਅਤੇ ਫਲ਼; ਮੰਜ਼ਲ ਹੈ, ਰੱਬ ਨਾਲ਼ ਸਾਂਝ ਹੈ। ਬੰਦੇ ਨੇ ਧਰਮ-ਫੁੱਲ ਤੱਕ ਇੱਕ ਕਦਮ ਚੱਲਣਾ ਹੁੰਦੈ; ਅਗਾਂਹ ਸਤਿਗੁਰੂ ਜੀ ਨੇ ਮਿਹਰ ਕਰਦਿਆਂ-ਕਰਦਿਆਂ ਫਲ਼ (ਯਾਨੀ ਮੰਜ਼ਲ) ਤੱਕ ਲੈ ਜਾਣਾ ਹੁੰਦਾ ਹੈ

**ਚਰਨ ਸਰਨਿ ਗੁਰ ਏਕ ਪੈਡਾ ਜਾਇ ਚਲ**
**ਸਤਿਗੁਰ ਕੋਟਿ ਪੈਡਾ ਆਗੇ ਹੋਇ ਲੇਤ ਹੈ। (ਕਬਿਤ ੧੧੧)**

ਗੁਰਬਾਣੀ ਦਾ ਟੀਕਾ ਕਰਦਿਆਂ ਪ੍ਰੋਫ਼ੈਸਰ ਸਾਹਿਬ ਸਿੰਘ ਜੀ ਨੇ 'ਬ੍ਰਹਮ ਗਿਆਨੀ' ਦੇ ਅਰਥ ਕੀਤੇ ਹਨ 'ਰੱਬ ਨਾਲ਼ ਸਾਂਝ ਪਾ ਚੁੱਕਿਆ ਮਨੁੱਖ' ਯਾਨੀ 'ਬ੍ਰਹਮ' ਦਾ ਅਰਥ ਹੈ 'ਰੱਬ' ਤੇ 'ਗਿਆਨੀ' ਦਾ ਅਰਥ ਹੈ 'ਗਿਆਨਵਾਨ' ਤਾਂ ਤੇ 'ਗਿਆਨ' ਦਾ ਅਰਥ ਹੈ 'ਸਾਂਝ ਪਾਉਣੀ' ਯਾਨੀ ਕਿ ਫ਼ਲ ਜਾਂ ਮੰਜ਼ਲ'। ਗੁਰੂ ਨਾਨਕ ਸਾਹਿਬ ਜੀ; ਜ਼ਿੰਦਗੀ ਦਾ ਗਹਿਰਾ ਰਾਜ਼ ਸਮਝਾਉਂਦੇ ਹਨ ਕਿ ਬੰਦੇ ਦੁਆਰਾ ਕੀਤੇ ਜਾਂਦੇ ਕੰਮ; ਮਾਨੋ ਇੱਕ ਦਰੱਖ਼ਤ (ਕਰਮ ਪੇਡੁ) ਹੈ। ਉਸ ਦੀਆਂ ਟਹਿਣੀਆਂ; ਹਰੀ ਦਾ ਨਾਮ ਹੈ (ਸਾਖਾ ਹਰੀ) ਯਾਨੀ ਕੰਮ ਕਰਦਿਆਂ ਹਰੀ ਨੂੰ ਯਾਦ ਰੱਖਣਾ; ਹਰਾ ਭਰਿਆ ਦਰਖ਼ਤ ਹੋਣੈ। ਰੱਬ ਨਾਲ਼ ਸਾਂਝ (ਫਲੁ-ਗਿਆਨੁ) ਬਣਨ ਤੋਂ ਪਹਿਲਾਂ ਧਰਮੁ-ਫੁਲੁ ਲੱਗਣੈ ਯਾਨੀ ਸਤਿਗੁਰੂ (ਜੋ ਰੱਬੀ ਮਾਰਗ ਹੈ) ਨੂੰ ਆਪਣੇ ਹਿਰਦੇ 'ਚ ਦ੍ਰਿੜ੍ਹ ਕਰਨੈ

**ਕਰਮ ਪੇਡੁ ਸਾਖਾ ਹਰੀ ਧਰਮੁ ਫੁਲੁ ਫਲੁ ਗਿਆਨੁ॥ (੧੧੬੮)**

ਗੁਰੂ ਰਾਮਦਾਸ ਜੀ ਦੇ ਵਚਨ ਹਨ ਕਿ ਧਰਮੁ-ਫੁਲੁ (ਹਿਰਦੇ 'ਚ) ਪੁੰਗਰਨ ਤੋਂ ਬਾਅਦ (ਯਾਨੀ ਰੱਬੀ ਸਿਫ਼ਤ ਕਰਦਿਆਂ) ਪੱਕੇ ਹੋਏ ਗਿਆਨੁ-ਫਲੁ ਦੀ ਮਹਿਕ (ਯਾਨੀ ਰੱਬ ਨਾਲ਼ ਬਣੀ ਸਾਂਝ); ਸਾਰੇ ਜਗਤ 'ਚ ਫੈਲਦੀ ਹੈ

**ਧਰਮੁ ਫੁਲੁ ਫਲੁ ਗੁਰਿ (ਰਾਹੀਂ) ਗਿਆਨੁ ਦ੍ਰਿੜਾਇਆ**
**ਬਹਕਾਰ ਬਾਸੁ ਜਗਿ ('ਚ) ਦੀਜੈ॥ (੧੩੨੫)**

ਇਸ ਨੂੰ ਗੁਰੂ ਨਾਨਕ ਜੀ **"ਮਨਿ ਜੀਤੈ ਜਗੁ ਜੀਤੁ" (ਜਪੁ)** ਆਖਦੇ ਹਨ। ਗੁਰੂ ਨਾਨਕ ਸਾਹਿਬ ਜੀ; ਆਪਣੇ ਇੱਕ ਹੋਰ ਸ਼ਬਦ 'ਚ ਐਨਾ ਕੁ ਵਾਧਾ ਕਰਦੇ ਹਨ ਕਿ ਧਰਮੁ-ਫੁਲੁ (ਹਿਰਦੇ 'ਚ) ਲੱਗਣ ਤੋਂ ਬਾਅਦ ਗਿਆਨੁ-ਫਲੁ ਪਕਦਾ ਹੈ; ਧਿਆਨ ਦੀ ਇਕਾਗਰਤਾ ਉੱਤੇ ਹੁੰਦੀ ਰੱਬ ਦੀ ਮਿਹਰ ਨਾਲ

**ਨਾਨਕ ਗੁਰੁ ਸੰਤੋਖੁ ਰੁਖੁ ਧਰਮੁ ਫੁਲੁ ਫਲ ਗਿਆਨੁ॥**
**ਰਸਿ ਰਸਿਆ ਹਰਿਆ ਸਦਾ ਪਕੈ ਕਰਮਿ ਧਿਆਨਿ॥**
**ਪਤਿ ਕੇ ਸਾਦ ਖਾਦਾ ਲਹੈ ਦਾਨਾ ਕੈ ਸਿਰਿ ਦਾਨੁ॥ (੧੪੭)**

**ਅਰਥ:** ਸਤਿਗੁਰੂ; (ਅਡੋਲ ਧਰਤੀ ਵਾਙ) ਸਬਰ-ਸੰਤੋਖ ਭਰਪੂਰ ਦਰਖ਼ਤ ਹੈ (ਗੁਰੁ ਸੰਤੋਖੁ ਰੁਖੁ)। ਇਸ ਉੱਤੇ ਗਿਆਨੁ-ਫਲੁ ਪੱਕਣ ਤੋਂ ਪਹਿਲਾਂ ਭਾਵੇਂ ਧਰਮੁ-ਫੁਲੁ ਲੱਗਦਾ ਹੈ, ਪਰ ਉਹ ਪੱਕਦਾ ਹੈ ਯਾਨੀ ਫਲ਼ ਬਣਦਾ ਹੈ; ਸ਼ਬਦ-ਸੁਰਤਿ ਦੇ ਧਿਆਨ ਦੀ ਇਕਾਗਰਤਾ ਉੱਤੇ ਹੁੰਦੀ ਰੱਬ ਦੀ ਮਿਹਰ ਨਾਲ (ਪਕੈ ਕਰਮਿ ਧਿਆਨਿ)। ਜਦ ਉਹ ਫਲ਼ ਪੱਕ ਜਾਂਦੈ ਤਾਂ ਸਦਾ ਹਰਾ ਭਰਾ ਰਹਿੰਦਾ ਹੈ, ਰਸ ਨਾਲ਼ ਭਰਿਆ ਰਹਿੰਦਾ ਹੈ (ਰਸਿ ਰਸਿਆ ਹਰਿਆ ਸਦਾ)। ਭਗਤ; ਆਪਣੇ ਮਾਲਕ ਨਾਲ਼ ਬਣੀ ਇਸ ਸਾਂਝ (ਗਿਆਨੁ-ਫਲੁ) ਦਾ ਅਨੰਦ ਮਾਣਦਾ ਹੈ (ਪਤਿ ਕੇ ਸਾਦ ਖਾਦਾ ਲਹੈ)। ਰੱਬ ਦੀ ਮਿਹਰ ਵਾਲਾ ਦਾਨ (ਕਰਮਿ); ਮਨੁੱਖ ਨੂੰ ਮਿਲੀਆਂ ਸਾਰੀਆਂ ਦਾਤਾਂ 'ਚੋਂ ਸਰਵੋਤਮ ਦਾਨ ਹੁੰਦਾ ਹੈ (ਦਾਨਾ ਕੈ ਸਿਰਿ, ਦਾਨੁ)। ਗੁਰੂ ਨਾਨਕ ਸਾਹਿਬ ਜੀ; 'ਜਪੁ' ਬਾਣੀ ਦੀ 25ਵੀਂ ਪਉੜੀ 'ਚ ਰੱਬ ਵੱਲੋਂ ਬੰਦੇ ਨੂੰ ਮਿਲਣ ਵਾਲੀਆਂ ਸਮੂਹ ਦਾਤਾਂ ਦਾ ਜ਼ਿਕਰ ਕਰਦੇ-ਕਰਦੇ ਅੰਤ 'ਚ ਇਸ ਵਿਸ਼ੇਸ਼ ਦਾਤ ਦਾ ਇਉਂ ਜ਼ਿਕਰ ਕਰਦੇ ਹਨ

**ਜਿਸ ਨੋ ਬਖਸੇ ਸਿਫਤਿ ਸਾਲਾਹ॥**
**ਨਾਨਕ ਪਾਤਿਸਾਹੀ ਪਾਤਿਸਾਹੁ॥ (ਜਪੁ)**

**ਅਰਥ:** (ਰੱਬ ਵੱਲੋਂ ਮਨੁੱਖ ਨੂੰ ਮਿਲਦੀਆਂ ਬੇਅੰਤ ਦਾਤਾਂ ਤੋਂ ਇਲਾਵਾ) ਜਿਸ ਨੂੰ (ਆਪਣੀ) ਸਿਫ਼ਤ ਸਲਾਹ ਕਰਨ ਵਾਲ਼ੀ ਦਾਤ ਭੀ ਬਖ਼ਸ਼ਦਾ ਹੈ ਉਹ ਦੁਨਿਆਵੀ ਬਾਦਸ਼ਾਹਾਂ ਦਾ ਬਾਦਸ਼ਾਹ ਬਣ ਜਾਂਦਾ ਹੈ ਯਾਨੀ ਦੁਨਿਆਵੀ ਬਾਦਸ਼ਾਹ ਭੀ ਉਸ ਅੱਗੇ ਸਿਰ ਝੁਕਾਉਂਦੇ ਹਨ। ਸੋ ਗੁਰਮਤਿ ਅਨੁਸਾਰ ਰੱਬ ਨੂੰ ਯਾਦ ਕਰਨਾ ਹੀ ਧਰਮ ਹੈ

**ਬਲਿਓ ਚਰਾਗੁ ਅੰਧ੍ਯ੍ਯਾਰ ਮਹਿ ਸਭ ਕਲਿ ਉਧਰੀ ਇਕ ਨਾਮ ਧਰਮ॥**
**ਪ੍ਰਗਟੁ ਸਗਲ ਹਰਿ ਭਵਨ ਮਹਿ ਜਨੁ ਨਾਨਕੁ ਗੁਰੁ ਪਾਰਬ੍ਰਹਮ॥ (੧੩੮੭)**

**ਅਰਥ:** ਹੇ ਜਗਤ ਦੇ ਮਾਲਕ ਪਾਰਬ੍ਰਹਮ! (ਤੇਰਾ ਰੂਪ) ਦਾਸ ਗੁਰੂ ਨਾਨਕ; ਸੰਸਾਰਕ ਹਨ੍ਹੇਰੇ 'ਚ ਦੀਵੇ ਵਾਙ ਜਗ ਪਿਐ, ਸਾਰੇ ਸੰਸਾਰ 'ਚ ਪ੍ਰਗਟ ਹੋ ਗਿਐ (ਕਿਉਂਕਿ ਭਰੋਸਾ ਧਾਰ ਮੇਰੇ ਕੋਲ ਆਈ) ਸਾਰੀ ਲੁਕਾਈ (ਤੇਰੇ) ਇੱਕ ਨਾਮ-ਧਰਮ (ਕੇਵਲ ਸਿਫ਼ਤ-ਸਾਲਾਹ) ਦੇ ਆਸਰੇ (ਸੰਸਾਰ-ਸਮੁੰਦਰ ਤੋਂ) ਪਾਰ ਲੰਘ ਗਈ।

ਉਕਤ ਕੀਤੀ ਵਿਚਾਰ ਕਿ ਗੁਰਮਤਿ ਅਨੁਸਾਰ 'ਧਰਮ' ਦਾ ਅਰਥ ਹੈ 'ਰੱਬ ਦੀ ਸਿਫ਼ਤ-ਸਲਾਹ ਕਰਨਾ, ਉਸ ਦਾ ਨਾਮ ਜਪਣਾ' ਤਾਂ ਜੋ ਰੱਬ ਦੀ ਮਿਹਰ ਹੋਵੇ। ਉਸ ਨਾਲ਼ ਸਾਂਝ/ਮਿਲਾਪ ਹੋਵੇ। ਗੁਰੂ ਨਾਨਕ ਸਾਹਿਬ ਜੀ 'ਜਪੁ' ਬਾਣੀ 'ਚ ਜ਼ਿਕਰ ਕਰਦੇ ਹਨ ਕਿ ਧਰਮ (ਜੋ ਰੱਬ ਦਾ ਬੱਝਵਾਂ ਨਿਯਮ ਹੈ) ਹੀ ਦਰਅਸਲ ਸਫ਼ੈਦ ਬਲ਼ਦ ਹੈ (ਜਿਸ ਦੇ ਆਸਰੇ ਧਰਤੀ ਖੜ੍ਹੀ ਹੈ) ਅਤੇ ਰੱਬ ਦੀ ਦਇਆ-ਦ੍ਰਿਸ਼ਟੀ ਨਾਲ਼ (ਇਹ ਧਰਮ; ਮਨੁੱਖ ਦੇ ਹਿਰਦੇ 'ਚ) ਜਨਮ ਲੈਂਦੈ, ਪੁੰਗਰਦਾ ਹੈ।

**ਧੌਲੁ ਧਰਮੁ ਦਇਆ ਕਾ ਪੂਤੁ॥ (ਜਪੁ)**

**ਨੋਟ:** ਸਨਾਤਨ ਮੱਤ ਨੇ ਕੀਤੀ ਧਰਮ ਦੀ ਵਿਆਖਿਆ ਅਨੁਸਾਰ ਧਰਤੀ ਨੂੰ ਇੱਕ ਬਲ਼ਦ ਨੇ ਚੁੱਕਿਐ, ਪਰ ਗੁਰਮਤਿ-ਧਰਮ ਅਨੁਸਾਰ ਰੱਬ ਦਾ ਬੱਝਵਾਂ ਨਿਯਮ (ਯਾਨੀ ਕਿ ਧਰਮ; ਚੇਤੇ ਰਹੇ ਕਿ ਧਰਮ ਦਾ ਅਰਥ 'ਸੰਸਾਰ ਨੂੰ ਧਾਰਨ ਕਰਨਾ' ਹੈ) ਹੀ ਬ੍ਰਹਿਮੰਡ ਨੂੰ ਬੰਨ੍ਹੀ ਖੜ੍ਹਾ ਹੈ

**ਓਇ ਜੁ ਦੀਸਹਿ ਅੰਬਰਿ ਤਾਰੇ॥**
**ਕਿਨਿ ਓਇ ਚੀਤੇ ਚੀਤਨਹਾਰੇ॥**
**ਕਹੁ ਰੇ ਪੰਡਿਤ ਅੰਬਰੁ ਕਾ ਸਿਉ ਲਾਗਾ॥**
**ਬੂਝੈ ਬੂਝਨਹਾਰੁ ਸਭਾਗਾ॥**
**ਸੂਰਜ ਚੰਦੁ ਕਰਹਿ ਉਜੀਆਰਾ॥**
**ਸਭ ਮਹਿ ਪਸਰਿਆ ਬ੍ਰਹਮ ਪਸਾਰਾ॥**
**ਕਹੁ ਕਬੀਰ ਜਾਨੈਗਾ ਸੋਇ॥**
**(ਜਿਸ ਦੇ) ਹਿਰਦੈ ਰਾਮੁ ਮੁਖਿ ('ਚ ਭੀ) ਰਾਮੈ ਹੋਇ॥ (੩੨੯)**

**ਪਦ ਅਰਥ:** ਅੰਬਰਿ-ਅਕਾਸ਼ ਵਿੱਚ।, ਚੀਤੇ-ਬਣਾਏ ਯਾਨੀ ਚਿਤਰਕਾਰੀ ਕੀਤੀ।, ਚੀਤਨਹਾਰੇ- ਕਾਰੀਗਰ-ਰੱਬ ਨੇ।, ਕਾ ਸਿਉ ਲਾਗਾ-ਕਿਸ ਆਸਰੇ ਖੜ੍ਹੈ।, ਸਭਾਗਾ-ਵੱਡੇ ਭਾਗਾਂ ਵਾਲਾ।, ਸੋਇ-ਉਹੀ।

ਧਰਮ; ਰੱਬ ਦੀ ਮਿਹਰ ਨਾਲ਼ ਹਿਰਦੇ 'ਚ ਪ੍ਰਗਟ ਹੁੰਦੈ, ਇਸ ਦਾ ਜ਼ਿਕਰ ਗੁਰੂ ਅਰਜਨ ਸਾਹਿਬ ਭੀ ਕਰਦੇ ਹਨ

**ਭੈ ਅਟਵੀਅੰ ਮਹਾ ਨਗਰ ਬਾਸੰ ਧਰਮ ਲਖ੍ਹਣ ਪ੍ਰਭ ਮਇਆ॥**

**(੧੩੫੮)**

**ਅਰਥ:** ਧਰਮ ਦੇ ਲੱਛਣ (ਹਿਰਦੇ 'ਚ) ਪ੍ਰਭੂ ਦੀ ਮਿਹਰ ਨਾਲ ਪ੍ਰਗਟ ਹੁੰਦੇ ਹਨ ਫਿਰ ਡਰਾਉਣਾ ਸੰਸਾਰ-ਜੰਗਲ਼ ਭੀ ਵੱਸਦਾ ਵੱਡਾ ਸ਼ਹਿਰ ਪ੍ਰਤੀਤ ਹੁੰਦੈ। ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੇ ਰੱਬ ਵੱਲੋਂ ਹੁੰਦੀ ਮਿਹਰ ਉਪਰੰਤ ਧਰਮ ਹਿਰਦੇ 'ਚ ਜਨਮ ਲੈਂਦਾ ਹੈ, ਇਹ ਸਮਝਾਉਣ ਲਈ ਰੱਬ ਨੂੰ 'ਕਿਰਪਾ ਨਿਧਿ' ਕਿਹਾ ਹੈ। ਇਹ ਭੀ ਸਪੱਸ਼ਟ ਕੀਤਾ ਕਿ ਇਹ ਗਹਿਰਾ ਰਾਜ਼; ਬੇਦੁ (ਯਾਨੀ ਗੁਰੂ ਦਾ ਗਿਆਨ) ਦੱਸਦਾ ਹੈ

**ਕਲ ਮੈ ਏਕੁ ਨਾਮੁ ਕਿਰਪਾ ਨਿਧਿ ਜਾਹਿ ਜਪੈ ਗਤਿ ਪਾਵੈ॥**
**ਅਉਰ ਧਰਮ ਤਾ ਕੈ ਸਮ (ਬਰਾਬਰ) ਨਾਹਨਿ**
**ਇਹ ਬਿਧਿ ਬੇਦੁ ਬਤਾਵੈ॥ (੬੩੨)**

ਸੋ ਜਗਤ ਵਿੱਚ ਰੱਬ ਦੇ ਗੁਣ ਗਾਉਣੇ ਸਰਵੋਤਮ ਧਰਮ ਹੈ ਅਤੇ ਰੱਬ ਦੀ ਮਿਹਰ ਹੋਣੀ; ਸਰਬ ਸ੍ਰੇਸ਼ਟ ਦਾਤ ਹੈ ਤਾਂ ਹੀ ਸਰਵੋਤਮ ਕਿਰਦਾਰ ਸਿਰਜੀਦੈ, ਜੋ ਸੱਚੀ ਇਨਸਾਨੀਅਤ ਪੁਗਾ ਸਕਦੈ

**ਰਾਮ ਕੇ ਗੁਨ ਗਾਉ॥**
**ਹਲਤੁ ਪਲਤੁ ਹੋਹਿ ਦੋਵੈ ਸੁਹੇਲੇ ਅਚਰਜ ਪੁਰਖੁ ਧਿਆਉ॥ ......**
**ਸਭ ਤੇ ਊਤਮ ਇਹੁ ਕਰਮੁ॥ ਸਗਲ ਧਰਮ ਮਹਿ ਸ੍ਰੇਸਟ ਧਰਮੁ॥**
**(ਮਹਲਾ ੫/੮੯੫)**

ਸੋ ਇਹ ਕਹਿਣਾ ਕਿ ਗੁਰੂ ਨਾਨਕ ਸਾਹਿਬ ਜੀ ਨੇ ਨਵਾਂ ਧਰਮ ਨਹੀਂ ਚਲਾਇਆ ਤਾਂ ਮੰਨਣਾ ਪੈਣੈ ਕਿ ਗੁਰੂ ਜੀ ਨੇ ਪ੍ਰਚਲਿਤ ਧਰਮਾਂ ਦੀ ਪਾਲਣਾ ਕੀਤੀ ਅਤੇ ਹੋਰਾਂ ਤੋਂ ਕਰਾਉਣ ਲਈ ਚਾਰੋਂ ਦਿਸ਼ਾਵਾਂ 'ਚ ਯਾਤਰਾਵਾਂ ਕੀਤੀਆਂ। ਸਭ ਧਰਮਾਂ ਦੇ ਪੈਰੋਕਾਰਾਂ ਨੂੰ ਦੱਸਿਆ ਕਿ ਤੁਹਾਡੀਆਂ ਪ੍ਰਚਲਿਤ ਰਵਾਇਤਾਂ ਤਾਂ ਠੀਕ ਹਨ, ਪਰ ਇਨ੍ਹਾਂ ਵਿੱਚ ਇਨਸਾਨੀਅਤ ਨੂੰ ਭੀ ਸ਼ਾਮਲ ਕਰੋ। ਸਵਾਲ ਪੈਦਾ ਹੁੰਦਾ ਹੈ ਕਿ ਕੀ ਪ੍ਰਚਲਿਤ ਧਰਮਾਂ 'ਚ ਐਨਾ ਕੁ ਹੀ ਵਾਧਾ ਕਰਨ ਲਈ ਗੁਰੂ ਸਾਹਿਬਾਨ ਨੂੰ ਤਸੀਹੇ ਝੱਲਣੇ ਪਏ? ਇਸ ਦਾ ਜਵਾਬ ਹੇਠਲੀ ਗੁਰਮਤਿ ਵਿਲੱਖਣਤਾ 'ਚੋਂ ਮਿਲਣਾ ਹੈ। ਗੁਰੂ ਨਾਨਕ ਸਾਹਿਬ ਜੀ ਦੇ ਸਮੇਂ ਹਰ ਬੰਦਾ ਮੁਗ਼ਲਾਂ ਤੋਂ ਡਰਿਆ ਉਨ੍ਹਾਂ ਦੀ ਬੋਲੀ ਬੋਲ ਰਿਹਾ ਸੀ। ਸਾਰੇ ਮੁਸਲਮਾਨੀ ਲਿਬਾਸ ਪਹਿਨਣ ਲੱਗੇ ਮਾਨੋ ਇਹੀ ਮੂਲ ਧਰਮ ਹੋਵੇ।

**ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ॥ (੬੬੩)**

ਨਵੇਂ ਧਾਰਮਿਕ ਕਿਰਦਾਰ ਸਿਰਜਣੇ ਰੁਕ ਗਏ। ਅੰਦਰੋਂ ਹਿੰਦੂ; ਬਾਹਰੋਂ ਮੁਸਲਮਾਨ ਪ੍ਰਤੀਤ ਹੁੰਦਾ; ਇਸ ਪਖੰਡ ਕਾਰਨ ਰੂਹਾਨੀਅਤ ਜੀਵਨ ਨੂੰ ਪੰਜ ਵਿਕਾਰ ਹੋਰ ਮਾਰਦੇ ਗਏ

**ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ॥ (੭੪੭)**

ਧਰਮ ਰਾਹੀਂ ਕੀਤੀ ਸਵੈ ਪੜਚੋਲ ਰੂਹਾਨੀਅਤ ਬਲ ਭਰਦੀ ਹੈ, ਪਰ

**ਜਿਨਿ ਆਤਮ ਤਤੁ ਨ ਚੀਨ੍ਹਿਆ॥**
**ਸਭ ਫੋਕਟ ਧਰਮ ਅਬੀਨਿਆ॥ (੧੩੫੧)**

**ਅਰਥ:** ਜਿਸ ਨੇ ਆਪਣੇ ਆਪ ਨੂੰ ਨਾ ਪਛਾਣਿਆ ਅਜਿਹੇ ਅੰਨ੍ਹਿਆਂ ਦੇ ਧਾਰਮਿਕ ਕਰਮ; ਕਰਮਕਾਂਡ ਹਨ ਯਾਨੀ ਵਿਖਾਵੇ ਮਾਤਰ ਹਨ। ਭਗਤ ਰਵੀਦਾਸ ਜੀ ਨੇ ਵਚਨ ਕੀਤੇ

**ਪਾਰੁ ਕੈਸੇ ਪਾਇਬੋ ਰੇ॥ ਮੋ ਸਉ ਕੋਊ ਨ ਕਹੈ ਸਮਝਾਇ॥**
**ਜਾ ਤੇ ਆਵਾ ਗਵਨੁ ਬਿਲਾਇ (ਮੁੱਕੇ)॥**
**ਬਹੁ ਬਿਧਿ ਧਰਮ ਨਿਰੂਪੀਐ ਕਰਤਾ ਦੀਸੈ ਸਭ ਲੋਇ॥**
**ਕਵਨ ਕਰਮ ਤੇ ਛੂਟੀਐ ਜਿਹ ਸਾਧੇ ਸਭ ਸਿਧਿ ਹੋਇ॥ (੩੪੬)**

**ਅਰਥ:** ਹੇ ਪੰਡਿਤ! ਭਿਆਨਕ ਸੰਸਾਰ ਸਮੁੰਦਰ ਨੂੰ ਕਿਵੇਂ ਪਾਰ ਕਰੋਗੇ ? ਕਿਹੜਾ ਕਰਮ-ਧਰਮ; ਆਵਾਗਮਣ ਖ਼ਤਮ ਕਰਦਾ ਹੈ? ਕਿਸ ਕਰਮ-ਧਰਮ ਦੇ ਕੀਤਿਆਂ ਸਫ਼ਲਤਾ ਮਿਲਦੀ ਹੈ? ਮੈਨੂੰ ਕੋਈ ਸਮਝਾ ਦਿਓ ਤਾਂ ਜੋ ਮੇਰਾ ਆਵਾਗਵਣ ਚੱਕਰ ਖ਼ਤਮ ਹੋਵੇ; ਵੈਸੇ ਤੁਸੀਂ ਧਰਮ ਦੀ ਕਈ ਤਰ੍ਹਾਂ ਵਿਆਖਿਆ ਪਏ ਕਰਦੇ ਹੋ ਤੇ ਉਨ੍ਹਾਂ ਅਸੂਲਾਂ ਨੂੰ ਸਾਰੇ ਮੰਨਦੇ ਭੀ ਹੋ? ਭਗਤ ਕਬੀਰ ਜੀ ਦੇ ਵਚਨ ਹਨ ਕਿ ਮੌਲਵੀ, ਪੰਡਿਤ ਆਦਿ ਨੇ ਆਪਣੇ ਚੇਲੇ ਤਾਂ ਬਹੁਤ ਬਣਾ ਲਏ, ਪਰ ਕੁਦਰਤਿ ਨੂੰ ਰਚਨਹਾਰ ਅੱਲ੍ਹਾ ਜਾਂ ਰਾਮ ਨਾਲ ਨਾ ਜੋੜ ਸਕੇ-

**ਕਬੀਰ ਸਿਖ ਸਾਖਾ ਬਹੁਤੇ ਕੀਏ ਕੇਸੋ ਕੀਓ ਨ ਮੀਤੁ॥**
**ਚਾਲੇ ਥੇ ਹਰਿ ਮਿਲਨ ਕਉ ਬੀਚੈ ਅਟਕਿਓ ਚੀਤੁ॥ (੧੩੬੯)**

ਗੁਰਮਤਿ-ਧਰਮ ਤੋਂ ਉਲ਼ਟ ਪ੍ਰਚਲਿਤ ਮਨਹੱਠੀ ਰਸਮਾਂ ਕਰਨ ਵਾਲ਼ੇ ਜੋਗੀਆਂ ਨੂੰ ਗੁਰੂ ਨਾਨਕ ਸਾਹਿਬ ਨੇ ਸਮਝਾਉਂਦਿਆਂ ਕਿਹਾ ਕਿ ਤੁਹਾਡਾ ਧਰਮ (ਯਾਨੀ ਕਿ ਮੱਤ) ਪਖੰਡ ਹੈ। ਤੁਸੀਂ ਸੁਆਸਾਂ ਨਾਲ਼ ਪੇਟ ਹਿਲਾਉਂਦੇ ਹੋ। ਸੁਆਸ ਅੰਦਰ ਬਾਹਰ ਕਰਦੇ ਹੋ ਤੇ ਦੋਵੇਂ ਅੱਖਾਂ ਵਿਚਕਾਰ ਸੁਆਸ ਰੋਕਦੇ ਹੋ; ਇਉਂ ਹਰੀ ਨਾਲ਼ ਪ੍ਰੀਤ ਨਹੀਂ ਉਪਜੇਗੀ

**ਨਿਉਲੀ ਕਰਮ ਭੁਇਅੰਗਮ ਭਾਠੀ॥**
**ਰੇਚਕ ਕੁੰਭਕ ਪੂਰਕ ਮਨ ਹਾਠੀ॥**
**ਪਾਖੰਡ ਧਰਮੁ ਪ੍ਰੀਤਿ ਨਹੀ ਹਰਿ ਸਉ**
**ਗੁਰ ਸਬਦ ਮਹਾ ਰਸੁ ਪਾਇਆ॥ (੧੦੪੩)**

ਗੁਰੂ ਤੇਗ਼ ਬਹਾਦਰ ਸਾਹਿਬ ਜੀ ਆਪਣਾ ਅਨੁਭਵ ਬਿਆਨ ਕਰਦਿਆਂ ਆਖਦੇ ਹਨ ਕਿ ਤੀਰਥ ਇਸ਼ਨਾਨ, ਵਰਤ ਆਦਿਕ ਧਰਮ-ਕਰਮ ਨਿਹਫਲ ਹਨ ਕਿਉਂਕਿ ਇਨ੍ਹਾਂ ਨੂੰ ਕੀਤਿਆਂ ਮਨ; ਕਾਬੂ ਨਹੀਂ ਹੁੰਦਾ

**ਤੀਰਥ ਕਰੈ ਬ੍ਰਤ ਫੁਨਿ (ਭੀ) ਰਾਖੈ ਨਹ ਮਨੂਆ ਬਸਿ ('ਚ) ਜਾ ਕੋ॥**
**ਨਿਹਫਲ ਧਰਮੁ ਤਾਹਿ ਤੁਮ ਮਾਨਹੁ ਸਾਚੁ ਕਹਤ ਮੈ ਯਾ ਕਉ॥**
**(੮੩੧)**

ਗੁਰੂ ਨਾਨਕ ਸਾਹਿਬ ਨੇ ਮੌਲਵੀਆਂ ਨੂੰ ਕਿਹਾ ਕਿ ਤੁਸੀਂ ਮਿਰਤਕ ਸਰੀਰ ਨੂੰ ਇਸ ਲਈ ਨਹੀਂ ਅੱਗ 'ਚ ਜਲਾਉਂਦੇ ਕਿਉਂਕਿ ਉਸ ਨੇ ਕਿਆਮਤ ਤੋਂ ਬਾਅਦ ਮੁਕਤ ਹੋਣਾ ਹੁੰਦੈ, ਪਰ ਸ਼ਮਸ਼ਾਨ ਦੀ ਮਿੱਟੀ ਚੀਕਣੀ ਹੋਣ ਕਾਰਨ ਕਈ ਵਾਰ ਘੁਮਿਆਰ ਬਰਤਨ ਬਣਾਉਣ ਲਈ ਲੈ ਆਉਂਦਾ ਹੈ ਤੇ ਆਵੀ ਦੀ ਅੱਗ 'ਚ ਓਹੀ ਮਿਰਤਕ-ਦੇਹ ਵਾਲ਼ੀ ਮਿੱਟੀ ਨੂੰ ਸਾੜਦਾ ਹੈ ਤਾਂ ਫਿਰ ਤੁਹਾਡੀ ਕਿਆਮਤ ਉਪਰੰਤ ਮੁਕਤੀ ਦਾ ਕੀ ਬਣਿਆ:

**ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ॥**
**ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ॥ (੪੬੬)**

ਸੋ ਉਕਤ ਅਨਮੱਤ ਦੁਆਰਾ ਕੀਤੀ ਮੂਲ ਧਰਮ ਦੀ ਵਿਆਖਿਆ ਅਰਥਹੀਣ ਹੈ ਤਾਹੀਓਂ ਗੁਰਮਤਿ; ਸਹਿਮਤ ਨਹੀਂ ਤੇ ਇਸ ਨੇ ਵੱਖਰੀ ਤੇ ਨਿਵੇਕਲੀ ਮੱਤ ਨਾਲ਼ ਮੂਲ ਧਰਮ ਦੀ ਵਿਆਖਿਆ ਕੀਤੀ। ਜਿਸ ਦੇ ਪ੍ਰਚਾਰ-ਪ੍ਰਸਾਰ ਦੇ ਵਿਰੋਧ ਵਜੋਂ ਗੁਰੂ ਸਾਹਿਬਾਨ ਨੂੰ ਤਸੀਹੇ ਝੱਲਣੇ ਪਏ, ਜੋ ਹੁਣ ਤੱਕ ਸਿੱਖਾਂ 'ਤੇ ਤਸੱਦਦ ਜਾਰੀ ਹੈ ਕਿਉਂਕਿ ਕੱਟੜ ਅੰਧਵਿਸ਼ਵਾਸੀ

ਸੱਚ ਸੁਣਨ ਨੂੰ ਤਿਆਰ ਨਹੀਂ ।

**ਸਾਚ ਧਰਮ ਸਿਉ ਰੁਚਿ ਨਹੀ ਆਵੈ ਸਤਿ ਸੁਨਤ ਛੋਹਾਇਆ॥ (੪੦੨)**

**ਅਰਥ:** ਹੇ ਮੂਰਖ ਬੰਦੇ! ਸੱਚੇ ਧਰਮ ਬਾਰੇ ਸੁਣਨ ਨੂੰ ਤੂੰ ਤਿਆਰ ਨਹੀਂ। ਸੱਚਾਈ ਸੁਣਦਿਆਂ ਹੀ ਤੈਨੂੰ ਖਿੱਝ ਚੜ੍ਹਦੀ ਹੈ। ਇਸ ਸ਼ਬਦ ਦੀ 'ਰਹਾਉ' ਪੰਕਤੀ 'ਚ ਮੂਲ ਧਰਮ ਦੀ ਵਿਆਖਿਆ ਇਉਂ ਦਰਜ ਹੈ

**ਸਤਿਗੁਰ ਤੇਰੀ ਆਸਾਇਆ॥**
**ਪਤਿਤ ਪਾਵਨੁ ਤੇਰੋ ਨਾਮੁ ਪਾਰਬ੍ਰਹਮ ਮੈ ਏਹਾ ਓਟਾਇਆ॥ (੪੦੨)**

**ਅਰਥ:** ਹੇ ਸਤਿਗੁਰੂ! ਹੇ ਪਾਰਬ੍ਰਹਮ! ਮੈਨੂੰ ਤੇਰੀ ਹੀ ਆਸ ਹੈ। ਤੇਰੀ ਹੀ ਟੇਕ ਹੈ ਕਿ ਤੇਰਾ ਨਾਮ ਰੂਹਾਨੀਅਤ ਪੱਖੋਂ ਡਿੱਗੇ ਹੋਏ ਨੂੰ ਪਵਿੱਤਰ ਕਰਨ ਵਾਲ਼ਾ ਹੈ, ਜੀਵਤ ਕਰ ਦਿੰਦਾ ਹੈ। ਸਨਾਤਨੀ ਧਰਮ ਅਨੁਸਾਰ ਹਰ ਯੁੱਗ ਦਾ ਧਰਮ ਵੱਖਰਾ-ਵੱਖਰਾ ਹੈ, ਪਰ ਗੁਰਬਾਣੀ ਅਨੁਸਾਰ ਹਰ ਯੁਗ 'ਚ ਰੱਬ ਨੂੰ ਯਾਦ ਕਰਨਾ ਹੀ ਅਸਲ ਧਰਮ ਹੈ

**ਏਕੋ ਧਰਮੁ ਦ੍ਰਿੜੈ ਸਚੁ ਕੋਈ॥**
**ਗੁਰਮਤਿ ਪੂਰਾ ਜੁਗਿ ਜੁਗਿ ('ਚ) ਸੋਈ॥ (੧੧੮੮)**
**ਇਸੁ ਜੁਗ ਕਾ ਧਰਮੁ ਪੜਹੁ ਤੁਮ ਭਾਈ॥**
**ਪੂਰੈ ਗੁਰਿ (ਨੇ) ਸਭ ਸੋਝੀ ਪਾਈ॥**
**ਐਥੈ ਅਗੈ ਹਰਿ ਨਾਮੁ ਸਖਾਈ॥ (੨੩੦)**

ਤਾਂ ਤੇ ਹਰ ਮਨੁੱਖ ਨੂੰ ਚਾਹੀਦੈ ਕਿ

**ਨਹ ਬਿਲੰਬ ਧਰਮੰ ਬਿਲੰਬ ਪਾਪੰ॥ (੧੩੫੪)**

ਯਾਨੀ ਧਰਮ ਕਮਾਉਣ 'ਚ ਦੇਰੀ ਨਾ ਕਰ (ਸਗੋਂ ਧਰਮ ਦਾ ਵਿਰੋਧ ਕਰਨ ਵਾਲ਼ੇ) ਪਾਪ ਤੋਂ ਬਚ। ਸੋ ਗੁਰਮਤਿ-ਧਰਮ ਨੂੰ ਕੇਵਲ ਇਨਸਾਨੀਅਤ-ਧਰਮ ਕਹਿਣਾ; ਨਾਸਮਝੀ ਦਾ ਪ੍ਰਤੀਕ ਹੈ। ਅਜਿਹੇ ਬੰਦੇ ਸਵੈ ਪੜਚੋਲ ਤੋਂ ਸੱਖਣੇ ਅਤੇ ਰੱਬ ਦੀ ਹੋਂਦ ਤੋਂ ਇਨਕਾਰੀ ਹੁੰਦੇ ਹਨ। ਉਹ ਕਦੇ ਭੀ ਸਰੋਤਿਆਂ ਨੂੰ ਗੁਰਮਤਿ ਅਨੁਸਾਰੀ ਸਵੈ ਪੜਚੋਲ ਕਰਨ ਅਤੇ ਨਿਰਾਕਾਰ-ਰੱਬ, ਜੋ ਕਣ-ਕਣ 'ਚ ਵਿਆਪਕ ਭੀ ਹੈ; ਉੱਤੇ ਭਰੋਸਾ ਰੱਖਣ ਲਈ ਨਹੀਂ ਕਹਿਣਗੇ। ਜਿਸ ਬੱਚੇ ਅੰਦਰੋਂ ਸਵਾਲ ਉਪਜਿਆ ਕਿ ਗੁਰੂ ਜੀ ਨੇ ਇੱਕ ਹੋਰ ਧਰਮ ਕਾਹਦੇ ਲਈ ਚਲਾਇਐ? ਉਹ, ਇਸ ਜਵਾਬ ਤੋਂ ਕਿ ਗੁਰੂ ਨਾਨਕ ਜੀ ਦਾ ਧਰਮ; ਇਨਸਾਨੀਅਤ ਹੈ, ਸੰਤੁਸ਼ਟ ਨਹੀਂ ਕਿਉਂਕਿ ਇਨਸਾਨੀਅਤ ਸ਼ਬਦ ਹਰ ਇੱਕ ਬੰਦੇ ਲਈ ਵੱਖਰੇ-ਵੱਖਰੇ ਅਰਥ ਰੱਖਦਾ ਹੈ। ਉਸ ਨੂੰ ਸਮਝਾਉਣਾ ਚਾਹੀਦਾ ਸੀ ਕਿ ਅਸਲ ਧਰਮ ਇੱਕ ਹੀ ਹੈ ਤੇ ਉਹ ਹੈ ਰੱਬ ਦੇ ਗੁਣ ਗਾਉਣੇ। ਰੱਬ ਦੇ ਗੁਣਾਂ ਨਾਲ਼ ਤੁਲਨਾਤਮਿਕ ਪੱਖੋਂ ਆਪਣੇ ਔਗੁਣਾਂ ਨੂੰ ਪਰਖ-ਪਰਖ ਦੂਰ ਕਰਨਾ। ਅਜਿਹੀ ਵਿਚਾਰਧਾਰਾ ਰਵਾਇਤੀ ਧਰਮਾਂ 'ਚ ਦਰਜ ਨਾ ਹੋਣ ਕਾਰਨ ਗੁਰੂ ਨਾਨਕ ਸਾਹਿਬ ਜੀ ਨੂੰ ਜਨਮ ਲੈਣਾ ਪਿਆ ਅਤੇ ਸਾਨੂੰ ਮੂਲ ਧਰਮ ਬਾਰੇ ਸਪੱਸ਼ਟ ਕੀਤਾ।

ਗੁਰਬਾਣੀ; ਸੰਸਾਰ ਦਾ ਪਹਿਲਾ ਧਾਰਮਿਕ ਗ੍ਰੰਥ ਹੈ ਜਿਸ ਦੀ ਸੰਪਾਦਨਾ ਕਰਨ ਵਾਲ਼ੇ ਪੰਜਵੇਂ ਪਾਤਿਸ਼ਾਹ ਜੀ ਨੇ ਇਸ ਵਿੱਚ ਇਹ ਤਾੜਨਾ ਭੀ ਦਰਜ ਕੀਤੀ ਕਿ ਗੁਰਮਤਿ ਪ੍ਰਚਾਰਕ ਸਿੱਖ; ਗੁਰਮਤਿ ਅਨੁਸਾਰ ਪਹਿਲਾਂ ਆਪਣਾ ਮਨ ਕਾਬੂ ਕਰਨਾ ਸਿੱਖਣ ਤਾਂ ਜੋ ਹੋਰਾਂ ਨੂੰ ਲਾਗ ਲਗਾਉਂਦਿਆਂ ਦੁਬਿਧਾ ਨਾ ਰਹੇ

**ਪ੍ਰਥਮੇ ਮਨੁ ਪਰਬੋਧੈ ਅਪਨਾ ਪਾਛੈ ਅਵਰ ਰੀਝਾਵੈ॥**
**ਰਾਮ ਨਾਮ ਜਪੁ ਹਿਰਦੈ ਜਾਪੈ ਮੁਖ ਤੇ ਸਗਲ ਸੁਨਾਵੈ॥ (੩੮੧)**

ਗੁਰੂ ਅੰਗਦ ਸਾਹਿਬ ਜੀ ਭੀ ਕੁੱਝ ਅਜਿਹਾ ਹੀ ਫ਼ੁਰਮਾ ਰਹੇ ਹਨ

**ਨਾਨਕ ਪਰਖੇ ਆਪ ਕਉ ਤਾ ਪਾਰਖੁ ਜਾਣੁ॥**
**ਰੋਗੁ ਦਾਰੂ ਦੋਵੈ ਬੁਝੈ ਤਾ ਵੈਦੁ ਸੁਜਾਣੁ॥ (੧੪੮)**

**ਅਰਥ:** ਹੇ ਨਾਨਕ! ਆਖ ਕਿ ਜੋ ਸਿੱਖ (ਗੁਰਮਤਿ ਅਨੁਸਾਰੀ) ਸਵੈ ਪੜਚੋਲ ਕਰਨਾ ਜਾਣਦਾ ਹੈ ਦਰਅਸਲ ਉਹੀ ਹੋਰਾਂ ਦੀ ਭਾਵਨਾ ਨੂੰ ਸਮਝ ਸਕੇਗਾ, ਕਦਰ ਕਰੇਗਾ (ਇਹੀ ਹੈ ਸੱਚੀ ਇਨਸਾਨੀਅਤ)। ਸਰੋਤੇ ਦਾ ਮਾਨਸਿਕ ਰੋਗ ਅਤੇ ਉਸ ਮੁਤਾਬਕ ਗੁਰਮਤਿ 'ਚੋਂ ਢੁੱਕਵੀਂ ਦਵਾ ਦੇਣ ਵਾਲਾ ਹੀ ਅਸਲ ਵੈਦ ਹੈ। ਸਿਆਣਾ ਵਕਤਾ ਹੈ। ਉੱਚੇ-ਸੁੱਚੇ ਤੇ ਨਿਰਮਲ ਵਿਚਾਰਾਂ ਵਾਲਾ ਬੁਲਾਰਾ ਹੈ। ਓਹੀ ਗੁਰਬਾਣੀ ਦੇ ਅਨੁਭਵੀ ਗਿਆਨ ਨੂੰ ਸਮਝਣ ਯੋਗ ਹੈ।

-0-

# ਬੀਬੀ ਗੁਰਸ਼ਰਨ ਕੌਰ ਜੀ ਦੀ ਅੰਤਿਮ ਅਰਦਾਸ ਸਮੇਂ ਪਹੁੰਚੀਆਂ ਸੰਗਤਾਂ ਦਾ ਧੰਨਵਾਦ ਕਰਦੇ ਸਮੇਂ ਦੇ ਕੁਝ ਸ਼ਬਦ

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ ॥

ਗੁਰੂ ਰੂਪ ਗੁਰੂ ਪਿਆਰੀ ਸਾਧ ਸੰਗਤ ਜੀ ਸਭ ਤੋਂ ਪਹਿਲਾਂ ਆਪ ਸਭ ਨੂੰ 'ਜੀ ਆਇਆ' ਆਪ ਜੀ ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਨਾਲ ਖੜੇ ਹੋ।

ਸਾਡੀ ਭੈਣ ਗੁਰਸ਼ਰਨ ਕੌਰ ਜਿਨ੍ਹਾਂ ਨੂੰ ਅਸੀਂ ਹਰਭਜਨ ਭੈਣ ਜੀ ਕਹਿੰਦੇ ਸੀ, ਸਾਡੇ ਘਰ ਦਾ Piller ਸਨ, ਜਿਨ੍ਹਾਂ ਨੇ ਮਾਤਾ ਵੇਦ ਕੌਰ ਜੀ ਦੀ ਕੁੱਖੋਂ ਪਿਤਾ ਅਵਤਾਰ ਸਿੰਘ ਜੀ ਦੇ ਘਰ ਜਨਮ ਲਿਆ ਅਤੇ ਗ੍ਰਹਿਸਥੀ ਜੀਵਨ ਸ: ਹਰਬੰਸ ਸਿੰਘ ਜੀ ਨਾਲ ਸੰਜੋਇਆ।

ਭੈਣ ਜੀ ਬਹੁਤ ਸੁਚੱਜੇ ਮਿਹਨਤੀ, ਸੰਸਕਾਰੀ ਅਤੇ ਵਾਹਿਗੁਰੂ ਜੀ ਤੇ ਅਟੁੱਟ ਵਿਸ਼ਵਾਸ ਰੱਖਦੇ ਸਨ। ਉਹਨਾਂ ਨੇ ਆਪਣੇ ਪੇਕੇ ਪਰਿਵਾਰ, ਸਹੁਰੇ ਪਰਿਵਾਰ ਅਤੇ ਬੱਚਿਆਂ ਦੇ ਪਰਿਵਾਰਾਂ ਨੂੰ ਮੋਤੀਆਂ ਦੀ ਲੜੀ ਵਿੱਚ ਪਰੋ ਕੇ ਰੱਖਿਆ ਸੀ। ਉਹ ਪਿਛਲੇ ਇੱਕ ਡੇਢ ਸਾਲ ਤੋਂ ਬਿਸਤਰੇ ਤੇ ਹੀ ਸਨ, ਉਹਨਾਂ ਦੇ ਬੇਟਿਆਂ, ਨੂੰਹਾਂ, ਪੋਤਰਿਆਂ ਅਤੇ ਪੋਤਰੀ ਨੇ ਬਹੁਤ ਹੀ ਰੱਜਵੀਂ ਤੇ ਸੁਚੱਜੀ ਸੇਵਾ ਕੀਤੀ। ਸਾਧ ਸੰਗਤ ਜੀ ਜਿੱਥੇ ਅੱਜ ਆਪ ਵਿਛੜੀ ਰੂਹ ਲਈ **ਦੇਹੁ ਸਜਣ ਆਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ॥** ਦੀ ਜੋਦੜੀ ਕਰਨ ਆਏ ਹੋ, ਉੱਥੇ ਇਸ ਪਰਿਵਾਰ ਲਈ ਵੀ ਜੋਦੜੀ ਕਰਨਾ ਵਾਹਿਗੁਰੂ ਜੀ ਇਹਨਾਂ ਨੂੰ ਚੜਦੀ ਕਲਾ ਬਖਸ਼ਣ, ਨਾਮ ਸਿਮਰਨ ਬਖਸ਼ਣ।

ਅਖੀਰ ਵਿੱਚ ਆਪ ਸਮੂਹ ਸੰਗਤ ਦਾ ਬਹੁਤ ਬਹੁਤ ਧੰਨਵਾਦ, ਜਿਨ੍ਹਾਂ ਨੇ ਆਪਣਾ ਵਡਮੁੱਲਾ ਸਮਾਂ ਇਸ ਪਰਿਵਾਰ ਨਾਲ ਦੁੱਖ ਵੰਡਾਉਣ ਲਈ ਦਿੱਤਾ ਹੈ।

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਿਹ ॥

ਸ: ਤਰਨਜੀਤ ਸਿੰਘ ਅਤੇ ਸਵਰਨਜੀਤ ਕੌਰ
(Dasmesh Pump Store)

# ਨਿਰਵੈਰ- ਅਕਾਲ ਪੁਰਖ ਦਾ ਗੁਣ



**ਮੰਗਤ ਸਿੰਘ ਰਾਹੀ**
**# 98882-91607**

ਗੁਰੂ ਨਾਨਕ ਪਾਤਸ਼ਾਹ ਆਪਣੀ ਸ਼ਾਹਕਾਰ ਬਾਣੀ "ਜਪੁ" ਦੇ ਸ਼ੁਰੂ ਕਰਨ ਤੋਂ ਪਹਿਲਾਂ ਜੋ ਮੰਗਲਾਚਰਣ ਲਿਖਦੇ ਹਨ, ਜਿਸ ਵਿਚ ਅਕਾਲ ਪੁਰਖ ਦੇ ਅੱਠ ਗੁਣ ਬਿਆਨ ਕਰਦੇ ਹਨ। ਉਨ੍ਹਾਂ 'ਚੋਂ ਪੰਜਵਾਂ ਗੁਣ ਅਕਾਲ ਪੁਰਖ ਦਾ ਨਿਰਵੈਰ ਹੈ। ਨਿਰਵੈਰ- ਉਸ ਪ੍ਰਭੂ ਦਾ ਕਿਸੇ ਨਾਲ ਵੈਰ ਵੀ ਨਹੀਂ, ਉਹ ਵੈਰ ਤੋਂ ਰਹਿਤ ਹੈ। ਉਹ ਕਿਸੇ ਨਾਲ ਵੈਰ ਨਹੀਂ ਰੱਖਦਾ। ਨਾ ਕਿਸੇ ਨਾਲ ਦੁਸ਼ਮਨੀ ਕੱਢਦਾ ਹੈ, ਨਾ ਹੀ ਕਿਸੇ ਖਿਲਾਫ ਕਿਸੇ ਦਾ ਪੱਖ ਪੂਰਦਾ ਹੈ।

ਅਕਾਲ ਪੁਰਖ ਇਕ ਹੈ, ਹੋਰ ਕੋਈ ਦੂਜਾ ਹੈ ਹੀ ਨਹੀਂ, ਦੂਜਾ ਹੋਵੇ ਤਾਂ ਉਸ ਨਾਲ ਵੈਰ ਹੋਵੇ, ਸੋ ਅਕਾਲ ਪੁਰਖ ਨਿਰਵੈਰ ਹੈ। ਆਮ ਤੌਰ ਤੇ ਵੇਖਿਆ ਗਿਆ ਹੈ ਕਿ ਜਦੋਂ ਵੀ ਕਿਸੇ ਦਾ ਕੋਈ ਕੰਮ ਨਾ ਬਣਦਾ ਹੋਵੇ ਤਾਂ ਉਹ ਕਹਿ ਦੇਂਦਾ ਹੈ ਕਿ- ਰੱਬ ਜੀ ਨੂੰ ਮਨਜ਼ੂਰ ਨਹੀਂ ਸੀ। ਕੋਈ ਬੱਚਾ ਸਵੇਰੇ ਉਠ ਕੇ ਤਿਆਰ ਹੋ ਕੇ ਸਕੂਲ ਜਾਂਦਾ ਹੈ, ਪਰ ਪੜ੍ਹਾਈ ਵਿਚ ਉਸ ਦਾ ਮਨ ਨਹੀਂ ਲੱਗਦਾ, ਪੜ੍ਹਾਈ ਵਿਚ ਕੋਈ ਦਿਲਚਸਪੀ ਨਹੀਂ ਲੈਂਦਾ। ਇਧਰ ਉਧਰ ਆਵਾਰਾਗਰਦੀ ਕਰਦਾ ਰਹਿੰਦਾ ਹੈ। ਇਮਤਿਹਾਨ ਹੁੰਦਾ ਹੈ ਤੇ ਬੱਚਾ ਫੇਲ ਹੋ ਜਾਂਦਾ ਹੈ। ਫੇਲ੍ਹ ਹੋਣਾ ਹੀ ਸੀ। ਪਰ ਹੁਣ ਸਾਰੇ ਸਾਕ ਸੰਬੰਧੀ ਇਹੀ ਕਹਿੰਦੇ ਫਿਰਦੇ ਹਨ- ਜੀ, ਰੱਬ ਨੂੰ ਇਵੇਂ ਹੀ ਮਨਜ਼ੂਰ ਸੀ, ਯਾਨੀ ਕਿ ਬੱਚੇ ਦਾ ਕੋਈ ਕਸੂਰ ਨਹੀਂ, ਰੱਬ ਨੇ ਹੀ ਇਸ ਨੂੰ ਫੇਲ ਕੀਤਾ ਹੈ।

ਜੇ ਕਿਧਰੇ ਕੋਈ ਗਲਤੀ ਨਾਲ ਕੋਈ ਦੁਰਘਟਨਾ ਵਾਪਰ ਜਾਏ ਤਾਂ ਲੋਕ ਆਪਣੀ ਅਣਗਹਿਲੀ ਦੀ ਬਜਾਏ ਇਹੀ ਕਹੀ ਜਾਣਗੇ ਕਿ- ਰੱਬ ਦਾ ਭਾਣਾ ਵਾਪਰ ਗਿਆ। ਭਾਵ ਮਾੜੀ ਘਟਨਾ ਦੇ ਕਾਰਨ ਨੂੰ ਸਮਝਣ ਦੀ ਬਜਾਏ ਰੱਬ ਵਿਚ ਦੋਸ਼ ਕੱਢ ਕੇ ਆਪਣੇ ਦੋਸ਼ ਤੋਂ ਮੁਕਤ ਹੋਣ ਦੀ ਕੋਸ਼ਿਸ਼ ਕਰਦੇ ਹਨ। ਆਪਣੇ ਹੱਕਾਂ ਦੀ ਪੂਰਤੀ ਨਾ ਹੋਣ ਤੇ, ਜੀਵਨ ਦੇ ਹਰ ਪਹਿਲੂ ਵਿਚ ਡਟ ਕੇ ਮੁਕਾਬਲਾ ਕਰਨ ਦੀ ਬਜਾਏ ਇਹੀ ਕਹਿ ਦੇਂਦੇ ਹਨ ਕਿ- ਰੱਬ ਜੀ ਹੀ ਸਭ ਕੁਝ ਕਰਾ ਰਹੇ ਹਨ। ਰੱਬ ਜੀ ਨੂੰ ਖੁਸ਼ ਕਰਨ ਲਈ ਪੁਜਾਰੀ ਦੇ ਕਹੇ ਅਨੁਸਾਰ ਪਾਠ ਕਰੀ ਜਾਓ, ਆਪੇ ਸਾਰਾ ਕੁਝ ਠੀਕ ਹੋ ਜਾਏਗਾ। ਗੁਰੂ ਨਾਨਕ ਸਾਹਿਬ ਜੀ ਨੇ ਸਮਝਾਇਆ ਕਿ- ਭਾਈ ! ਰੱਬ ਜੀ ਕਿਸੇ ਨੂੰ ਦੁੱਖ ਦਿੰਦੇ ਹੈ ਜਾਂ ਨਹੀਂ ਪਰ ਇਨ੍ਹਾਂ ਦੁੱਖਾਂ ਦਾ ਮੂਲ ਕਾਰਣ ਤਾਂ ਰੱਬੀ ਹੁਕਮ ਨੂੰ ਨਾ ਪਹਿਚਾਨਣਾ, ਨਾ ਮੰਨਣਾ ਹੀ ਹੈ। ਗੁਰੂ ਪਾਤਸ਼ਾਹ ਨੇ ਕਿਹਾ ਕਿ- ਰੱਬ ਜੀ ਤਾਂ ਨਿਰਵੈਰ ਹਨ। ਹੁਣ ਨਿਰਵੈਰ ਦੇ ਗੁਣ ਨੂੰ ਅਸੀਂ ਆਪਣੇ ਸੁਭਾਅ ਵਿਚ ਲੈ ਕੇ ਆਉਣਾ ਹੈ। ਇਸ ਕੁਦਰਤੀ ਗੁਣ ਦੇ ਆਣ ਨਾਲ ਹੀ ਵੈਰ ਰਹਿਤ ਸਮਾਜ ਦੀ ਸਿਰਜਨਾ ਹੋ ਸਕੇਗੀ।

ਅਸੀਂ ਨਿਰਵੈਰ ਤਾਂ ਹੀ ਹੋ ਸਕਦੇ ਹਾਂ ਜਾਂ ਅਸੀਂ ਆਪਣੇ ਹੰਕਾਰ ਨੂੰ ਛਡੀਏ। ਪ੍ਰਭੂ ਜੀ ਤਾਂ ਨਿਰਵੈਰ ਹਨ ਤੇ ਉਨ੍ਹਾਂ ਦਾ ਕਿਸੇ ਨਾਲ ਕੋਈ ਵੈਰ ਨਹੀਂ ਹੈ ਤੇ ਇਹ ਗੁਣ ਸਾਡੇ ਵਿਚ ਵੀ ਆਉਣਾ ਚਾਹੀਦਾ ਹੈ। "ਨਿਰਵੈਰ" ਦਾ ਪਾਠ ਕਰਨ ਵਾਲੀ ਕੌਮ ਅੱਜ ਚੋਟੀ ਦੀ ਵੈਰ-ਭਾਵਨਾ ਵਿੱਚ ਡੁੱਬੀ ਪਈ ਹੈ। ਇਹ ਭਾਵਨਾ ਇਤਨੀ ਵਧ ਗਈ ਹੈ ਕਿ ਕੁਝ ਭਰਾ ਆਪਣੇ ਗੁਰ-ਭਾਈਆਂ ਦਾ ਬਣਾਇਆ ਹੋਇਆ ਕੜਾਹ-ਪ੍ਰਸ਼ਾਦ ਤੱਕ ਲੈਣ ਲਈ ਵੀ ਤਿਆਰ ਨਹੀਂ। ਸਵੇਰੇ "ਨਿਰਵੈਰ" ਪੜ੍ਹਿਆ ਜ਼ਰੂਰ ਹੈ ਪਰ ਨਿਰਵੈਰਤਾ ਦੀ ਭਾਵਨਾ ਨਹੀਂ ਬਣੀ। ਨਿਰਾ ਰਸਮੀ ਪਾਠ ਕਰਨ ਨਾਲ ਨਿਰਵੈਰਤਾ ਨਹੀਂ ਆ ਸਕਦੀ, ਜਦ ਤੱਕ ਅਸੀਂ ਵਿਵਹਾਰ ਵਿਚ ਨਿਰਵੈਰਤਾ ਨਹੀਂ ਲਿਆਂਦੇ ਕੀ ਵੈਰ ਭਾਵ ਰੱਖਣ ਨਾਲ ਸਮਾਜ ਦਾ ਭਲਾ ਹੋ ਸਕੇਗਾ? ਇਕ ਗੁਰਦੁਆਰੇ ਦੇ ਪ੍ਰਬੰਧਕ ਦੂਜੇ ਗੁਰਦੁਆਰੇ ਦੇ ਪ੍ਰਬੰਧਕਾਂ ਨਾਲ ਸਿਖਰ ਦੀ ਈਰਖਾ ਰੱਖ ਰਹੇ ਹਨ। ਇਕ ਜਥੇਬੰਦੀ ਦੂਜੀ ਜਥੇਬੰਦੀ ਨੂੰ ਇਕ ਅੱਖ ਨਹੀਂ ਭਾਉਂਦੀ।

ਮਾਝ ਮ:5 ਵਿੱਚ ਪੰਚਮ ਪਾਤਸ਼ਾਹ ਫੁਰਮਾਨ ਕਰਦੇ ਹਨ-

**ਤੂੰ ਨਿਰਵੈਰੁ ਸੰਤ ਤੇਰੇ ਨਿਰਮਲ॥ (108)**

ਹੇ ਪ੍ਰਭੂ ! ਤੇਰੇ ਅੰਦਰ ਕਿਸੇ ਵਾਸਤੇ ਵੀ ਵੈਰ ਨਹੀਂ ਹੈ, ਤੇਰੇ ਸੰਤ ਵੀ ਵੈਰ ਆਦਿਕ ਦੀ ਮੈਲ ਤੋਂ ਰਹਿਤ ਹਨ।

**ਤੂ ਨਿਹਚਲੁ ਨਿਰਵੈਰੁ ਸਚੁ ਸਚਾ ਤੁਧੁ ਦਰਬਾਰੁ॥ (962)**

ਤੂੰ ਸਦਾ ਥਿਰ ਰਹਿਣਾ ਵਾਲਾ ਦਾਤਾ ਹੈਂ। ਤੂੰ ਅਟਲ ਹੈਂ, ਤੇਰਾ ਕਿਸੇ ਨਾਲ ਵੈਰ ਨਹੀਂ, ਤੇਰਾ ਦਰਬਾਰ ਸਦਾ ਕਾਇਮ ਰਹਿਣ ਵਾਲਾ ਹੈ।

ਹੁਣ ਜੇ ਅਕਾਲ ਪੁਰਖ ਨਿਰਵੈਰ ਹੈ ਤੇ ਅਸੀਂ ਉਸ ਦਾ ਅੰਸ਼ ਹਾਂ, ਉਸ ਵਰਗਾ ਹੋਣਾ ਲੋਚਦੇ ਹਾਂ ਤਾਂ ਇਹ ਜ਼ਰੂਰੀ ਹੈ ਕਿ ਸਾਡੇ ਅੰਦਰ ਵੀ ਰੱਬੀ ਗੁਣ, ਨਿਰਵੈਰਤਾ ਦਾ ਗੁਣ ਹੋਵੇ। ਅਸੀਂ ਕਹਿੰਦੇ ਤਾਂ ਜ਼ਰੂਰ ਹਾਂ-

**ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ॥ (485)**

ਸਾਰਿਆਂ ਵਿਚ ਹੀ ਗੋਬਿੰਦ ਹੈ, ਪਰ ਸਾਡੇ ਕਰਮ- ਮੇਰਾ ਦੁਸ਼ਮਨ ਮਰ ਜਾਏ, ਮੇਰਾ ਵਸ ਚਲੇ ਤਾਂ ਗਆਂਢੀ ਨੂੰ ਖਤਮ ਕਰ ਦੇਵਾਂ। ਅੰਦਰ ਤਾਂ ਵੈਰ ਦੀ ਭਾਵਨਾ ਹੈ, ਨਿਰਵੈਰ ਕਿਸ ਦਿਨ ਬਣਾਂਗੇ? ਉਸ ਦਿਨ ਬਣਾਂਗੇ, ਜਿਸ ਦਿਨ **ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ॥ ਦੂਰਿ ਪਰਾਇਓ ਮਨ ਕਾ ਬਿਰਹਾ ਤਾ ਮੇਲੁ ਕੀਓ ਮੇਰੈ ਰਾਜਨ॥ (671)** ਰੱਬ ਨਿਰਵੈਰ ਹੈ, ਆਪਣੇ ਅੰਦਰੋਂ ਵੈਰ ਵਿਰੋਧ ਖਤਮ ਕਰਕੇ, ਸਾਰਿਆਂ ਵਿੱਚ ਰੱਬ ਨੂੰ ਵੇਖ ਕੇ ਅਸੀਂ ਵੀ ਨਿਰਵੈਰ ਹੋ ਜਾਵਾਂਗੇ। -0-

## ਲੇਖਕਾਂ ਨੂੰ ਬੇਨਤੀ

**ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਛਾਪੇ ਜਾਂਦੇ ਮਾਸਿਕ ਪੱਤਰ 'ਗੁਰਮਤਿ ਵਿਰਸਾ' ਵਿਚ ਧਾਰਮਿਕ, ਸਮਾਜਿਕ, ਆਰਥਿਕ, ਵਿਦਿਅਕ, ਬੱਚਿਆਂ ਪ੍ਰਤੀ ਅਤੇ ਸਿਹਤ ਆਦਿ ਵੱਖ ਵੱਖ ਵਿਸ਼ਿਆਂ ਨੂੰ ਛੂਹਿਆ ਜਾਂਦਾ ਹੈ। ਲੇਖਕ ਵੀਰਾਂ ਨੂੰ ਬੇਨਤੀ ਹੈ ਕਿ ਖਾਸ ਮਹੀਨੇ ਵਿਚ ਛਪਣ ਵਾਲੀਆਂ ਰਚਨਾਵਾਂ ਦੋ ਮਹੀਨੇ ਪਹਿਲਾਂ ਭੇਜਣ ਦੀ ਕ੍ਰਿਪਾਲਤਾ ਕਰਨੀ।**


**ਰਚਨਾਵਾਂ ਭੇਜਣ ਲਈ ਪਤਾ:**
**ਗੁਰਮਤਿ ਵਿਰਸਾ**
ਗੁਰਮਤਿ ਗਿਆਨ ਮਿਸ਼ਨਰੀ ਕਾਲਜ,
ਪੰਜਾਬੀ ਬਾਗ, ਜਵੱਦੀ, ਲੁਧਿਆਣਾ
**M:** 79733-70542 **Email:** gurmatvirsa@gmail.com




-ਸੰਜੀਵਨ ਸਿੰਘ ਡਢਵਾਲ ਮੋਬਾ: 94175-50741

# ਕੁਦਰਤ ਵਿਚ ਮਹੱਤਵਪੂਰਨ ਹੈ ਤਿਤਲੀ ਦਾ ਜੀਵਨ ਚੱਕਰ

ਤਿਤਲੀ ਕੁਦਰਤ ਦੀ ਖੁਸ਼ਹਾਲੀ ਅਤੇ ਸੁੰਦਰਤਾ ਦਾ ਪ੍ਰਤੀਕ ਹੈ। ਜਿਥੇ ਤਿਤਲੀਆਂ ਹੋਣ, ਸਮਝੋ ਉਥੇ ਫੁੱਲ ਵੀ ਹੋਣਗੇ ਤੇ ਉਹ ਵੀ ਕਈ ਰੰਗਾਂ ਦੇ। ਜੇ ਫੁੱਲ ਖਿੜੇ ਹੋਏ ਹਨ ਤਾਂ ਉਥੇ ਹਰੇ-ਭਰੇ ਪੌਦੇ ਜਾਂ ਫਸਲਾਂ ਵੀ ਹੋਣਗੀਆਂ। ਤਿਤਲੀਆਂ ਜੀਵ ਵਿਗਿਆਨ ਦੇ ਜੰਤੂ ਵਰਗ ਦੇ ਫਾਈਲਮ ਆਰਥੋਰਪੋਡਾ ਦੀ ਸ਼੍ਰੇਣੀ ਇਨਸੈਕਟਾ ਜਾਂ ਕੀਟਾਂ ਵਿਚ ਆਉਂਦੀਆਂ ਹਨ। ਇਹ ਅਜਿਹੇ ਜੀਵ ਹੁੰਦੇ ਹਨ, ਜਿਨ੍ਹਾਂ ਦਾ ਸਰੀਰ ਬਾਹਰੀ ਅਸਥੀਪੰਜਰ ਨਾਲ ਢਕਿਆ ਹੁੰਦਾ ਹੈ, ਜੋ ਕਾਈਟਿਨ ਨਾਂਅ ਦੇ ਪਦਾਰਥ ਦਾ ਬਣਿਆ ਹੁੰਦਾ ਹੈ। ਸਾਰੇ ਕੀਟਾਂ ਦੀ ਤਰ੍ਹਾਂ ਤਿਤਲੀਆਂ ਦੇ ਸਰੀਰ ਦੇ ਬਾਹਰ ਦੋ ਜੋੜੇ ਖੰਭ ਅਤੇ ਤਿੰਨ ਜੋੜੇ ਜੋੜਦਾਰ ਲੱਤਾਂ ਹੁੰਦੀਆਂ ਹਨ। ਇਨ੍ਹਾਂ ਦੇ ਸਿਰ 'ਤੇ ਅੱਗੇ ਵੱਲ ਵਧੇ ਹੋਏ ਦੋ ਐਂਟੀਨੇ ਹੁੰਦੇ ਹਨ, ਜੋ ਬਹੁਤ ਹੀ ਸੰਵੇਦੀ ਹੁੰਦੇ ਹਨ ਤੇ ਤਿਤਲੀਆਂ ਨੂੰ ਆਲੇ-ਦੁਆਲੇ ਬਾਰੇ ਰਸਾਇਣਕ ਸੂਚਨਾ ਦਿੰਦੇ ਹਨ।




ਤਿਤਲੀ ਦਾ ਜੀਵਨ ਚੱਕਰ ਵੀ ਵਿਸ਼ੇਸ਼ ਹੁੰਦਾ ਹੈ ਜੋ ਕਿ ਆਂਡੇ ਤੋਂ ਸ਼ੁਰੂ ਹੋ ਕੇ ਲਾਰਵਾ ਤੇ ਪਿਯੂਪਾ ਅਵਸਥਾ ਵਿਚੋਂ ਲੰਘ ਕੇ ਵਿਕਸਤ ਤਿਤਲੀ ਤੱਕ ਪੁੱਜਦਾ ਹੈ। ਇਹ ਚਾਰੇ ਅਵਸਥਾਵਾਂ ਇਕ-ਦੂਜੇ ਤੋਂ ਦੇਖਣ ਵਿਚ ਭਿੰਨ ਹੁੰਦੀਆਂ ਹਨ। ਇਨ੍ਹਾਂ ਵਿਚੋਂ ਸਭ ਤੋਂ ਵਿਸ਼ੇਸ਼ ਅਵਸਥਾ ਲਾਰਵੇ ਦੀ ਹੁੰਦੀ ਹੈ, ਜੋ ਕਿ ਇਕ ਕੀੜੇ ਦੀ ਤਰ੍ਹਾਂ ਦਿਖਾਈ ਦਿੰਦਾ ਹੈ। ਵਿਕਸਤ ਮਾਦਾ ਅਜਿਹੇ ਪੌਦਿਆਂ 'ਤੇ ਆਂਡੇ ਦਿੰਦੀ ਹੈ, ਜਿਥੋਂ ਉਨ੍ਹਾਂ ਨੂੰ ਭੋਜਨ ਮਿਲ ਸਕੇ। ਇਹ ਆਂਡੇ ਪੌਦੇ ਦੇ ਤਣੇ, ਪੱਤੇ ਅਤੇ ਫੁੱਲਾਂ 'ਤੇ ਦਿੱਤੇ ਜਾਂਦੇ ਹਨ। ਆਂਡੇ ਕੁਝ ਹਫਤਿਆਂ ਤੱਕ ਪੱਤਿਆਂ ਨਾਲ ਚਿਪਟੇ ਰਹਿੰਦੇ ਹਨ ਤੇ ਉਨ੍ਹਾਂ ਵਿਚੋਂ ਲਾਰਵੇ ਨਿਕਲਦੇ ਹਨ। ਲਾਰਵੇ ਨੂੰ ਕੈਟਰਪਿੱਲਰ ਕਹਿੰਦੇ ਹਨ। ਕੈਟਰਪਿੱਲਰ ਲਾਰਵਾ ਹਰ ਰੋਜ਼ ਆਪਣੇ ਭਾਰ ਤੋਂ ਵੀ ਵੱਧ ਭੋਜਨ ਖਾ ਜਾਂਦੇ ਹਨ। ਇਹ ਸਾਡੇ ਪੌਦਿਆਂ ਅਤੇ ਫਸਲਾਂ ਦੇ ਪੱਤਿਆਂ, ਫੁੱਲਾਂ ਤੇ ਫਲਾਂ ਨੂੰ ਹਾਨੀ ਪਹੁੰਚਾਉਂਦੇ ਹਨ। ਇਸੇ ਲਈ ਤਿਤਲੀ ਦੀ ਲਾਰਵਾ ਅਵਸਥਾ ਹਾਨੀਕਾਰਕ ਹੁੰਦੀ ਹੈ। ਲਾਰਵਾ ਅਵਸਥਾ ਦੌਰਾਨ ਕੈਟਰਪਿੱਲਰ ਆਪਣੀ ਪਰਤ ਤਿੰਨ-ਚਾਰ ਵਾਰ ਉਤਾਰਦੇ ਹਨ ਤੇ ਤੀਜੀ ਅਵਸਥਾ ਪਿਯੂਪਾ ਵਿਚ ਬਦਲ ਜਾਂਦੇ ਹਨ। ਕੁਝ ਪਿਯੂਪੇ ਕੋਕੂਨ ਵਿਚ ਬੰਦ ਰਹਿੰਦੇ ਹਨ ਤੇ ਕੁਝ ਰੁੱਖਾਂ ਦੀ ਛਿੱਲ ਜਾਂ ਪੱਤਿਆਂ ਹੇਠ ਲੁਕੇ ਰਹਿੰਦੇ ਹਨ। ਪਿਯੂਪਾ ਤੋਂ ਬਾਅਦ ਵਿਕਸਤ ਤਿਤਲੀ ਨਿਕਲਦੀ ਹੈ ਜੋ ਫੁੱਲਾਂ ਦਾ ਰਸ ਚੂਸਦੀ ਹੈ ਤੇ ਪਰਾਗਣ ਕਿਰਿਆ ਵਿਚ ਮਦਦ ਕਰਦੀ ਹੈ, ਜਿਸ ਤੋਂ ਬਾਅਦ ਫੁੱਲਾਂ ਤੋਂ ਫਲ ਬਣਦੇ ਹਨ। ਇਸ ਤਰ੍ਹਾਂ ਤਿਤਲੀ ਸੁੰਦਰਤਾ ਦੇ ਨਾਲ-ਨਾਲ ਪੌਦਿਆਂ ਵਿਚ ਪਰਾਗਣ ਕਿਰਿਆ ਲਈ ਵੀ ਸਹਾਈ ਹੈ। ਹੁਣ ਤੁਸੀਂ ਜਦ ਵੀ ਤਿਤਲੀਆਂ ਦੇਖੋ ਤਾਂ ਉਨ੍ਹਾਂ ਦੇ ਰੰਗ-ਬਿਰੰਗੇ ਖੰਭ ਤੇ ਉਨ੍ਹਾਂ ਤੋਂ ਵੱਖ-ਵੱਖ ਨਮੂਨੇ ਜ਼ਰੂਰ ਦੇਖਣਾ।

-0-

# ਆਓ ਜਾਣੀਏ ਸਾਈਕਲ ਦਾ ਇਤਿਹਾਸ

ਪਿਆਰੇ ਬਾਲ ਸਾਥੀਓ! ਆਓ, ਅਸੀਂ ਅੱਜ ਸਭ ਦੇ ਜਾਣੇ-ਪਛਾਣੇ, ਹਰਮਨ-ਪਿਆਰੇ ਅਤੇ ਸਸਤੇ ਦੋਪਹੀਆ ਵਾਹਨ ਸਾਈਕਲ ਦੇ ਇਤਿਹਾਸ ਤੇ ਵਿਕਾਸ ਬਾਰੇ ਜਾਣਦੇ ਹਾਂ। ਸਾਈਕਲ ਇਨਸਾਨ ਦੁਆਰਾ ਇਸ ਦੀ ਉਪਰਲੀ ਕਾਠੀ (ਸੀਟ) 'ਤੇ ਬੈਠ ਪੈਡਲਾਂ ਨੂੰ ਪੈਰਾਂ ਨਾਲ ਗੋਲ ਅਕਾਰ 'ਚ ਦਬਾ-ਘੁਮਾ ਕੇ ਚਲਾਇਆ ਜਾਂਦਾ ਹੈ। ਸੰਨ 1817 ਵਿਚ ਜਰਮਨੀ ਦੇਸ਼ ਦੇ ਰਹਿਣ ਵਾਲੇ ਬੈਰਨ ਵਾਨ ਡਰਾਇਸ ਨਾਂਅ ਦੇ ਉੱਦਮੀ ਵਿਅਕਤੀ ਨੇ ਲੱਕੜੀ ਦੇ ਦੋ ਗੋਲ ਪਹੀਆਂ ਵਾਲਾ ਉਪਕਰਨ ਬਣਾਇਆ। ਇਹ ਦੋਵੇਂ ਪਹੀਏ ਆਪਸ ਵਿਚ ਲੱਕੜੀ ਦੇ ਬਾਲੇ ਨਾਲ ਜੁੜੇ ਹੋਏ ਸਨ ਅਤੇ ਬੈਰਨ ਇਸ ਉੱਪਰ ਬੈਠ ਕੇ ਪੈਰਾਂ ਨਾਲ ਜ਼ਮੀਨ ਨੂੰ ਪਿੱਛੇ ਧੱਕ-ਧੱਕ ਕੇ ਚਲਾਉਂਦਾ ਸੀ।



ਸੰਨ 1839 ਵਿਚ ਸਕਾਟਲੈਂਡ ਦੇ ਕਿਕਪੈਟਿ੍ਕ ਮੈਕਮਿਲਨ ਨਾਮੀ ਕਾਰਗਰ ਨੇ ਪੈਡਲ ਅਤੇ ਬਰੇਕ ਵਾਲਾ ਢਾਂਚਾ ਬਣਾ ਪਿਛਲੇ ਪਹੀਏ ਦੇ ਐਕਸਲ ਨਾਲ ਪੈਡਲ ਨੁਮਾ ਟਰੈਂਕ ਫਿੱਟ ਕਰ ਦਿੱਤੀ, ਜੋ ਕਿ ਪੈਡਲ ਨੂੰ ਪੈਰ ਨਾਲ ਦਬਾਉਣ-ਘੁਮਾਉਣ 'ਤੇ ਬਹੁਤ ਹੀ ਘੱਟ ਸਪੀਡ ਨਾਲ ਰਿੜ੍ਹਦਾ ਸੀ। ਸੰਨ 1865 'ਚ ਫਰਾਂਸ ਦੇਸ਼ ਦੇ ਲਾਲਯਮੈਂਟ ਨਾਂਅ ਦੇ

ਵਿਅਕਤੀ ਨੇ ਲੱਕੜ ਦੇ ਫਰੇਮ, ਅਗਲਾ ਪਹੀਆ ਡੇਢ ਮੀਟਰ ਵਿਆਸ ਅਤੇ ਪਿਛਲਾ ਪਹੀਆ ਬਹੁਤ ਛੋਟੇ ਆਕਾਰ ਅਤੇ ਅਗਲੇ ਪਹੀਏ ਨਾਲ ਪੈਡਲ-ਕਰੈਂਕ ਫਿੱਟ ਕਰਕੇ ਇਸ ਦਾ ਨਾਂਅ ਬਾਈਸਾਈਕਲ ਰੱਖ ਦਿੱਤਾ। ਅਗਲੇ ਪਹੀਏ ਦੇ ਫਰੇਮ ਉੱਪਰ ਫਿੱਟ ਕੀਤੀ ਸੀਟ ਉੱਪਰ ਬੈਠ ਚਾਲਕ ਪੈਡਲ ਦਬਾ ਕੇ ਇਸ ਨੂੰ ਚਲਾਉਂਦਾ ਸੀ ਪਰ ਅਗਲਾ ਪਹੀਆ ਪਿਛਲੇ ਪਹੀਏ ਦੀ ਨਿਸਬਿਤ ਕਾਫੀ ਵੱਡਾ-ਉੱਚਾ ਹੋਣ ਕਰਕੇ ਜਿਥੇ ਸੰਤੁਲਨ ਬਣਾਉਣ ‘ਚ ਕਾਫੀ ਮੁਸ਼ਕਿਲ ਹੁੰਦੀ, ਉਥੇ ਹੀ ਚੜ੍ਹਨ-ਉੱਤਰਨ ਸਮੇਂ ਸੱਟ ਲੱਗਣ ਦਾ ਡਰ ਵੀ ਬਣਿਆ ਰਹਿੰਦਾ ਸੀ।

ਪਿਆਰੇ ਦੋਸਤੋ! ਜੋ ਤੁਸੀਂ ਅੱਜ ਆਧੁਨਿਕ ਅਤੇ ਸੁਰੱਖਿਅਤ ਸਾਈਕਲ ਦੇਖ ਰਹੇ ਹੋ, ਇਸ ਨੂੰ ਸੰਨ 1870 ਵਿਚ ਜੈਮਸ ਸਟਾਰਲੇ ਨੇ ਵਿਕਸਿਤ ਕੀਤਾ ਸੀ। ਇਸ ਦੇ ਦੋਵਾਂ ਪਹੀਆਂ ਦਾ ਆਕਾਰ ਇਕੋ ਜਿਹਾ, ਪਿਛਲੇ ਪਹੀਏ ਨੂੰ ਘੁਮਾਉਣ ਲਈ ਪੈਡਲ ਗਰਾਰੀ ਨਾਲ ਚੇਨ ਲੱਗੀ ਹੈ। ਚਾਲਕ ਕਾਠੀ-ਸੀਟ ਉੱਪਰ ਬੈਠ ਕੇ ਪੈਡਲ ਦਬਾਉਂਦਾ ਹੈ ਤਾਂ ਵੱਡੀ ਗਰਾਰੀ ਪਿਛਲੇ ਚੱਕੇ ਨਾਲ ਫਿੱਟ ਫ੍ਰੀਵੀਲ੍ਹ ਨੂੰ ਘੁਮਾਉਂਦੀ ਹੈ। ਦੋਵਾਂ ਪਹੀਆਂ ’ਚ ਤਾਰਾਂ, ਰਿੰਮ, ਟਾਇਰ, ਬੈਰਿੰਗ ਅਤੇ ਹਵਾ ਟਿਊਬਾਂ ਫਿੱਟ ਹਨ ਅਤੇ ਇਹ ਸਾਈਕਲ ਘੱਟ ਜ਼ੋਰ ਲਗਾਉਂਦਿਆਂ ਤੇਜ਼ੀ ਨਾਲ ਭੱਜਣ ਦੇ ਸਮਰੱਥ ਹੈ। ਸਮੇਂ-ਸਮੇਂ ਖੋਜਕਾਰਾਂ ਤੇ ਮਾਹਿਰਾਂ ਨੇ ਸਾਈਕਲ ਨੂੰ ਹੋਰ ਆਧੁਨਿਕ ਤਕਨੀਕਾਂ ਨਾਲ ਲੈਸ ਕਰ ਦਿੱਤਾ ਹੈ।

ਜਿਥੇ ਅੱਜ ਪੰਜਾਬ ਅਤੇ ਭਾਰਤ ਦੇ ਹੋਰ ਸੂਬਿਆਂ ‘ਚ ਸਾਈਕਲ ਨਿਰਮਾਤਾ ਕੰਪਨੀਆਂ ਸਾਈਕਲ ਬਣਾਉਣ ਵਿਚ ਲੱਗੀਆਂ ਹਨ, ਉਥੇ ਹੀ ਚੀਨ ਅਤੇ ਹੋਰ ਕਈ ਦੇਸ਼ ਵੀ ਨਿੱਤ ਦਿਨ ਨਵੇਂ-ਨਵੇਂ ਮਾਡਲਾਂ, ਰੰਗਾਂ, ਤਕਨੀਕਾਂ ਵਾਲੇ ਸਾਈਕਲ ਬਣਾ ਕੇ ਦੇਸ਼-ਵਿਦੇਸ਼ਾਂ ਨੂੰ ਬਰਾਮਦ ਕਰ ਰਹੇ ਹਨ। ਜ਼ਿਕਰਯੋਗ ਹੈ ਕਿ ਸਾਈਕਲ ਜਿਥੇ ਸਾਡੇ ਲਈ ਰੋਜ਼ੀ-ਰੋਟੀ, ਸੁਖਾਵੇਂ ਸਫਰ, ਕਸਰਤ ਦਾ ਜ਼ਰੀਆ ਹੈ, ਉਥੇ ਹੀ ਬਿਨਾਂ ਤੇਲ-ਪਾਣੀ ਤੋਂ ਚੱਲਣ ਸਦਕਾ ਵਾਤਾਵਰਨ ਸਾਫ਼ ਰੱਖਣ ਵਿਚ ਵੀ ਸਹਾਈ ਹੁੰਦਾ ਹੈ। ਜਿਸ ਪ੍ਰਤੀ ਜਾਣੂ ਹੁੰਦਿਆਂ ਅੱਜ ਕਈ ਉੱਨਤ ਦੇਸ਼ਾਂ ਦੀਆਂ ਸਰਕਾਰਾਂ ਨੇ ਸਾਈਕਲ ਚਲਾਉਣ ਵਾਲਿਆਂ ਲਈ ਵੱਖਰੀਆਂ ਸੁਰੱਖਿਅਤ ਸੜਕਾਂ ਅਤੇ ਹੋਰ ਸਹੂਲਤਾਂ ਦਾ ਪ੍ਰਬੰਧ ਕਰ ਰੱਖਿਆ ਹੈ। -0-

# ਇੰਜ ਹੋਈ ਆਈਸ ਕਰੀਮ ਦੀ ਸ਼ੁਰੂਆਤ

-ਸੁਖਮੰਦਰ ਸਿੰਘ ਤੂਰ

ਬੱਚਿਓ, ਆਈਸ ਕਰੀਮ ਦਾ ਇਤਿਹਾਸ ਕੋਈ 3000 ਸਾਲ ਪੁਰਾਣਾ ਹੈ। ਦੁਨੀਆ ਵਿਚ ਸਭ ਤੋਂ ਪਹਿਲਾਂ ਚੀਨ ਵਿਚ ਬਰਫ਼ ਅਤੇ ਫਲਾਂ ਦਾ ਰਸ ਮਿਲਾ ਕੇ ਠੰਢੇ ਪਕਵਾਨ ਤਿਆਰ ਕੀਤੇ ਜਾਂਦੇ ਸਨ। ਇਹ ਆਈਸ ਕਰੀਮ ਦਾ ਸ਼ੁਰੂਆਤੀ ਰੂਪ ਸੀ। ਹੌਲੀ-ਹੌਲੀ ਇਹ ਕਲਾ ਪਣਪੀ ਅਤੇ ਵਪਾਰੀਆਂ ਦੇ ਜ਼ਰੀਏ ਭਾਰਤ, ਫਰਾਂਸ ਅਤੇ ਅਮਰੀਕਾ ਤੱਕ ਪੁੱਜ ਗਈ। 1295 ਵਿਚ ਜਦੋਂ ਮਾਰਕ ਪੋਲੋ ਨਾਂਅ ਦਾ ਵਪਾਰੀ ਚੀਨ ਤੋਂ ਇਟਲੀ ਵਾਪਸ ਗਿਆ ਤਾਂ ਉਸ ਨੇ ਚੀਨੀ ਆਈਸ ਕਰੀਮ ਬਣਾਉਣ ਦਾ ਤਰੀਕਾ ਅਤੇ ਸੁਆਦ ਦੱਸਿਆ। ਇਸ ਤਰ੍ਹਾਂ ਪਹਿਲੀ ਵਾਰ ਆਈਸ ਕਰੀਮ ਨੇ ਏਸ਼ੀਆ ਤੋਂ ਬਾਹਰ ਪੈਰ ਰੱਖਿਆ।



ਆਈਸ ਕਰੀਮ ਦਾ ਅੰਗਰੇਜ਼ੀ ਚੈਨਲ ਪਾਰ ਕਰਨ ਦਾ ਤਰੀਕਾ ਵੀ ਬੜਾ ਦਿਲਚਸਪ ਹੈ। ਦੱਸਿਆ ਜਾਂਦਾ ਹੈ ਕਿ 1685 ਵਿਚ ਫਰਾਂਸ ਦੇ ਰਾਜਾ ਹੇਨਰੀ ਚੌਥੇ ਦੀ ਧੀ ਦਾ ਵਿਆਹ ਇੰਗਲੈਂਡ ਦੇ ਰਾਜਾ ਚਾਰਲਸ ਨਾਲ ਹੋਇਆ। ਧੀ ਨੂੰ ਆਈਸ ਕਰੀਮ ਬਹੁਤ ਪਸੰਦ ਸੀ। ਇਸ ਲਈ ਰਾਜਾ ਹੇਨਰੀ ਨੇ ਆਈਸ ਕਰੀਮ ਤਿਆਰ ਕਰਨ ਵਾਲੇ ਕਾਰੀਗਰ ਵੀ ਆਪਣੀ ਧੀ ਨਾਲ ਇੰਗਲੈਂਡ ਭੇਜ ਦਿੱਤੇ। ਇੰਗਲੈਂਡ ਦੇ ਰਾਜਾ ਚਾਰਲਸ ਨੂੰ ਆਪਣੇ ਸਹੁਰੇ ਦਾ ਇਹ ਤੋਹਫ਼ਾ ਬਹੁਤ ਪਸੰਦ ਆਇਆ, ਉਹ ਆਈਸ ਕਰੀਮ ਦਾ ਦੀਵਾਨਾ ਹੋ ਗਿਆ। ਉਸ ਨੇ ਆਈਸ ਕਰੀਮ ਬਣਾਉਣ ਵਾਲੇ ਕਾਰੀਗਰਾਂ ਨੂੰ ਰਿਸ਼ਵਤ ਦਿੱਤੀ ਕਿ ਉਹ ਇਸ ਕਲਾ ਨੂੰ ਛੁਪਾ ਕੇ ਰੱਖਣ। ਚਾਰਲਸ ਨੂੰ ਡਰ ਸੀ ਕਿ ਕਿਤੇ ਅਜਿਹੀ ਨਾਯਾਬ ਚੀਜ਼ ਆਮ ਲੋਕ ਨਾ ਖਾਣ ਲੱਗ ਪੈਣ, ਪਰ ਹੌਲੀ-ਹੌਲੀ ਇਹ ਰਾਜੇ ਦੇ ਮਹਿਲ ਤੋਂ ਅਮੀਰ ਘਰਾਂ ਤਾਈਂ ਤੇ ਫਿਰ ਆਮ ਲੋਕਾਂ ਦੇ ਕੋਲ ਪਹੁੰਚ ਗਈ।

ਮਹਾਨ ਸਿਕੰਦਰ ਤੇ ਰੋਮ ਦਾ ਰਾਜਾ ਨੀਰੋ ਵੀ ਆਈਸ ਕਰੀਮ ਦੇ ਬਹੁਤ ਸ਼ੌਕੀਨ ਸਨ। ਸਿਕੰਦਰ ਲਈ ਸ਼ਹਿਦ, ਫਲਾਂ ਦੇ ਰਸ ਅਤੇ ਦੁੱਧ ਤੋਂ ਆਈਸ ਕਰੀਮ ਤਿਆਰ ਕੀਤੀ ਜਾਂਦੀ ਸੀ ਅਤੇ ਆਈਸ ਕਰੀਮ ਜਮਾਉਣ ਲਈ ਪਹਾੜੀ ਖੇਤਰਾਂ ਤੋਂ ਬਰਫ਼ ਮੰਗਵਾਈ ਜਾਂਦੀ ਸੀ।

1886 ਵਿਚ ਅਮਰੀਕਾ ਦੀ ਸੈਨਸੀ ਜਾਨਸਨ ਨਾਂਅ ਦੀ ਇਕ ਔਰਤ ਨੇ ਹੱਥ ਨਾਲ ਚੱਲਣ ਵਾਲੀ ਆਈਸ ਕਰੀਮ ਵਾਲੀ ਪਹਿਲੀ ਮਸ਼ੀਨ ਤਿਆਰ ਕੀਤੀ। ਇਹ ਇਕ ਅਜਿਹੀ ਮਸ਼ੀਨ ਸੀ, ਜਿਸ ਦੀਆਂ ਦੋ ਦੀਵਾਰਾਂ ਸਨ। ਇਨ੍ਹਾਂ 'ਚ ਬਰਫ਼ ਭਰੀ ਜਾਂਦੀ ਸੀ ਅਤੇ ਵਿਚਕਾਰਲੀ ਜਗ੍ਹਾ ਵਿਚ ਫਲਾਂ ਆਦਿ ਦਾ ਰਸ ਪਾਇਆ ਜਾਂਦਾ ਸੀ। ਹੁਣ ਵੀ ਅਜਿਹੇ ਉਪਕਰਨ ਪਿੰਡਾਂ ਵਿਚ ਆਮ ਵੇਖੇ ਜਾ ਸਕਦੇ ਹਨ। ਵੱਡੇ ਪੱਧਰ 'ਤੇ ਆਈਸ ਕਰੀਮ ਬਣਾਉਣ ਦੀ ਸ਼ੁਰੂਆਤ ਵੀ ਅਮਰੀਕਾ ਵਿਚ ਹੀ ਹੋਈ ਮੰਨੀ ਜਾਂਦੀ ਹੈ। 1851 ਵਿਚ ਇਥੋਂ ਦੇ ਇਕ ਵਪਾਰੀ ਨੇ ਦੁਨੀਆ ਦੀ ਸਭ ਤੋਂ ਪਹਿਲੀ ਆਈਸ ਕਰੀਮ ਬਣਾਉਣ ਦੀ ਫੈਕਟਰੀ ਲਗਾਈ। ਅੱਜ ਵੀ ਅਮਰੀਕਾ 'ਚ ਹੀ ਆਈਸ ਕਰੀਮ ਦਾ ਉਦਯੋਗ ਸਭ ਤੋਂ ਵੱਧ ਹੈ। ਆਈਸ ਕਰੀਮ ਦਾ ਸਭ ਤੋਂ ਪਹਿਲਾਂ ਲਫਜ਼ ਅਮਰੀਕਾ ਵਿਚ ਹੀ ਵਰਤਿਆ ਗਿਆ। ਪਹਿਲਾਂ ਇਸ ਨੂੰ 'ਬਟਰ ਆਈਸ' ਜਾਂ 'ਕਰੀਮ ਆਈਸ' ਕਹਿੰਦੇ ਸਨ। ਅੱਜ ਸਮੁੱਚੀ ਦੁਨੀਆ ਵਿਚ ਆਈਸ ਕਰੀਮ ਇਕ ਖਾਧ ਪਦਾਰਥ ਦੇ ਰੂਪ ਵਿਚ ਵਰਤੀ ਜਾ ਰਹੀ ਹੈ।

-0-

## ਅਨਮੋਲ ਬਚਨ

- ❖ ਪ੍ਰੀਖਿਆ ਇਕ ਅਜਿਹੀ ਚੀਜ਼ ਹੈ, ਜੋ ਜ਼ਿੰਦਗੀ ਵਿਚ ਵਾਰ-ਵਾਰ ਮਿਲਦੀ ਹੈ।
- ❖ ਔਰਤ ਕਦੇ ਵੀ ਕਮਜ਼ੋਰ ਨਹੀਂ ਹੁੰਦੀ, ਸਗੋਂ ਮਜਬੂਰ ਹੁੰਦੀ ਹੈ।
- ❖ ਮਾਂ ਦੀ ਮਮਤਾ ਇਕ ਅਜਿਹੀ ਚੀਜ਼ ਹੈ, ਜਿਸ ਦੀ ਇਨਸਾਨ ਜ਼ਿੰਦਗੀ ਭਰ ਕੀਮਤ ਨਹੀਂ ਚੁਕਾ ਸਕਦਾ।
- ❖ ਜਿਥੇ ਔਰਤ ਦਾ ਆਦਰ ਨਹੀਂ ਹੁੰਦਾ, ਪਰਮਾਤਮਾ ਵੀ ਉਥੇ ਖੁਸ਼ ਨਹੀਂ ਹੁੰਦਾ।
- ❖ ਸੁੰਦਰਤਾ ਲਈ ਖੁਸ਼ੀ ਤੋਂ ਵੱਡਾ ਹੋਰ ਕੋਈ ਸ਼ਿੰਗਾਰ ਨਹੀਂ।
- ❖ ਜ਼ਿੰਦਗੀ ਦਾ ਇਕ ਤਜਰਬਾ ਇਹ ਵੀ ਹੈ ਕਿ ਜ਼ਿੰਮੇਵਾਰੀਆਂ ਮਨੁੱਖ ਨੂੰ ਵਕਤ ਤੋਂ ਪਹਿਲਾਂ ਵੱਡਾ ਕਰ ਦਿੰਦੀਆਂ ਹਨ।

-0-

# ਕਹੈ ਨਾਨਕੁ (ਏਹ) ਸਚੁ ਸੋਹਿਲਾ....

ਗੁਰਤੇਜ ਸਿੰਘ

2022 ਤੋਂ ਹਿੰਦੋਸਤਾਨ ਦੀ ਸਰਕਾਰ ਨੇ ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਨ, 'ਵੀਰ ਬਾਲ ਦਿਵਸ' ਦੇ ਨਾਂਅ ਹੇਠ ਮਨਾਉਣਾ ਸ਼ੁਰੂ ਕੀਤਾ ਹੈ। ਇਹ ਨਾਂ ਸਿੱਖਾਂ ਨੂੰ ਪੁੱਛ ਕੇ ਨਹੀਂ ਰੱਖਿਆ ਗਿਆ; ਨਾ ਹੀ ਏਸ ਦੀ ਭਾਵਨਾ ਸਿੱਖੀ ਅਕੀਦਿਆਂ ਅਨੁਸਾਰ ਹੈ। ਸ਼ਹਾਦਤ ਦੀ ਹਕੀਕਤ ਵੱਲ ਧਿਆਨ ਧਰੀਏ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਸਿੱਖੀ ਆਸ਼ੇ ਅਨੁਸਾਰ, ਸਿੱਖੀ ਦੀ ਭਾਵਨਾ ਅਨੁਸਾਰ ਹੀ, ਹੋਰ ਸਾਰੇ ਪੁਰਬਾਂ ਵਾਂਙ, ਇਹ ਦਿਵਸ ਮਨਾਉਣ ਯੋਗ ਹੈ। ਓਪਰੀ ਨਜ਼ਰੇ ਇਹ ਜਾਪਦਾ ਹੈ ਕਿ ਆਰ.ਐਸ.ਐਸ. ਦੀ ਨੀਤੀ ਅਨੁਸਾਰ ਏਸ ਪਰਮ ਪਾਕ ਦਿਨ ਨੂੰ ਮਨਾ ਕੇ (1) ਗੁਰੂ ਅਤੇ ਗੁਰੂ ਪਰਿਵਾਰਾਂ ਦੀ ਵਿਰਾਸਤ ਨੂੰ ਹਿੰਦੂਤਵ ਦੇ ਖਾਤੇ ਪਾ ਕੇ ਅਸਲੀ ਵਾਰਸ ਸਿੱਖਾਂ ਨੂੰ ਏਸ ਰਹਿਮਤ ਤੋਂ ਮਹਿਰੂਮ ਕਰਨ ਦੀ ਮਨਸ਼ਾ ਹੈ। (2) ਸਿੱਖ ਮੱਤ ਦੀ ਕੁਦਰਤੀ ਅਤੇ ਮੁੱਢਲੀ ਜੁਝਾਰੂ ਬਿਰਤੀ ਨੂੰ ਧ੍ਰਿਤਰਾਸ਼ਟਰ ਦੀ ਜੱਫੀ ਵਿੱਚ ਲੈ ਕੇ ਨਿੱਸਲ ਕਰਨਾ ਮਕਸਦ ਹੈ। (3) ਸ਼ਹੀਦੀ ਦੇ ਇੱਕੋ ਪੱਖ ਉੱਤੇ ਬੇਲੋੜਾ ਵਜਨ ਪਾ ਕੇ ਹਿੰਦੂ ਹਿੰਦ ਦੀ ਮੁਸਲਮ ਨਫ਼ਰਤ ਦਾ ਮੋਹਰਾ ਬਣਨ ਲਈ ਸਿੱਖਾਂ ਨੂੰ ਪ੍ਰੇਰਨਾ ਹੈ।

ਜ਼ਾਹਰ ਹੈ ਕਿ ਤਿੰਨੋਂ ਇਰਾਦੇ ਸਿੱਖਾਂ ਅਤੇ ਮੁਸਲਮਾਨਾਂ ਲਈ ਡੂੰਘੀ ਨਫ਼ਰਤ ਭਰੀ ਫ਼ਿਤਰਤ ਦੀ ਉਪਜ ਹਨ। ਸਿੱਖੀ ਜਨਮ ਤੋਂ ਹੀ ਅਜ਼ਾਦ ਮਨੁੱਖਾਂ ਦਾ ਸਰਬ-ਸਾਂਝਾ ਸਮਾਜ ਅਤੇ ਇੰਤਜ਼ਾਮੀਆ ਸਿਰਜਣ ਲਈ ਘਾਲਣਾ ਘਾਲਦੀ ਆਈ ਹੈ। ਏਸ ਨੂੰ ਸਿੱਖੀ ਨੇ 'ਮੁਕਤ ਪੰਥ' ਅਤੇ ਪੱਛਮ ਦੀ ਓਸ ਵੇਲੇ ਪ੍ਰਚੱਲਤ ਰੀਤ ਅਨੁਸਾਰ, ਅੰਗਰੇਜ਼ ਇਤਿਹਾਸਕਾਰਾਂ ਨੇ, 'ਸਟੇਟ ਵਿਦ ਇਨ ਸਟੇਟ' ਕਰ ਕੇ ਸਮਝਿਆ ਹੈ। ਏਸ ਘੋਰ ਘਾਲਣਾ ਵਿੱਚ ਸਿੱਖੀ ਦੀ ਟੱਕਰ, ਰਾਜ ਮਾਨਣ ਦੇ 'ਝੂਠੇ ਦਾਅਵੇ ਕਰਨ ਵਾਲੇ ਵਕਤੀ' (ਏ ਭੂਪਤਿ ਸਭ ਦਿਵਸ ਚਾਰਿ ਕੇ ਝੂਠੇ ਕਰਤ ਦਿਵਾਜਾ) ਜ਼ਾਲਮ ਰਾਜਿਆਂ ਨਾਲ ਰਹੀ ਹੈ। ਇਤਿਹਾਸ ਦਾ ਨਿਸ਼ਕਰਸ਼ ਹੈ ਕਿ ਸਿੱਖੀ ਦੇ ਮਿਸ਼ਨ, ਜਿਸ ਵਿੱਚ ਹਿੰਦੂ-ਹਿੰਦ ਦਾ ਵੱਡਾ ਭਲਾ ਹੋਇਆ, ਦੇ ਰਾਹ ਵਿੱਚ ਸਭ ਤੋਂ ਘਾਤਕ ਰੋੜੇ ਹਿੰਦੂ-ਹਿੰਦ ਨੇ ਹੀ ਅਟਕਾਏ। ਇਹ ਇਤਫ਼ਾਕ ਨਹੀਂ ਕਿ ਹਿੰਦੂ-ਹਿੰਦ ਨੇ ਕਦੇ ਵੀ ਸਿੱਖਾਂ ਦਾ ਸਾਥ ਨਹੀਂ ਦਿੱਤਾ-ਆਪਣੇ ਪ੍ਰਤੱਖ ਹੁੰਦੇ ਭਲੇ ਲਈ ਵੀ ਨਹੀਂ। ਗੁਰੂ ਕਾਲ ਦੇ ਸਾਰੇ ਯੁੱਧਾਂ ਵਿੱਚੋਂ ਕੇਵਲ ਚਾਰ ਹੀ ਮੁਗ਼ਲਾਂ ਵਿਰੁੱਧ ਹੋਏ ਅਤੇ ਏਸ ਤੋਂ ਤਕਰੀਬਨ ਚਾਰ ਗੁਣਾਂ ਵੱਧ ਹਿੰਦੂ-ਹਿੰਦ ਦਾ ਦਮ ਭਰਨ ਵਾਲਿਆਂ ਨਾਲ। ਆਖ਼ਰੀ ਯੁੱਧ ਵੀ ਬਾਈਧਾਰ ਦੇ ਹਿੰਦੂ ਰਾਜਿਆਂ ਨੇ ਔਰੰਗਜ਼ੇਬ ਦੀ ਮਦਦ ਨਾਲ ਲੜਿਆ ਸੀ। ਏਸ ਕਾਲ ਵਿੱਚ ਹੀ ਚਾਰ ਸਾਹਿਬਜ਼ਾਦਿਆਂ ਦੀ ਸ਼ਹਾਦਤ ਹੋਈ ਸੀ। ਸੱਚੇ ਸਾਹਿਬ ਦਾ ਇਹ ਬਚਨ ਪੂਰਨ ਸੱਚ ਉੱਤੇ ਟੇਕ ਰੱਖਦਾ ਹੈ ਕਿ 'ਮੇਰਾ ਸਿੱਖ ਅਣਮਤੀਆਂ ਦਾ ਕਦੇ ਇਤਬਾਰ ਨ ਕਰੇ। ਇਹਨਾਂ ਨੇ ਮੇਰੇ ਚਾਰ ਬੱਚੇ ਮਾਰੇ ਹਨ।' (ਅਮਰਨਾਮਾ)

ਸਾਡਾ ਅਤੇ ਹਰ ਮਾਨਵਤਾ ਪ੍ਰਤੀ ਸੁਹਿਰਦ ਹਿੰਦੂ, ਮੁਸਲਮਾਨ, ਹਰ ਸਹਿਜ ਇਨਸਾਨ ਦਾ ਮੱਤ ਹੈ ਕਿ ਸਾਹਿਬਜ਼ਾਦਿਆਂ ਦੀ ਸਹਾਦਤ ਲਈ ਜ਼ਾਲਮ ਹਾਕਮ ਅਤੇ ਵੱਢੀਖੋਰ ਪੱਥਰ ਦਿਲ ਕਾਜ਼ੀ ਜ਼ਿੰਮੇਵਾਰ ਹਨ, ਨਾ ਕਿ ਮੁਸਲਮਾਨ ਜਾਂ ਇਸਲਾਮ। ਇਸਲਾਮ ਦੇ ਬਹਾਨੇ ਨਿਰਦਈ ਮੁਸਲਮਾਨ ਹਾਕਮਾਂ ਨੇ ਸਾਡੇ ਉੱਤੇ ਅਨੇਕ ਕਹਿਰ ਢਾਏ। ਪਰ ਇਸਲਾਮ ਤਾਂ ਮੁਸਲਮਾਨ ਮਖੌਟੇ ਵਾਲਿਆਂ ਦੇ ਢਹੇ ਚੜ੍ਹ ਕੇ ਆਪਣੀ ਆਬਰੂ ਨੂੰ ਠੇਸ ਲੱਗਣ ਤੋਂ ਵੀ ਨਹੀਂ ਬਚਾ ਸਕਿਆ। ਅਸੀਂ ਪਿਤਾ, ਭਰਾਵਾਂ, ਅਨੇਕਾਂ ਹਿੰਦੂ, ਮੁਸਲਮ ਸਾਧੂਆਂ ਸਮੇਤ ਲੱਖਾਂ ਦੇ ਕਾਤਲ ਨੌਰੰਗੇ ਤੁਰਕੜੇ ਨੂੰ ਵੀ ਬੇਦੀਨ ਸਮਝਦੇ ਹਾਂ।

ਦਾਨਵਾਂ ਦੀ ਓਸ ਸਭਾ ਵਿੱਚ, ਜਿੱਥੋਂ ਮਾਸੂਮਾਂ ਉੱਤੇ ਮੌਤ ਦਾ ਫ਼ਤਵਾ ਲੱਗਾ ਸੀ, ਤੁਹਾਡਾ ਝੂਠਾ ਨੰਦ ਵੀ ਮੌਜੂਦ ਸੀ ਜਿਸ ਨੇ ਫ਼ਤਵੇ ਦੀ ਹਮਾਇਤ ਕੀਤੀ ਸੀ। ਓਸ ਸਭਾ ਵਿੱਚ ਇੱਕੋ-ਇੱਕ ਮਰਦ ਨਵਾਬ ਮਲੇਰਕੋਟਲਾ ਸੀ, ਜਿਸ ਨੇ ਮਾਸੂਮਾਂ ਲਈ ਹਾਅ ਦਾ ਨਾਅਰਾ ਮਾਰਿਆ ਸੀ। ਓਸ ਇਕੱਲੇ ਦਾ ਮੱਤ ਇਸਲਾਮ ਦੇ ਫ਼ਲਸਫ਼ੇ ਅਨੁਸਾਰ ਸੀ। ਹਾਲਾਂ ਕਿ 'ਮਾਸੂਮ' ਦਾ ਦਰਜਾ ਕਮਸਿਨ ਬੱਚਿਆਂ ਅਤੇ ਔਰਤਾਂ ਲਈ ਇਸਲਾਮ ਵਿੱਚ ਮੌਜੂਦ ਹੈ, ਨਵਾਬ ਮਲੇਰਕੋਟਲਾ ਸ਼ਾਇਦ ਪੈਗ਼ੰਬਰ ਦੇ ਆਖ਼ਰੀ ਖ਼ੁਤਬੇ (ਖ਼ੁਤਬਾ-ਅਲ-ਵਿਦਾਅ) ਤੋਂ ਵੀ ਪ੍ਰੇਰਨਾ ਲੈ ਰਿਹਾ ਸੀ, ਜਿਸ ਅਨੁਸਾਰ ਪਿਤਾ ਦਾ ਬਦਲਾ ਬੱਚਿਆਂ ਤੋਂ ਨਹੀਂ ਲਿਆ ਜਾ ਸਕਦਾ ਸੀ। ਦਸਮੇਸ਼ ਨੇ ਨਵਾਬ ਦੇ ਮਨੁੱਖਤਾ ਪ੍ਰਤੀ ਸੁਹਿਰਦ ਰਵੱਈਏ ਦੇ ਇਵਜ਼ ਵਿੱਚ ਮਲੇਰਕੋਟਲਾ ਨੂੰ ਸੁਰੱਖਿਆ ਕਵਚ ਬਖ਼ਸ਼ਿਆ। ਅਸੀਂ ਸੱਚੇ ਸਾਹਿਬ ਦੇ ਸੁੱਚੇ ਬਚਨਾਂ ਉੱਤੇ ਧਾਅ ਕੇ ਫੁੱਲ ਚੜ੍ਹਾਏ। 1947 ਦਾ ਪਾਗਲਪਣ ਦੀ ਹੱਦ ਨੂੰ ਛੂੰਹਦਾ ਜਨੂੰਨ ਵੀ ਸਾਨੂੰ ਥਿੜਕਾ ਨਾ ਸਕਿਆ। ਜ਼ਮਾਨੇ ਨੇ ਆਮ ਵੇਖਿਆ ਕਿ ਮੁਸਲਮਾਨ ਵਾਹੋ ਦਾਹੀ ਭੱਜਿਆ ਜਾ ਰਿਹਾ ਹੈ ਅਤੇ ਓਸ ਦੇ ਪਿੱਛੇ ਲਲਕਾਰੇ ਮਾਰਦੇ ਸਿੱਖ ਓਸ ਨੂੰ ਕਤਲ ਕਰਨ ਲਈ ਤਲਵਾਰਾਂ ਸੂਤੀ ਆ ਰਹੇ ਹਨ। ਉਹ ਆਖ਼ਰ ਮਲੇਰਕੋਟਲੇ ਦੀ ਹੱਦ ਵਿੱਚ ਪੈਰ ਰੱਖਦਾ ਹੈ ਅਤੇ ਬੇਖ਼ੌਫ਼ ਹੋ ਕੇ ਆਮ ਚਾਲ ਚੱਲਣ ਲੱਗਦਾ ਹੈ। ਗੁੰਮਰਾਹ ਹੋਏ ਜਨੂੰਨੀ ਸਿੱਖਾਂ ਨੂੰ ਵੀ ਅਹਿਸਾਸ ਸੀ ਕਿ ਦੁਨਿਆਵੀ ਗੁੱਸੇ ਗੁਰੂ ਪ੍ਰਮੇਸ਼ਰ ਦੇ ਅਹਕਾਮਾਂ ਦੀ ਕਾਟ ਨਹੀਂ ਕਰ ਸਕਦੇ। ਸਰਹੱਦੋਂ ਉਰ੍ਹੇ ਉਹ ਵੀ ਤਲਵਾਰਾਂ ਮਿਆਨੀ ਕਰ ਕੇ ਵਾਪਸ ਪਰਤ ਜਾਂਦੇ ਸਨ।

ਦੀਨੀ, ਮਜ਼੍ਹਬੀ, ਇਖ਼ਲਾਕੀ ਤੌਰ ਉੱਤੇ ਤੁਸੀਂ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਨ ਮਨਾਉਣ ਦੇ ਯੋਗ ਨਹੀਂ। ਜੇ ਏਸ ਘਟਨਾ ਵਿੱਚ ਲੂਣ-ਹਰਾਮੀ ਗੰਗੂ ਦੀ ਕਰਤੂਤ, ਜਿਸ ਵਾਸਤੇ ਤੁਸੀਂ ਕਦੇ ਮੁਆਫ਼ੀ ਨਹੀਂ ਮੰਗੀ, ਨੂੰ ਵੀ ਸ਼ਾਮਲ ਕਰ ਲਿਆ ਜਾਵੇ ਤਾਂ ਤੁਹਾਨੂੰ ਏਸ ਦਾ ਜ਼ਿਕਰ ਕਰਨ ਤੋਂ ਵੀ ਪਹਿਲਾਂ ਚੱਪਣੀ ਵਿੱਚ ਨੱਕ ਡੁਬੋ ਕੇ ਮਰ ਜਾਣਾ ਚਾਹੀਦਾ ਹੈ। ਤੁਹਾਡਾ ਇਹ ਪ੍ਰਚਾਰ ਕਿ ਗੁਰੂ, ਗੁਰਸਿੱਖਾਂ ਅਤੇ ਸਾਹਿਬਜ਼ਾਦਿਆਂ ਦੀਆਂ ਸ਼ਹੀਦੀਆਂ ਹਿੰਦੂ ਧਰਮ ਜਾਂ ਮੁਲਕ ਨੂੰ ਮੁਸਲਮਾਨ ਜੂਲੇ ਹੇਠੋਂ ਕੱਢਣ ਲਈ ਹੋਈਆਂ ਵੀ ਤਰਕ-ਸੰਗਤ ਨਹੀਂ। ਬੰਦਾ ਬਹਾਦਰ ਦੀ ਫ਼ੌਜ ਵਿੱਚ, ਵਰਤੇ ਕਹਿਰ ਤੋਂ ਪਸ਼ੇਮਾਨ, 5000 ਮੁਸਲਮਾਨ (ਨਮਾਜ਼ੀ ਖ਼ਾਲਸਾ) ਤਾਂ ਸ਼ਾਮਲ ਹੋਏ ਸਨ, ਪਰ ਕੋਈ ਰਾਜਾ, ਮਹਾਰਾਜਾ, ਠਾਕੁਰ, ਸਾਮੰਤ, ਚੰਦ੍ਰਵੰਸ਼ੀ, ਸੂਰਜਵੰਸ਼ੀ ਨਹੀਂ। ਤਕਰੀਬਨ 1947 ਤੱਕ ਹਿੰਦੋਸਤਾਨ ਇੱਕ ਮੁਲਕ ਨਹੀਂ ਬਲਕਿ ਪੰਜ ਕੁ ਸੌ ਆਜ਼ਾਦ ਮੁਲਕਾਂ ਦਾ ਸਮੂਹ ਸੀ। ਇਹਨਾਂ ਵਿੱਚ ਜ਼ਿਆਦਾ ਹੁਕਮਰਾਨ ਚੰਦ੍ਰਵੰਸ਼ੀ, ਸੂਰਜਵੰਸ਼ੀ ਆਦਿ ਹਿੰਦੂ ਸਨ। ਨੇਸ਼ਨ ਸਟੇਟ ਦਾ ਸੰਕਲਪ ਆਖ਼ਰੀ ਰੂਪ ਵਿੱਚ ਸੰਯੁਕਤ ਰਾਸ਼ਟਰ ਦੇ ਚਾਰਟਰ ਦੀ ਦੇਣ ਹੈ। ਇਸ ਤੋਂ ਪਹਿਲਾਂ ਏਸ ਸੰਕਲਪ ਦਾ ਪੇਤਲਾ ਜਿਹਾ ਵਜੂਦ ਕੇਵਲ ਕੇਂਦਰੀ ਯੂਰਪ ਵਿੱਚ ਮੌਜੂਦ ਸੀ ਅਤੇ ਓਥੇ ਵੀ ਅਜੇ ਨਵਾਂ ਈਜਾਦ ਹੋਇਆ

ਸੀ। ਅੱਜ ਦੇ ਤੁਹਾਡੇ ਦੰਭੀ ਇਤਿਹਾਸਕਾਰਾਂ ਨੂੰ ਕਾਲ-ਦੋਸ਼ ਤੋਂ ਮੁਕਤ ਹੋਣ ਦੀ ਲੋੜ ਹੈ।

ਇਹ ਤਸੱਵਰ ਨਹੀਂ ਕੀਤਾ ਜਾ ਸਕਦਾ ਸੀ ਕਿ ਏਨੀਆਂ ਸਦੀਆਂ ਦੀਆਂ ਏਨੀਆਂ ਬਾਦਸ਼ਾਹੀਆਂ, ਕਿਲ੍ਹੇ, ਫ਼ੌਜਾਂ, ਤੋਪਾਂ, ਹਾਥੀ ਆਦਿ ਦੇ ਹੁੰਦਿਆਂ ਇੱਕ-ਦੋ ਜਹਾਜ਼ਾਂ ਵਿੱਚ ਆਏ ਜਾਂ ਬਰਤਾਨੀਆ ਦੇ ਚੰਦ ਬਾਣੀਏ ਤੁਹਾਨੂੰ ਆਪਣੇ ਅਧੀਨ ਕਰ ਸਕਦੇ ਸਨ। ਤੁਸੀਂ ਖ਼ੁਦ, ਹੱਸ-ਹੱਸ ਕੇ, ਮੰਦਰਾਂ ਵਿੱਚ ਟੱਲ ਖੜਕਾ-ਖੜਕਾ ਕੇ ਗ਼ੁਲਾਮੀ ਨੂੰ ਗਹਿਣਾ ਸਮਝ ਕੇ ਗਲ਼ ਪਾਇਆ ਸੀ। ਤੁਹਾਡੇ ਉੱਚੀਆਂ ਸ਼ਾਨਾਂ, ਵੱਡੀਆਂ ਅਣਖਾਂ ਵਾਲੇ ਆਗੂ ਜ਼ਾਲਮ ਸੁਲਤਾਨਾਂ ਨਾਲ ਰਿਸ਼ਤੇਦਾਰੀਆਂ ਪਾਉਂਦੇ ਰਹੇ ਅਤੇ ਜਿਵੇਂ ਅਕਬਰ ਨੇ ਮੱਕੇ ਦੇ ਕਾਜ਼ੀ ਨੂੰ ਦੱਸਿਆ ਸੀ, ਉਹਨਾਂ ਦੀਆਂ ਮੁਹਿੰਮਾਂ ਵਿੱਚ ਸ਼ਾਮਲ ਹੋ ਕੇ ਗੁਆਂਢੀ ਹਿੰਦੂ ਰਾਜਿਆਂ ਲਈ ਗ਼ੁਲਾਮੀ ਸਹੇੜਦੇ ਰਹੇ। ਬਰਤਾਨੀਆ ਦਾ ਆਖ਼ਰੀ ਹੁਕਮਰਾਨ ਮਾਊਂਟਬੈਟਨ ਸੱਚ ਆਖਦਾ ਹੈ ਕਿ 'ਅਸੀਂ ਹਿੰਦ ਦੀ ਮਰਜ਼ੀ ਖ਼ਿਲਾਫ ਇੱਕ ਦਿਨ ਵੀ ਰਾਜ ਨਹੀਂ ਸੀ ਕਰ ਸਕਦੇ। ਕਿਸੇ ਸਮੇਂ ਵੀ ਓਥੇ ਸਾਡੇ ਅੰਗਰੇਜ਼ ਪੰਦਰਾਂ ਹਜ਼ਾਰ ਤੋਂ ਵੱਧ ਗਿਣਤੀ ਵਿੱਚ ਨਹੀਂ ਸਨ। ਅਸੀਂ ਤੀਹ ਕ੍ਰੋੜ ਲੋਕਾਂ ਉੱਤੇ ਕਿਵੇਂ ਰਾਜ ਕਰ ਸਕਦੇ ਸੀ'।

ਅਸਲੀਅਤ ਇਹ ਹੈ ਕਿ ਤੁਹਾਡੇ ਧਰਮ ਵਿੱਚ ਨਾ ਅਣਖ, ਇੱਜ਼ਤ, ਪੱਤ, ਆਜ਼ਾਦੀ ਆਦਿ ਦਾ ਕੋਈ ਦੈਵੀ ਸੰਕਲਪ ਸੀ ਤੇ ਨਾ ਹੀ ਉੱਚੀਆਂ ਕਦਰਾਂ-ਕੀਮਤਾਂ, ਕਿਰਦਾਰ, ਸ਼ਹਾਦਤਾਂ ਦੇ ਜਾਮਨ ਤੁਹਾਡੇ ਧਰਮ-ਗ੍ਰੰਥ ਸਨ। ਤੁਸੀਂ ਵਿਦੇਸ਼ੀ ਜਰਵਾਣਿਆਂ ਨੂੰ ਮੋਪਲੇ (ਜਵਾਈ) ਆਖ ਕੇ ਗਲ਼ ਲਾਇਆ ਅਤੇ ਤੁਹਾਡੇ ਵੱਡੇ ਮੰਦਰਾਂ ਤੋਂ ਗ਼ੁਲਾਮੀ ਦੇ ਹੱਕ ਵਿੱਚ ਫਤਵੇ ਲੱਗਦੇ ਰਹੇ। ਗੁਰੂ ਨਾਨਕ ਦਾ 'ਰਤਨ ਵਿਗਾੜਿ ਵਿਗੋਏ ਕੁਤੀਂ' ਦਾ ਮਿਹਣਾ ਕੇਵਲ ਇਬਰਾਹਿਮ ਲੋਧੀ ਨੂੰ ਨਹੀਂ ਸੀ, ਤੁਹਾਡੇ ਲਈ ਓਸ ਤੋਂ ਵੀ ਵੱਧ ਸੀ। ਇਹ ਸੱਚ ਹੈ ਕਿ ਗਜ਼ਨੀ ਦੇ ਬਾਜ਼ਾਰ ਵਿੱਚ ਵਿਕਣ ਲਈ ਕੁਰਲਾਉਂਦੀਆਂ ਜਾਂਦੀਆਂ ਅਬਲਾਵਾਂ ਅਤੇ ਹਿੰਦੂਕੁਸ਼ ਉੱਤੇ ਤਹਿ-ਤੇਗ਼ ਕੀਤੇ ਜਾਂਦੇ ਉਹਨਾਂ ਦੇ ਰਿਸ਼ਤੇਦਾਰਾਂ ਦੇ ਸਿਲਸਿਲੇ ਨੂੰ ਰੋਕਣ ਲਈ ਤੁਸੀਂ ਚੀਚੀ ਉਂਗਲ ਦੀ ਕੁਰਬਾਨੀ ਵੀ ਨਹੀਂ ਦਿੱਤੀ।

ਤੁਸੀਂ 1675 ਵਿੱਚ ਗੁਰੂ ਅਕਾਲ ਪੁਰਖ ਨਾਲ ਅਹਿਦ ਕੀਤਾ ਕਿ ਜੇ ਉਹ ਇੱਕ ਵਾਰੀ ਔਰੰਗਜ਼ੇਬ ਦੇ ਜਨੂੰਨ ਨੂੰ ਠੱਲ੍ਹ ਪਾ ਦੇਣ ਤਾਂ ਤੁਸੀਂ ਖੰਡੇ ਫੜ ਕੇ ਖ਼ਾਲਸੇ ਦੇ ਨਾਲ ਖੜ੍ਹੋਗੇ। ਸਮਾਂ ਆਉਣ ਉੱਤੇ ਤੁਸੀਂ ਖ਼ਾਲਸੇ ਵਿਰੁੱਧ ਹੀ ਖੰਡਾ ਫੜ ਖੜੋਤੇ। 700 ਸਾਲ ਦੀ ਗ਼ੁਲਾਮੀ ਤੋਂ ਨਜਾਤ ਦਵਾ ਕੇ ਗੁਰੂ ਦੇ ਬੰਦਾ ਬਹਾਦਰ ਨੇ ਤੁਹਾਡੀ ਆਪਣੀ ਸਰਕਾਰ ਸਥਾਪਤ ਕਰ ਕੇ ਕੁੱਲ ਹਿੰਦ ਉੱਤੇ ਵੱਡਾ ਪਰੋਪਕਾਰ ਕੀਤਾ, ਸਦੀਵੀ ਮੁਕਤੀ ਦਾ ਰਾਹ ਖੋਲ੍ਹਿਆ ਅਤੇ ਤੁਸੀਂ ਓਸ ਦੇ ਵਿਰੁੱਧ ਬਹਾਦਰ ਸ਼ਾਹ ਦਾ ਸਾਥ ਦਿੱਤਾ। ਇਵਜ਼ ਵਿੱਚ ਤੁਸੀਂ ਢਾਈ ਸੌ ਸਾਲ ਦੀ ਹੋਰ ਗ਼ੁਲਾਮੀ ਹਾਸਲ ਕੀਤੀ। ਏਨੀ ਕੁ ਤਾਂ ਤੁਹਾਡੀ ਦੂਰ-ਅੰਦੇਸ਼ੀ ਹੈ।

1710 ਤੋਂ 1765 ਤੱਕ ਸਿੰਘ ਨੰਗੇ ਧੜ ਮਾਨਵਤਾ ਦੀ ਲੜਾਈ ਇਕੱਲੇ ਲੜਦੇ ਰਹੇ। ਚੰਦੂ ਅਤੇ ਗੰਗੂ ਵਾਂਙ ਲਖਪਤ ਵਰਗੇ ਵਧ ਚੜ੍ਹ ਕੇ ਸਿੰਘਾਂ ਨੂੰ ਕਤਲ ਕਰਦੇ ਕਰਵਾਉਂਦੇ ਰਹੇ; ਬਾਣੀ ਅਤੇ ਇਤਿਹਾਸ ਦੀਆਂ ਪੋਥੀਆਂ ਸਾੜ ਕੇ ਖੂਹ ਭਰਦੇ ਰਹੇ- ਠੀਕ ਉਵੇਂ ਜਿਵੇਂ ਔਰੰਗਜ਼ੇਬ 'ਸਵਾ ਮਣ ਜਨੇਊ ਲਾਹ ਕੇ ਰੋਟੀ ਖਾਂਦਾ ਸੀ'। ਸਹਿਜੇ ਸਹਿਜੇ ਮੁਸਲਮਾਨ ਬਣਨ ਵੱਲ ਵਧ ਰਹੇ 'ਨਿਗਾਹੀਏ ਦੇ ਚੇਲੇ, ਹਲਾਲਖ਼ੋਰ, ਸ਼ੂਦਰ' ਆਖ ਕੇ ਸਮਾਜ ਵਿੱਚੋਂ ਛੇਕੇ ਤਾਂ ਸਿੱਖੀ ਵੱਲ ਆਏ। ਭੰਗੂ ਲਿਖਦਾ ਹੈ ਕਿ ਇਹ ਬਾਕਾਇਦਾ ਵਾਰਤਾਲਾਪ ਰਾਹੀਂ ਖੋਜ ਪਰਖ ਕੇ ਆਏ, ਪਰ ਅਖੌਤੀ ਉੱਚੀਆਂ ਜਾਤਾਂ ਵਾਲਿਆਂ ਨੇ "ਮੈ ਬਪੁੜਾ ਬੂਢਨ ਡਰਾ ਰਹਾ ਕਿਨਾਰੇ ਬੈਠ" ਦਾ ਰਵੱਈਆ ਅਖ਼ਤਿਆਰ ਕਰੀ ਰੱਖਿਆ। 1820 ਦੇ ਲਾਗੇ ਰਣਜੀਤ ਸਿੰਘ ਨੇ ਅਨੇਕਾਂ ਰਾਜਿਆਂ, ਨਵਾਬਾਂ ਨੂੰ ਚਿੱਠੀਆਂ ਲਿਖ ਕੇ ਸੱਦਾ ਦਿੱਤਾ ਕਿ: 'ਆਉ ਸਾਰੇ ਰਲ਼ ਕੇ ਅੰਗਰੇਜ਼ੀ ਬਿੱਲੇ ਨੂੰ ਪੂਛੋਂ ਫੜ ਕੇ ਵਗਾਹ ਕੇ ਸੱਤ ਸਮੁੰਦਰੋਂ ਪਾਰ ਚਲਾ ਕੇ ਮਰੀਏ।' ਕਿਸੇ ਇੱਕ ਨੇ ਵੀ ਹੁੰਗਾਰਾ ਨਾ ਭਰਿਆ; ਉਲਟਾ ਹਿੰਦ ਦੇ ਆਗੂ ਰਣਜੀਤ ਸਿੰਘ ਦੇ ਬਰਖ਼ਿਲਾਫ਼ ਹੋ ਗਏ। ਸਮਾਂ ਆਉਣ ਉੱਤੇ ਉਹਨਾਂ ਅੰਗਰੇਜ਼ ਦਾ ਸਾਥ ਦਿੱਤਾ। "ਜੰਗ ਹਿੰਦ ਪੰਜਾਬ ਦਾ ਹੋਣ ਲੱਗਾ .....ਕਟਕ ਚੜ੍ਹੇ ਹਿੰਦੋਸਤਾਨੀ ਪੂਰਬੀ ਦੱਖਣੀ ਜੀ"।

1880 ਵਿੱਚ ਓਸ ਵੇਲੇ ਦੇ ਹਿੰਦੂ ਆਗੂਆਂ ਨੇ ਆਪਣੇ ਜਲਸੇ ਵਿੱਚ ਜਨਤਕ ਤੌਰ ਉੱਤੇ 'ਦਸਾਂ ਪਾਤਸ਼ਾਹੀਆਂ ਦੀ ਜੋਤ ਗੁਰੂ ਗ੍ਰੰਥ' ਦੀ ਰੱਜ ਕੇ, ਬੇਹੂਦਾ ਪੁਣੇ ਵਿੱਚ ਪੂਰਾ ਭਿੱਜ ਕੇ, ਬੇਅਦਬੀ ਕੀਤੀ। 1911 ਦੇ ਕਰੀਬ ਜਲੰਧਰ ਦੇ ਰਹਿਤੀਏ ਸਿੱਖਾਂ ਦੇ ਮਜਮਾ ਲਾ ਕੇ ਕੇਸ ਮੁੰਨੇ ਗਏ ਅਤੇ ਬੁਰੇ ਦੇ ਘਰ ਤੱਕ ਜਾਂਦਿਆਂ ਉਹਨਾਂ ਦੇ ਕੇਸਾਂ ਦਾ ਰੱਸਾ ਵੱਟ ਕੇ ਨਿਲਾਮ ਕੀਤਾ ਗਿਆ। ਸਿੱਖਾਂ ਨੇ ਪਰੋਪਕਾਰ ਦਾ ਰਾਹ ਫੇਰ ਵੀ ਨਾ ਤਿਆਗਿਆ ਅਤੇ ਮਾਨਵ ਭਲਾਈ ਲਈ ਅੰਗਰੇਜਾਂ ਵਿਰੁੱਧ ਆਜ਼ਾਦੀ ਦੀ ਲੜਾਈ ਇੱਕ ਵਾਰ ਫਿਰ ਨੰਗੇ ਧੜ ਲੜੀ; ਸਭ ਤੋਂ ਵੱਧ ਯੋਗਦਾਨ ਪਾਇਆ। 'ਅਜ਼ਾਦ' ਹੋਣ ਉੱਤੇ ਵੀ ਪੰਜਾਬੀ ਬੋਲੀ ਦੀ ਲੜਾਈ, ਪਾਣੀਆਂ ਦੀ ਲੜਾਈ ਆਦਿ ਇਕੱਲਿਆਂ ਲੜੀਆਂ। ਹਿੰਦੂ ਸਮਾਜ ਵਿਰੋਧ ਵਿੱਚ ਭੁਗਤਿਆ।

ਹਰੀ ਰਾਮ ਗੁਪਤਾ ਦਾ ਅੰਦਾਜ਼ਾ ਹੈ ਕਿ ਮੁਗ਼ਲ, ਅਫ਼ਗਾਨੀ, ਇਰਾਨੀ ਸਾਮਰਾਜਾਂ ਦਾ ਟਾਕਰਾ ਕਰਦਿਆਂ ਖ਼ਾਲਸੇ ਨੇ ਤਕਰੀਬਨ ਪੰਜ ਲੱਖ ਸ਼ਹੀਦੀਆਂ ਪਾਈਆਂ। ਸਮਕਾਲੀ ਅੰਦਾਜ਼ਾ ਹੈ ਕਿ ਮੌਜੂਦਾ ਇੰਤਜ਼ਾਮੀਆ ਅਧੀਨ ਇਸ ਤੋਂ ਵੱਧ ਸ਼ਹੀਦੀਆਂ ਆਪਣੇ ਸੰਵਿਧਾਨਕ ਹੱਕਾਂ ਲਈ ਜੂਝਦੇ ਸਿੱਖ ਪਹਿਲੇ ਅੱਸੀ ਕੁ ਸਾਲਾਂ ਵਿੱਚ ਪਾ ਚੁੱਕੇ ਹਨ। ਓਦੋਂ ਸ਼ਹੀਦੀਆਂ ਜੰਗ ਦੇ ਮੈਦਾਨ ਵਿੱਚ ਸਾਵੇਂ ਲੜਦਿਆਂ ਹੋਈਆਂ ਸਨ। ਹੁਣ ਪੁਲਸ ਦੀਆਂ ਗੋਲ਼ੀਆਂ ਅਤੇ ਸਿੱਖ ਲਹੂ ਦੀਆਂ ਤਿਹਾਈਆਂ ਜਨੂੰਨੀ ਭੀੜਾਂ ਅਤੇ ਹਿੰਦ ਦੀ ਫ਼ੌਜ ਵੱਲੋਂ ਵਰਤਾਈਆਂ ਜਾਂਦੀਆਂ ਹਨ। ਇਹ ਸਿਲਸਿਲਾ, ਦੇਸ-ਵਿਦੇਸ਼, ਅਜੇ ਵੀ ਜਾਰੀ ਹੈ।

ਉਪਰੋਕਤ ਸਭ ਏਸ ਲਈ ਲਿਖਣਾ ਪਿਆ ਕਿ ਏਸ ਪਿੱਠ-ਭੂਮੀ ਵਿੱਚ ਜਦੋਂ ਸਿੱਖ ਯੋਧਿਆਂ, ਬੰਦਾ ਸਿੰਘ ਬਹਾਦਰ, ਸਾਹਿਬਜ਼ਾਦਿਆਂ ਆਦਿ ਨੂੰ ਚੋਰੀ ਕਰ ਕੇ ਆਪਣੀ ਸਿਆਸਤ ਲਈ ਵਰਤਣ ਦੀਆਂ ਕੋਸ਼ਿਸ਼ਾਂ ਹੁੰਦੀਆਂ ਹਨ ਤਾਂ ਯਕੀਨ ਮੰਨੋ ਕਿ ਤੁਹਾਡੇ ਟੁਕੜ ਬੋਚਾਂ ਤੋਂ ਇਲਾਵਾ ਕੋਈ ਇੱਕ ਵੀ ਸਿੱਖ ਗੁੰਮਰਾਹ ਨਹੀਂ ਹੁੰਦਾ। ਗੁਰੂ ਹਰਕ੍ਰਿਸ਼ਨ ਦੀ ਉਮਰ ਦੇ ਬਾਬੇ ਜ਼ੋਰਾਵਰ ਸਿੰਘ ਅਤੇ ਫਤਹਿ ਸਿੰਘ ਬਾਲ ਨਹੀਂ ਸਨ। ਉਹ ਤੁਹਾਡੀ ਰੀਤ ਅਨੁਸਾਰ 'ਵੀਰ' ਵੀ ਨਹੀਂ ਸਨ। ਜੇ 'ਵੀਰਾਂ' ਦੀ ਘਾਟ ਮਹਿਸੂਸ ਕਰਦੇ ਹੋ ਤਾਂ ਅਸੀਂ ਸਾਵਰਕਰ ਵਰਗਾ ਵੱਡਾ 'ਵੀਰ' ਪੰਜਾਬ ਕੇਸਰੀ ਲਾਲਾ ਲਾਜਪਤ ਰਾਇ ਪੇਸ਼ ਕਰ ਸਕਦੇ ਹਾਂ ਜਿਸਦੀ ਸ੍ਵੈ ਜੀਵਨੀ ਓਸ ਦੀ 'ਵੀਰਤਾ' ਦੀ ਗਵਾਹ ਹੈ। ਖੰਭਾਂ ਦੀਆਂ ਡਾਰਾਂ ਬਣਾਉਣ ਦੀ ਮੁਹਾਰਤ ਰੱਖਣ ਵਾਲੇ ਤੁਸੀਂ ਓਸ ਨੂੰ, ਇੱਛਾ ਅਨੁਸਾਰ, ਕੁਝ ਵੀ ਬਣਾ ਸਕਦੇ ਹੋਂ।

'ਬਲੀਦਾਨ' ਵਾਲੇ ਸ਼ਹਾਦਤ ਦੇ ਮਹਾਤਮ ਨੂੰ ਨਹੀਂ ਜਾਣ ਸਕਦੇ। 'ਹਾਲੇ ਦਿਲ ਤੁਝ ਸੇ ਕਿਆ ਕਹੂੰ ਐ ਜ਼ਾਹਿਦ। ਹਾਏ ਕਮਬਖ਼ਤ! ਤੂਨੇ ਕਭੀ ਪੀ ਹੀ ਨਹੀਂ।' ਸ਼ਹਾਦਤ ਕੇਵਲ ਅਕਾਲਪੁਰਖ ਦੇ ਸੰਸਾਰ-ਕਲਿਆਣਕਾਰੀ ਆਸ਼ੇ ਦੀ ਪੂਰਤੀ ਲਈ ਦਿੱਤੀ ਜਾਂਦੀ ਹੈ;

**ਬਾਕੀ ਸਫਾ 30 'ਤੇ**

# ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ

**ਅਮਰਜੀਤ ਸਿੰਘ # 98157-03806**
**ਸਾਹਿਬਜ਼ਾਦਾ ਜੁਝਾਰ ਸਿੰਘ ਗੁਰਮਤਿ ਮਿਸ਼ਨਰੀ ਕਾਲਜ ਚੌਂਤਾ ਰੋਪੜ।**

ਕਿਰਤ ਕਰਨਾ, ਨਾਮ ਜਪਣਾ, ਵੰਡ ਛਕਣਾ ਸਿੱਖ ਧਰਮ ਦੇ ਤਿੰਨ ਮੁੱਢਲੇ ਅਸੂਲ ਹਨ। ਪਰ ਨਾਮ ਜਪਣ ਤੋਂ ਪਹਿਲਾਂ 'ਕਿਰਤ ਕਰਨਾ' ਰੱਖ ਕੇ, ਸਿੱਖ ਧਰਮ ਵਿੱਚ ਹੱਥੀਂ ਕੰਮ ਕਰਨ ਨੂੰ ਤਰਜੀਹ ਦਿੱਤੀ ਗਈ ਹੈ। ਗੁਰੂ ਨਾਨਕ ਸਾਹਿਬ ਜੀ ਨੇ ਕਿਰਤ ਕਰਨ ਨੂੰ ਪਹਿਲਾ ਸਥਾਨ ਬਖਸ਼ਿਆ ਹੈ। ਨੇਕ ਤੇ ਸੁੱਚੀ ਕਿਰਤ ਕਰਨ ਵਾਲਾ ਕਿਸੇ ਦਾ ਮੋਹਤਾਜ ਨਹੀਂ ਹੁੰਦਾ, ਉਹ ਨਾ ਸਿਰਫ਼ ਆਪ ਇੱਜ਼ਤ ਕਮਾਉਂਦਾ ਹੈ, ਬਲਕਿ ਦਸਵੰਧ ਰਾਹੀਂ ਹੋਰਨਾਂ ਲਈ ਵੀ ਮਦਦਗਾਰ ਬਣਦਾ ਹੈ। ਨੇਕ ਕਿਰਤ ਕਰਨ ਨਾਲ ਬੰਦਾ ਅਪਣੇ ਪਰਿਵਾਰ ਵਿੱਚ ਚੰਗਾ ਸਮਝਿਆ ਜਾਂਦਾ ਹੈ, ਵੰਡ ਛਕਣ ਨਾਲ ਸਮਾਜ ਵਿੱਚ ਯਸ਼ ਪ੍ਰਾਪਤ ਕਰਦਾ ਹੈ ਤੇ ਨਾਮ ਜਪਣ ਨਾਲ ਰੱਬ ਸੱਚੇ ਦੇ ਦਰ ਤੇ ਪ੍ਰਵਾਨ ਹੁੰਦਾ ਹੈ। ਪਾਵਨ ਉਪਦੇਸ਼ ਹੈ:-

**ਘਾਲਿ ਖਾਇ ਕਿਛੁ ਹਥਹੁ ਦੇਇ॥**
**ਨਾਨਕ ਰਾਹੁ ਪਛਾਣਹਿ ਸੇਇ॥ (1245)**

ਗੁਰੂ ਨਾਨਕ ਸਾਹਿਬ ਨੇ ਜੋ ਫੁਰਮਾਇਆ, ਇਹ ਪਹਿਲਾਂ ਜੀਵਨ ਵਿੱਚ ਕਰਕੇ ਦੱਸਿਆ। ਉਹਨਾਂ ਨੇ ਹਰ ਪ੍ਰਕਾਰ ਦੀ ਕਿਰਤ ਕੀਤੀ। ਘਰੇਲੂ ਕੰਮ ਕੀਤੇ, ਮੱਝਾਂ ਚਾਰੀਆਂ, ਵਪਾਰ ਕੀਤਾ, ਨੌਕਰੀ ਕੀਤੀ ਤੇ ਜੀਵਨ ਦੇ ਆਖਰੀ ਪੜਾਅ ਤੇ ਲੰਮਾ ਸਮਾਂ ਖੇਤੀਬਾੜੀ ਕਰਕੇ ਇਹ ਸੰਦੇਸ਼ ਦਿੱਤਾ ਕਿ ਕੰਮ ਕੋਈ ਵੀ ਵੱਡਾ ਛੋਟਾ ਨਹੀਂ ਹੁੰਦਾ, ਹੱਥੀਂ ਕੀਤਾ ਹਰ ਕੰਮ ਹੀ ਸੁੱਚਾ ਤੇ ਪਵਿੱਤਰ ਹੈ। ਗੁਰੂ ਨਾਨਕ ਸਾਹਿਬ ਜੀ ਨੇ ਕਿਰਤ ਦੀ ਮਹਾਨਤਾ ਨੂੰ ਉਜਾਗਰ ਕਰਦਿਆਂ, ਮਲਿਕ ਭਾਗੋ ਦੀ ਕਮਾਈ ਨੂੰ ਹਰਾਮ ਦੀ ਕਮਾਈ ਦਸਦਿਆਂ, ਉਸ ਦਾ ਭੋਜਨ ਖਾਣ ਤੋਂ ਇਨਕਾਰ ਕੀਤਾ ਤੇ ਭਾਈ ਲਾਲੋ ਜੀ ਦੀ ਦਸਾਂ ਨਹੁੰਆਂ ਦੀ ਕਿਰਤ ਨਾਲ ਤਿਆਰ ਕੀਤੀ ਕੋਧਰੇ ਦੀ ਰੋਟੀ ਨੂੰ ਉੱਤਮ ਸਮਝਿਆ ਤੇ ਐਲਾਨ ਕੀਤਾ ਕਿ:-

**ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥**
**ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥ (15)**

ਜਦੋਂ ਮੂਲ ਮੰਤਰ ਵਿੱਚ ਹੀ ਸਾਹਿਬ ਜੀ ਅਕਾਲ ਪੁਰਖ਼ ਜੀ ਨੂੰ 'ਕਰਤਾ ਪੁਰਖੁ' ਲਿਖਦੇ ਹਨ, ਤਾਂ ਸੱਚਮੁੱਚ ਹੀ ਅਕਾਲ ਪੁਰਖ ਸਭ ਤੋਂ ਵੱਡਾ ਕਿਰਤੀ ਹੈ। ਉਹ ਕਰਤਾ ਹੈ, ਕਰ ਤਾਰ ਹੈ। ਉਹ ਕਰਤਾ ਪੁਰਖ਼ **ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ॥** ਉਹ ਬਣਾਉਂਦਾ ਤੇ ਢਾਉਂਦਾ ਰਹਿੰਦਾ ਹੈ। ਇਸ ਸੰਸਾਰ ਨੂੰ ਗੁਰੂ ਨਾਨਕ ਸਾਹਿਬ **ਨਾਨਕ ਸਚੇ ਕੀ ਸਾਚੀ ਕਾਰ** ਦਸਦੇ ਹਨ।

ਅਜੋਕਾ ਸਿੱਖ ਕਹਿਣ ਨੂੰ ਤਾਂ ਬਾਬੇ ਨਾਨਕ ਦਾ ਸਿੱਖ ਅਖਵਾਉਂਦਾ ਹੈ, ਪਰ ਉਪਾਸ਼ਕ ਉਹ ਡੇਰੇਦਾਰ ਦਾ ਹੁੰਦਾ ਹੈ ਜੋ ਆਪ ਵੀ ਡੱਕਾ ਭੰਨ ਕੇ ਦੋਹਰਾ ਨਹੀਂ ਕਰਦਾ ਤੇ ਅਪਨੇ ਨਾਲ ਵਿਹਲੜਾਂ ਦੀ ਫੌਜ ਵੀ ਲਈ ਫਿਰਦਾ ਹੈ। ਉਹਨਾਂ ਦਾ ਮੁੱਖ ਕੰਮ ਡੇਰੇ ਦੇ ਸ਼ਰਧਾਲੂਆਂ ਦਾ ਆਰਥਿਕ ਤੇ ਸਰੀਰਕ ਸ਼ੋਸ਼ਣ ਕਰਨ ਤੋਂ ਸਿਵਾ ਕੁਝ ਨਹੀਂ ਹੁੰਦਾ। ਕਿਸਾਨ ਦੀ ਫ਼ਸਲ ਹਾਲੇ ਖੇਤ 'ਚ ਹੀ ਹੁੰਦੀ ਹੈ ਕਿ ਇਹ ਘਰ ਘਰ ਬੋਰੀਆਂ ਸਿੱਟ ਜਾਂਦੇ ਹਨ, ਸ਼ਰਧਾ ਵੱਸ ਬੀਬੀਆਂ ਬੱਚਿਆਂ ਦੇ ਮੂੰਹ 'ਚੋਂ ਖੋਹ ਕੇ ਇਹਨਾਂ ਠੱਗਾਂ ਦੀਆਂ ਬੋਰੀਆਂ ਪਹਿਲੇ ਭਰਦੀਆਂ ਹਨ। ਧਰਮ ਦੇ ਨਾਮ 'ਤੇ ਵਿਹਲੜ ਡੇਰੇਦਾਰਾਂ ਦਾ ਸਤਿਕਾਰ ਕਰਨ ਤੋਂ ਰੋਕ ਕੇ, ਗੁਰੂ ਸਾਹਿਬ ਜੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦੇ ਹਨ, ਪਾਵਨ ਉਪਦੇਸ਼ ਹੈ ਕਿ:-

**ਗੁਰੁ ਪੀਰੁ ਸਦਾਏ ਮੰਗਣ ਜਾਇ॥**
**ਤਾ ਕੈ ਮੂਲਿ ਨ ਲਗੀਐ ਪਾਇ॥ (1245)**

ਬਲਕਿ ਕਿਰਤ ਕਰਦਿਆਂ ਉਸ ਕਰਤਾ ਪੁਰਖ਼ ਦੀ ਯਾਦ ਕਿਵੇਂ ਮਨ ਵਿੱਚ ਰਹਿ ਸਕਦੀ ਹੈ, ਗੁਰਬਾਣੀ ਅਗਵਾਈ ਬਖਸ਼ਦੀ ਹੈ ਕਿ:-

**ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ॥**
**ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ॥ (1375)**

ਤੇ ਜਿਹੜਾ ਬੰਦਾ ਕਿਰਤ ਕਰਦਿਆਂ ਨਾਮ ਵੀ ਸੰਭਾਲਦਾ ਹੈ, ਉਸ ਦਾ ਇਹ ਲੋਕ ਵੀ ਸਫਲਾ ਤੇ ਅਗਲਾ ਵੀ ਸੁਹੇਲਾ ਬਣ ਜਾਂਦਾ ਹੈ।

**ਈਹਾ ਖਾਟਿ ਚਲਹੁ ਹਰਿ ਲਾਹਾਆਗੈ ਬਸਨੁ ਸੁਹੇਲਾ॥ (205)**

ਤੇ ਜਿਹੜਾ ਅਧਰਮ ਦੀ ਕਿਰਤ ਕਰਦਾ ਹੈ, ਉਸ ਦੇ ਦੋਵੇਂ ਲੋਕ ਹੀ ਖ਼ਰਾਬ ਹੁੰਦੇ ਹਨ, ਨਾ ਇੱਥੇ ਢੋਈ, ਨਾ ਉੱਥੇ।

**ਜੋ ਧਰਮੁ ਕਮਾਵੈ ਤਿਸੁ ਧਰਮ ਨਾਉ ਹੋਵੈ ਪਾਪਿ ਕਮਾਣੈ ਪਾਪੀ ਜਾਣੀਐ॥ (138)**

ਇਸੇ ਕਰਕੇ ਬਾਬਾ ਫ਼ਰੀਦ ਜੀ ਪ੍ਰੇਰਨਾ ਕਰਦੇ ਹਨ ਕਿ :-

**ਫਰੀਦਾ ਜਿੰਨ੍ਹੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ ॥**
**ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ॥ (1381)**


ਚੰਗੇ ਵਿਹਾਰ ਸਦਕਾ ਹੀ ਬੰਦਾ ਸੁਚੱਜੇ ਤੌਰ ਤੇ ਰਹਿਣ ਦੇ ਕਾਬਿਲ ਬਣਦਾ ਹੈ। ਗੁਰਮੁਖਾਂ ਦੀ ਸੰਗਤ ਨਾਲ ਸਾਡੇ ਸੁਭਾਅ 'ਚੋਂ ਗੁੱਸਾ ਤੇ ਹੰਕਾਰ ਖ਼ਤਮ ਹੁੰਦਾ ਹੈ ਅਤੇ ਅਸੀਂ ਨਿਮਰਤਾ ਦੇ ਧਾਰਨੀ ਬਣਦੇ ਹਾਂ। ਹੱਥੀਂ ਕਿਰਤ ਕਰਕੇ ਮਿਹਨਤ ਕਰਨੀ ਸਿੱਖਦੇ ਹਾਂ, ਵਿਹਲਪੁਣੇ ਤੋਂ ਛੁਟਕਾਰਾ ਮਿਲਦਾ ਹੈ। ਸਮਾਜ ਵਿੱਚ ਇੱਜਤ ਤੇ ਮਾਣ ਪ੍ਰਾਪਤ ਹੁੰਦਾ ਹੈ। ਇੱਕ ਵਾਰ ਅਪਨੇ 'ਚ ਤਬਦੀਲੀ ਕਰਕੇ ਦੇਖੀਏ, ਸਾਡੀ ਜ਼ਿੰਦਗੀ ਕਿੰਨੀ ਸੁਖਦ ਤੇ ਅਨੰਦਮਈ ਬਣ ਜਾਏਗੀ। ਜਦੋਂ ਮਾੜੇ ਕੰਮ ਛੱਡ ਕੇ ਚੰਗੇ ਕੰਮ ਕਰਾਂਗੇ ਤਾਂ ਸੱਚੇ ਸਾਹਿਬ ਦੇ ਦਰ ਤੇ ਵੀ ਪ੍ਰਵਾਨ ਹੋਵਾਂਗੇ। ਫਿਰ ਇਹਨਾਂ ਬਚਨਾਂ ਨੂੰ ਕਮਾਉਣ ਦੇ ਯੋਗ ਹੋ ਸਕਾਂਗੇ ਕਿ:-

**ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ ॥**
**ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ ॥ (522)**

-0-

## ਜੇਕਰ ਮੈਗਜ਼ੀਨ ਨਾ ਮਿਲੇ ਤਾਂ ...

ਸਾਰੇ ਪ੍ਰਚਾਰਕ ਵੀਰਾਂ ਨੂੰ ਬੇਨਤੀ ਹੈ ਕਿ 'ਗੁਰਮਤਿ ਵਿਰਸਾ' ਦੀ ਬੁਕਿੰਗ ਕਰਦਿਆਂ ਰਿਕਾਰਡ ਆਪਣੇ ਕੋਲ ਜ਼ਰੂਰ ਰੱਖੋ। 'ਗੁਰਮਤਿ ਵਿਰਸਾ' ਨਾ ਮਿਲਣ ਦੀ ਸੂਰਤ ਵਿਚ ਇਸ ਨੰਬਰ 79733-70542 'ਤੇ ਵੱਟਸਅਪ ਮੈਸਜ਼ ਕਰ ਸਕਦੇ ਹੋ ਇਸ ਤੋਂ ਇਲਾਵਾ ਚਿੱਟ ਨੰਬਰ ਜਾਂ ਰਸੀਦ ਨੰਬਰ ਦਾ ਵੇਰਵਾ ਦੱਸੋ ਤਾਂ ਜੋ ਮੈਗਜ਼ੀਨ ਦੁਬਾਰਾ ਭੇਜਿਆ ਜਾ ਸਕੇ। ਬੁਕਿੰਗ ਸਮੇਂ ਟੈਲੀਫੋਨ ਨੰਬਰ ਸਾਫ ਸੁਥਰੇ, ਮੋਟੇ ਅੱਖਰਾਂ ਵਿਚ ਪਤਾ ਲਿਖੋ ਜੀ।



ਵੱਲੋਂ : ਅਦਾਰਾ 'ਗੁਰਮਤਿ ਵਿਰਸਾ'

# ਸਦੀਆਂ ਤੋਂ, ਦੇਸ਼ ਦੇਸ਼ਾਂਤਰਾਂ ਵਿਚ, ਬਹਾਦਰੀ ਦੀਆਂ ਅਮਿਟ ਪੈੜਾਂ ਪਾਉਂਦੀ ਆ ਰਹੀ ਸਿੱਖ ਰੈਜਮੈਂਟ ਸੰਕਟ ਵਿਚ

**ਡਾ.ਕੁਲਵੰਤ ਕੌਰ 98156-20515**

**ਅਜੋਕੀ ਭਾਰਤੀ ਸੈਨਾ ਦਾ ਮਾਣ, ਤਾਣ ਅਤੇ ਸ਼ਾਨ :** ਜੋਸ਼, ਜਵਾਨੀ, ਜਜ਼ਬੇ, ਜਿਗਰੇ ਅਤੇ ਜਿੱਤ ਦਾ ਦੂਜਾ ਨਾਂ, ਦੁਨੀਆਂ ਭਰ ਵਿਚ ਲਾਸਾਨੀ ਕੁਰਬਾਨੀ, ਮਾਅਰਕੇ ਦੇ ਜਨੂੰਨ ਅਤੇ ਅਦੁੱਤੀ ਭਾਵਨਾ ਦੀ ਪ੍ਰਤੀਕ ਸਿੱਖ ਰੈਜਮੈਂਟ, ਸਦੀਆਂ ਦੇ ਸਫ਼ਰ ਦੇ ਬਾਵਜੂਦ ਅੱਜ ਵੀ ਉਸੇ ਸਿਰਲੱਥਤਾ, ਕੁਰਬਾਨੀ ਅਤੇ ਚੜ੍ਹਦੀ ਕਲਾ ਦੀ ਪ੍ਰਤੀਕ ਹੈ, ਜਿਹੜੀ ਇਸਦੇ ਮੋਢੀਆਂ ਨੇ ਸੈਂਕੜੇ ਵਰ੍ਹੇ ਪਹਿਲਾਂ ਇਸ ਵਿੱਚ ਭਰਨ ਦਾ ਯਤਨ ਕੀਤਾ ਸੀ। ਬਿਨ੍ਹਾਂ ਸ਼ੱਕ, ਸਿੱਖ ਰੈਜਮੈਂਟ ਖ਼ਾਲਸਾ ਰਾਜ ਦੇ ਪਤਨ ਉਪਰੰਤ, ਪਹਿਲੀ ਅਗਸਤ 1846 ਵਿੱਚ ਹੋਂਦ ਵਿੱਚ ਆਈ ਸੀ, ਜਦੋਂ ਮਹਾਰਾਜਾ ਰਣਜੀਤ ਸਿੰਘ ਦੇ ਗੱਦਾਰ ਸਾਥੀਆਂ ਤੇ ਸਿਪਾਹ ਸਲਾਰਾਂ ਨੇ ਫ਼ਰੇਬ ਕਰਦਿਆਂ, ਦੁਸ਼ਮਣ (ਅੰਗਰੇਜ਼ਾਂ) ਨਾਲ ਗੱਠ-ਤੁੱਪ ਕਰਕੇ, ਚਾਲੀ ਸਾਲਾਂ ਦੀ ਜ਼ਬਰਦਸਤ ਯੋਜਨਾਬੰਦੀ, ਸਖ਼ਤ ਮਿਹਨਤ ਅਤੇ ਦ੍ਰਿੜ੍ਹ ਇਰਾਦੇ ਨਾਲ ਕਮਾਏ ਸਿੱਖ ਰਾਜ ਨੂੰ ਖੇਰੂੰ ਖੇਰੂੰ ਕਰ ਦੇਣ ਦਾ ਟਿੱਲ ਲਾਇਆ ਸੀ। ਗੁਰੂ ਪਾਤਿਸ਼ਾਹੀਆਂ ਵੱਲੋਂ ਮਿਲੀ ਸੇਧ, ਅਗਵਾਈ ਅਤੇ ਸਿਦਕ ਨੇ ਬਾਬਾ ਬੰਦਾ ਸਿੰਘ ਬਹਾਦਰ ਤੋਂ ਲੈ ਕੇ ਜਿਹੜੀ ਦਲੇਰੀ, ਨਿਡਰਤਾ ਅਤੇ ਬਹਾਦਰੀ ਮਿਸਲ ਕਾਲ ਅਤੇ ਖਾਲਸਾ ਰਾਜ ਤੱਕ ਪੈਦਾ ਕੀਤੀ ਉਸੇ ਵਿਚੋਂ ਜਨਮੀ ਸੀ ਅਜੋਕੀ ਸਿੱਖ ਰੈਜਮੈਂਟ। ਇੰਝ, ਖਾਲਸਾ ਫ਼ੌਜ ਹੀ ਬ੍ਰਿਟਿਸ਼ ਇੰਡੀਅਨ ਆਰਮੀ ਵਿੱਚ ਤਬਦੀਲ ਹੋ ਕੇ ਸਿੱਖ ਰੈਜਮੈਂਟ ਅਖਵਾਈ। ਸਮਕਾਲੀ ਕਵੀ ਸ਼ਾਹ ਮੁਹੰਮਦ ਵਲੋਂ ਉਦੋਂ ਪ੍ਰਗਟਾਈ ਵੇਦਨਾ ਦਾ ਖ਼ੁਲਾਸਾ ਕਿੰਨੇ ਅਫਸੋਸ ਨਾਕ ਢੰਗ ਨਾਲ ਸਾਹਮਣੇ ਆਇਆ ਸੀ-

**ਜੰਗ ਹਿੰਦ ਪੰਜਾਬ ਦਾ ਹੋਣ ਲੱਗਾ,**
**ਦੋਵੇਂ ਪਾਤਿਸ਼ਾਹੀ ਫੌਜਾਂ ਭਾਰੀਆਂ ਨੇ।**
**ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ,**
**ਜਿਹੜੀਆਂ ਖ਼ਾਲਸੇ ਨੇ ਤੇਗਾਂ ਮਾਰੀਆਂ ਨੇ।**

ਸਪੱਸ਼ਟ ਹੈ ਕਿ ਈਸਟ ਇੰਡੀਆ ਕੰਪਨੀ ਵਜੋਂ, ਭਾਰਤ ਨਾਲ ਵਪਾਰ ਕਰਨ (1600 ਈਸਵੀ ਵਿੱਚ) ਆਈ ਕੰਪਨੀ, ਅੱਗ ਲੈਣ ਆਈ ਘਰ ਵਾਲੀ ਬਣ ਬੈਠੀ ਵਾਂਗ ਹੌਲੀ ਹੌਲੀ ਇਸ ਦੇਸ਼ ਦੀ ਮਾਲਕ ਹੀ ਬਣ ਬੈਠੀ। ਮਹਾਰਾਣੀ ਅਲਿਜਬੈਥ ਵੱਲੋਂ ਘੱਲੀ ਇਸ ਕੰਪਨੀ ਨੇ 1613 ਵਿੱਚ ਸੂਰਤ (ਗੁਜਰਾਤ) ਵਿਖੇ ਪਹਿਲਾ ਕਾਰਖਾਨਾ ਲਾਇਆ ਸੀ ਅਤੇ ਹੌਲੀ ਹੌਲੀ ਇਸ ਦੀਆਂ ਜੜ੍ਹਾਂ ਸਾਰੇ ਹੀ ਮੁਲਕ ਵਿੱਚ ਫੈਲਦੀਆਂ ਚਲੇ ਗਈਆਂ। ਵਿਚਾਰ ਯੋਗ ਹੈ ਕਿ ਪੰਜਾਬ 'ਤੇ ਕਾਬਜ਼ ਹੋਣ ਲਈ, ਇਸ ਨੂੰ ਕਿੰਨੀਆਂ ਸਦੀਆਂ ਦੀ ਉਡੀਕ ਕਰਨੀ ਪਈ ਸੀ, ਕਿਉਂਕਿ ਮਹਾਰਾਜਾ ਰਣਜੀਤ ਸਿੰਘ ਦੇ ਖ਼ਾਲਸਾ ਰਾਜ ਸਮੇਂ ਵੀ ਸਤਲੁਜ ਦੇ ਇਧਰਲੇ ਪਾਸੇ ਤੱਕ ਇਹ ਝਾਕ ਨਹੀਂ ਸਨ ਸਕੇ। ਫਿਰ ਜਦੋਂ 1846 ਨੂੰ ਈਸਟ ਇੰਡੀਆ ਕੰਪਨੀ ਨੇ ਸਿੱਖ ਰੈਜਮੈਂਟ ਦੀ ਸਥਾਪਨਾ ਕੀਤੀ ਤਾਂ ਨਿਸ਼ਚੇ ਹੀ ਖਾਲਸਾ, ਫ਼ੌਜ ਨੂੰ ਇਹ ਨਵਾਂ ਨਾਂ ਦਿੱਤਾ ਗਿਆ ਸੀ-ਭੈਅ ਭਾਵਨੀ ਵਾਲੇ, ਜੋਸ਼ੀਲੇ, ਰੋਹਬੀਲੇ, ਸੋਹਣੇ, ਤਕੜੇ ਅਤੇ ਮਰ ਮਿੱਟਣ ਵਾਲੇ ਸਰਦਾਰ ਨੇ ਜੋ **ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥ (1102)** ਦੇ ਵਿਸ਼ਵਾਸੀ ਸਨ। **ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ॥ (579)** 'ਤੇ ਨਿਭਣ ਵਾਲੇ ਵੀ ਜਿਨ੍ਹਾਂ ਨੂੰ ਸ. ਹਰੀ ਸਿੰਘ ਨਲੂਆ, ਅਕਾਲੀ ਫੂਲਾ ਸਿੰਘ ਤੇ ਸ. ਸ਼ਾਮ ਸਿੰਘ ਅਟਾਰੀ ਵਾਲੇ ਵਰਗੇ ਨਿਰਭੈ ਯੋਧਿਆਂ ਦਾ ਥਾਪੜਾ ਤੇ ਅਗਵਾਈ ਮਿਲੀ ਹੋਵੇ, ਉਹ ਧੂੜਾਂ ਪੁੱਟਦੇ ਅਗਾਂਹ ਵਧਦੇ ਰਹੇ। ਜ਼ਿਕਰਯੋਗ ਹੈ ਕਿ ਸਿੱਖ ਰੈਜੀਮੈਂਟ ਦੀ ਚੌਥੀ ਬਟਾਲੀਅਨ ਨੂੰ 'Bravest of the Brave' ਦਾ ਖ਼ਿਤਾਬ ਹਾਸਿਲ ਹੈ। ਅਜਿਹਾ ਇਸ ਕਰਕੇ ਸੰਭਵ ਹੋ ਸਕਿਆ ਕਿ ਇਨ੍ਹਾਂ ਸਭ ਯੋਧਿਆਂ ਦੀ ਪ੍ਰੇਰਣਾ ਸਾਹਿਬੇ ਕਮਾਲ ਸਨ, ਜਿਨ੍ਹਾਂ ਨੇ ਆਪਣਾ ਸਭੋ ਕੁਝ ਨਿਛਾਵਰ ਕਰਕੇ 'ਮਿਤ੍ਰ ਪਿਆਰੇ ਨੂੰ ਹਾਲੁ ਮੁਰੀਦਾਂ ਦਾ ਕਹਿਣਾ' ਉਚਾਰਿਆ ਅਤੇ ਸਮੁੱਚੇ ਸੰਸਾਰ ਵਿੱਚ ਖ਼ਾਲਸਾ ਪੰਥ ਦਾ ਇਕ ਨਵਾਂ ਅਧਿਆਇ ਸਿਰਜ ਕੇ ਸਭ ਨੂੰ ਚਕਾਚੌਂਧ ਕਰ ਦਿੱਤਾ:-

**ਖਾਲਸਾ ਮੇਰੋ ਰੂਪ ਹੈ ਖਾਸ, ਖਾਲਸੇ ਮਹਿ ਹਉ ਕਰੋਂ ਨਿਵਾਸ।**

ਸੁਪ੍ਰਸਿੱਧ ਤ੍ਰੈਭਾਸ਼ੀ ਕਵੀ ਸ. ਅੰਮ੍ਰਿਤਪਾਲ ਸਿੰਘ ਸ਼ੈਦਾ ਨੇ ਰੈਜੀਮੈਂਟ ਨੂੰ ਇਨ੍ਹਾਂ ਸਤਰਾਂ ਰਾਹੀਂ ਆਪਣੀ ਅਕੀਦਤ ਪੇਸ਼ ਕੀਤੀ ਹੈ :-

**ਮਰ ਚੁੱਕਾ ਸੀ ਭਾਰਤ ਸਦੀਆਂ ਤੋਂ, ਸਾਹ ਮੁੜ ਕੇ ਪਾਇਆ ਅੰਮ੍ਰਿਤ ਨੇ।**
**ਅਸੀਂ ਮੋਏ ਸਾਂ, ਅਸੀਂ ਮੁਕੇ ਸਾਂ, ਸਾਨੂੰ ਅਮਰ ਬਣਾਇਆ ਅੰਮ੍ਰਿਤ ਨੇ।**
**ਅਸੀਂ ਗਿੱਦੜਾਂ ਵਾਂਗੂੰ ਜਿਉਂਦੇ ਸਾਂ, ਸਾਨੂੰ ਸ਼ੇਰ ਬਣਾਇਆ ਅੰਮ੍ਰਿਤ ਨੇ।**

ਇਤਿਹਾਸਕ ਸਰੋਤਾਂ ਤੋਂ ਅਜਿਹੇ ਕੁਝ ਚਿੱਤਰ ਵੀ ਮਿਲਦੇ ਹਨ, ਜਿਥੋਂ ਸਿੱਖ ਰੈਜਮੈਂਟ ਦੇ 1860 ਵਿੱਚ ਚੀਨ ਵਿਖੇ The Second opium war ਵਿੱਚ ਜੂਝਣ ਦਾ ਜ਼ਿਕਰ ਹੈ। ਸਾਰਾਗੜ੍ਹੀ ਦਾ ਯੁੱਧ ਅਤੇ ਪਹਿਲੇ ਤੇ ਦੂਜੇ ਵਿਸ਼ਵ ਯੁੱਧ ਵਿੱਚ ਇਸ ਲਾਸਾਨੀ ਰੈਜਮੈਂਟ ਦੀ ਸੂਰਬੀਰਤਾ, ਜਾਂਬਾਜ਼ੀ ਅਤੇ ਅਡੋਲਤਾ ਦੇ ਸਾਕੇ ਪੂਰੀ ਦੁਨੀਆਂ ਵਿੱਚ ਸੁਣਾਈ ਦਿੱਤੇ। ਯੋਰਪ ਦੇ ਅਨੇਕ ਦੇਸ਼ਾਂ ਅਤੇ ਸ਼ਹਿਰਾਂ ਵਿੱਚ ਮਿਲਦੀਆਂ ਲਾਮਿਸਾਲ ਯਾਦਗਾਰਾਂ ਅੱਜ ਵੀ ਸਿੱਖ ਫ਼ੌਜੀਆਂ ਦੀ ਹੈਰਤ ਅੰਗਰੇਜ਼ ਬਹਾਦਰੀ ਸਾਂਭੀ ਬੈਠੀਆਂ ਹਨ। ਇਸਦੀਆਂ ਪ੍ਰਾਪਤੀਆਂ ਵਾਕਈ ਲਾਮਿਸਾਲ ਹਨ।

ਜਿਵੇਂ ਕਿ ਪਹਿਲਾਂ ਵੀ ਜ਼ਿਕਰ ਹੋ ਚੁੱਕਾ ਹੈ ਕਿ ਅਜੋਕੀ ਸਿੱਖ ਰੈਜਮੈਂਟ ਦਾ ਸਿੱਧਾ ਸਬੰਧ ਬ੍ਰਿਟਿਸ਼ ਇੰਡੀਅਨ ਆਰਮੀ ਦੀ 11ਵੀਂ ਸਿੱਖ ਰੈਜਮੈਂਟ ਨਾਲ ਜੁੜਦਾ ਹੈ, ਜਿਸਨੂੰ ਜਦੋਂ ਇੰਡੀਅਨ ਆਰਮੀ ਵਿੱਚ ਬਦਲਿਆ ਗਿਆ ਸੀ ਤਾਂ ਸ਼ੁਰੂ ਵਿਚ ਦੋ ਤੋਂ 20 ਬਟਾਲੀਅਨਾਂ ਬਣਾਈਆਂ ਗਈਆਂ। ਪਹਿਲੀ ਬਟਾਲੀਅਨ ਫਿਰੋਜ਼ਪੁਰ ਵਿਖੇ ਹੋਂਦ ਵਿਚ ਆਈ ਦੱਸੀ ਜਾਂਦੀ ਹੈ। ਅਗਸਤ 2021 ਵਿਚ ਸਿੱਖ ਰੈਜੀਮੈਂਟ ਦੇ 175 ਸਾਲਾ ਜਸ਼ਨ ਮਨਾਏ ਗਏ ਸਨ। ਭਾਰਤੀ ਫੌਜ ਵਿਚ ਸਭ ਤੋਂ ਵੱਧ ਇਨਾਮ, ਸਨਮਾਨ ਤੇ ਪ੍ਰਤਿਸ਼ਠਾ ਪ੍ਰਾਪਤ ਕਰਨ ਵਾਲੀ ਇਸ ਰੈਜਮੈਂਟ ਨੂੰ ਪਦਮ ਵਿਭੂਸ਼ਨ, ਪਦਮ ਭੂਸ਼ਣ, ਇੰਡੀਅਨ ਆਰਡਰ ਆਫ ਮੈਰਿਟ, ਵਿਕਟੋਰੀਆ ਕਰਾਸ, ਪਰਮਵੀਰ ਚੱਕਰ, ਅਸ਼ੋਕ ਚੱਕਰ, ਮਹਾਂਵੀਰ ਚੱਕਰ, ਕੀਰਤੀ ਚੱਕਰ ਅਤੇ ਵੀਰ ਚੱਕਰ ਆਦਿ ਸਮੇਤ 1650 ਤੋਂ ਵੱਧ ਬਹਾਦਰੀ ਪੁਰਸਕਾਰ ਹਾਸਿਲ ਹਨ। ਐਡੀ ਸ਼ਾਨਾਮੱਤੀ, ਮਹੱਤਵਪੂਰਨ ਅਤੇ ਮਾਣਯੋਗ ਵਿਰਾਸਤ ਸਮੋਈ ਬੈਠੀ ਸਿੱਖ ਰੈਜੀਮੈਂਟ ਅਜੋਕੀ ਦਸ਼ਾ ਵਿਚ ਕਿਉਂ ਤੇ ਕਿਵੇਂ ਪਹੁੰਚੀ ਕਿ ਭਰਤੀ ਵਾਸਤੇ ਇਸ ਨੂੰ ਖ਼ੁਦ ਗੁਹਾਰ ਲਾਉਣੀ ਪੈ ਰਹੀ ਹੈ, ਇਹ ਇਕ ਸੰਜੀਦਾ ਮਸਲਾ ਹੈ। ਪੀੜ੍ਹੀ ਦਰ ਪੀੜ੍ਹੀ (ਪੰਜ-ਪੰਜ ਪੀੜ੍ਹੀਆਂ ਤੱਕ ਪੜਦਾਦੇ ਤੇ ਪੋਤੇ) ਜਿਸ ਫ਼ੌਜ ਦੀ ਸ਼ਾਨ ਬਣ ਕੇ ਦੇਸ਼ ਵਿਦੇਸ਼ ਵਿਚ ਨਿੱਤ ਨਵੇਂ ਕੀਰਤੀਮਾਨ ਸਥਾਪਿਤ ਕਰਦੇ ਰਹੇ ਹੋਣ, ਓਸ ਵਲੋਂ ਮੂੰਹ ਮੋੜਣ ਦੇ ਕੁਝ ਤਾਂ ਪ੍ਰਤੱਖ ਤੇ ਪਰੋਖ ਕਾਰਨ ਹਨ ਹੀ ਜਿਨ੍ਹਾਂ ਵੱਲ ਮੁਤੱਸਬੀ ਸਰਕਾਰਾਂ ਦਾ ਕਦੇ ਧਿਆਨ ਨਹੀਂ ਗਿਆ।

'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਅਤੇ 'ਨਿਸਚੈ ਕਰ ਆਪਣੀ ਜੀਤ ਕਰਹੂੰ' ਦੇ ਅਨੁਯਾਈਆਂ ਪ੍ਰਤੀ ਬਦਲੀ ਸੋਚ, ਕੀਤੇ ਜਾ ਰਹੇ ਵਿਤਕਰੇ, ਅਣਗੌਲੀ ਜਾ ਰਹੀ ਕਿਸਾਨੀ, ਮਧੋਲੇ ਜਾ ਰਹੇ ਹੱਕ ਅਤੇ ਪੰਜਾਬ (ਸਿੱਖ ਰੈਜਮੈਂਟ ਦਾ ਸਦੀਵੀ ਸ੍ਰੋਤ) ਪ੍ਰਤੀ ਫ਼ਿਰਕੇਦਾਰਾਨਾ ਰਵੱਈਆ, ਸਾਡੀ ਨੌਜਵਾਨੀ ਨੂੰ ਕਿਤੇ ਵੱਧ ਟੁੰਬਦਾ ਅਤੇ ਚੁੱਭਦਾ ਹੈ। ਲਿਹਾਜਾ, ਨੌਜਵਾਨਾਂ ਦਾ ਮੂੰਹ ਮੁੜ ਗਿਆ ਹੈ, ਜਦੋਂ ਤੋਂ ਸਰਕਾਰ ਨੇ 'ਅਗਨੀਵੀਰ' ਸਕੀਮ ਸ਼ੁਰੂ ਕੀਤੀ ਹੈ-ਚਾਰ ਸਾਲ ਦੀ ਨੌਕਰੀ ਉਪਰੰਤ ਸੇਵਾ-ਮੁਕਤੀ ਤੇ ਮੁੜ ਨੌਕਰੀ ਪ੍ਰਾਪਤੀ ਦੇ ਚਾਂਸ ਬਿਲਕੁਲ ਘੱਟ। ਪੈਨਸ਼ਨ ਦੀ ਅਣਹੋਂਦ ਹੋਰ, ਫੌਜੀ ਸੁੱਖ ਸਹੂਲਤਾਂ ਦੀ ਘਾਟ ਤੇ ਮਰਨ ਪਿੱਛੋਂ ਵੀ ਕੋਈ ਮਾਣ ਸਨਮਾਨ ਨਾ ਮਿਲਣਾ ਆਦਿ ਨੇ ਬਹੁਤ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਪੰਜਾਬੀਆਂ ਨੂੰ (ਸਿੱਖਾਂ ਨੂੰ)। ਇਹ ਅਗਨੀਵੀਰ ਸਕੀਮ ਜੋ ਕਿ ਭਾਰਤ ਸਰਕਾਰ ਵੱਲੋਂ 2022 ਵਿੱਚ ਸ਼ੁਰੂ ਕੀਤੀ ਗਈ ਸੀ, ਆਰੰਭ ਤੋਂ ਹੁਣ ਤੱਕ ਸਦਾ ਵਾਦ ਵਿਵਾਦੀ ਰਹੀ ਹੈ। ਇੱਥੋਂ ਤੱਕ ਕਿ ਪੰਜ ਪੀੜ੍ਹੀਆਂ ਤੋਂ ਫੌਜ ਵਿਚ ਸੇਵਾਵਾਂ ਨਿਭਾ ਚੁੱਕੇ ਬਿਰਗੇਡੀਅਰ ਹਰਵੰਤ ਸਿੰਘ ਵੀ ਇਸ ਨੂੰ 'ਠੇਕੇ ਦੀ ਬੰਧੂਆ ਮਜ਼ਦੂਰੀ' (ਛੋਨਟਰਓਚਟੁਓਲ ਬੋਨਦਦਦ ਲਓਬੋਰ) ਗਰਦਾਨਦੇ ਹਨ। ਇਹ 'ਅਗਨੀਪਥ ਗਰੀਬ ਦੀ ਮਜਬੂਰੀ ਹੈ ਅਤੇ ਖੱਜਲ ਖ਼ਰਾਬੀ ਵੀ। ਬੇਰੁਜ਼ਗਾਰ ਤੇ ਬਾਹਰ ਨਾ ਜਾ ਸਕਣ ਵਾਲੇ ਲੋਕ ਹੀ ਅਗਨੀਵੀਰ ਬਣ ਰਹੇ ਹਨ'। ਸਰਕਾਰ ਨੇ 50 ਫੀਸਦੀ ਕੋਟਾ ਰਾਖਵਾਂ ਕਰਨ ਦਾ ਵਾਅਦਾ ਕੀਤਾ ਸੀ, ਬਾਰਡਰ ਸਕਿਓਰਿਟੀ ਸੈਨਾ ਲਈ ਪਰ ਗਾਰੰਟੀ ਕੋਈ ਨਹੀਂ ਦਿੱਤੀ। ਉਨ੍ਹਾਂ ਇਹ ਵੀ ਕਿਹਾ ਕਿ ਸਾਬਕਾ ਫ਼ੌਜੀਆਂ ਲਈ ਸੂਬਾਈ ਸਰਕਾਰੀ ਨੌਕਰੀਆਂ ਵਿਚ 13 ਫੀਸਦੀ ਰਾਖਵਾਂਕਰਨ ਹੋਣ ਦੇ ਬਾਵਜੂਦ 3 ਫੀਸਦੀ ਨੂੰ ਨੌਕਰੀ ਮਿਲਦੀ ਹੈ, ਬਾਕੀ ਸਭ ਗੋਲ ਮਾਲ ਹੋ ਜਾਂਦਾ ਹੈ। ਅਜਿਹੇ ਮੰਦਭਾਗੇ ਤੱਥਾਂ ਕਾਰਨ, ਕੌਣ ਅਗਨੀਵੀਰ ਵਜੋਂ ਭਰਤੀ ਹੋ ਕੇ, ਆਪਣਾ ਕਰੀਅਰ ਦਾਅ 'ਤੇ ਲਾਉਣਾ ਚਾਹੇਗਾ। ਬਿਰਗੇਡੀਅਰ ਹਰਵੰਤ ਸਿੰਘ ਹੁਰਾਂ ਨੇ ਪੂਰੀ ਦੀ ਪੂਰੀ ਅਗਨੀਪੱਥ ਸਕੀਮ ਨੂੰ ਖ਼ਤਮ ਕਰਨ ਜਾਂ ਘੱਟੋ-ਘੱਟ ਬਦਲਾਓ ਕਰਨ 'ਤੇ ਜ਼ੋਰ ਦਿੱਤਾ ਹੈ। ਇਹੋ ਵਿਚਾਰ ਬਿਰਗੇਡੀਅਰ ਕੁਲਦੀਪ ਸਿੰਘ ਜੀ ਕਾਹਲੋਂ ਦੇ ਹਨ (ਜੋ ਮਾਪਿਆਂ ਦੀ ਇੱਛਾ ਦੇ ਵਿਰੁੱਧ ਜਾ ਕੇ ਫ਼ੌਜ 'ਚ ਭਰਤੀ ਹੋ ਕੇ ਸਿਖ਼ਰਲੇ ਰੈਂਕ ਤੱਕ ਪਹੁੰਚੇ ਸਨ) ਉਨ੍ਹਾਂ ਨੇ ਵੀ ਫੌਜ ਵਿੱਚ ਸਿੱਖਾਂ ਦੀ ਨਿਰੰਤਰ ਘੱਟ ਰਹੀ ਗਿਣਤੀ ਲਈ ਮੁੱਢਲੇ ਤੌਰ ਤੇ ਅਗਨੀਪਥ ਸਕੀਮ ਨੂੰ ਹੀ ਜ਼ਿੰਮੇਵਾਰ ਠਹਿਰਾਇਆ ਹੈ, ਭਾਵੇਂ ਪ੍ਰਵਾਸ ਅਤੇ ਨਸ਼ੇ ਵੀ ਇਸ ਘਾਟ ਲਈ ਕਾਫੀ ਹੱਦ ਤੱਕ ਜ਼ਿੰਮੇਵਾਰ ਹਨ। ਕਾਹਲੋਂ ਸਾਹਿਬ ਅਨੁਸਾਰ, ਬਹੁਤ ਸਾਰੇ ਸਿੱਖ ਬੱਚੇ, ਵਿਦੇਸ਼ਾਂ ਦੀਆਂ ਨਿਗੁਣੀਆਂ ਨੌਕਰੀਆਂ ਕਰਨ ਲਈ ਉਡਾਰੀਆਂ ਮਾਰ ਗਏ ਹਨ, ਕਿਉਂਕਿ ਅਗਨੀਪੱਥ ਸਕੀਮ ਦੀਆਂ ਸੇਵਾ, ਸ਼ਰਤਾਂ ਅਤੇ ਮੁੜ ਮਿਲਣ ਵਾਲੀਆਂ ਸਹੂਲਤਾਂ (ਤੇ ਕਮੀਆਂ) ਨੇ ਉਨ੍ਹਾਂ ਨੂੰ ਬੇਹੱਦ ਨਿਰਾਸ਼ ਕੀਤਾ ਹੈ।


ਇੱਥੇ ਇਕ ਹੋਰ ਜ਼ਿਕਰ ਕਰਨਾ ਵੀ ਬੇਹੱਦ ਜ਼ਰੂਰੀ ਭਾਸਦਾ ਹੈ। ਉਹ ਹੈ ਲੁਧਿਆਣਾ ਜ਼ਿਲ੍ਹੇ ਦੇ ਨਾਥੂਵਾਲ ਪਿੰਡ ਦਾ ਜਿੱਥੇ ਦੇ ਸੋਲਾਂ ਫ਼ੌਜੀ ਜਵਾਨ ਸ਼ਹੀਦੀ ਜਾਮ ਪੀ ਚੁੱਕੇ ਹਨ। 'ਫੌਜੀਆਂ ਦਾ ਪਿੰਡ' ਜਿਵੇਂ ਕਿ ਇਲਾਕੇ ਵਿੱਚ, ਇਸੇ ਨਾਂ ਨਾਲ ਇਸ ਦੀ ਪਹਿਚਾਣ ਬਣ ਚੁੱਕੀ ਹੈ, ਇਕ ਖਾਂਦਾ ਪੀਂਦਾ, ਘੁੱਗ ਵਸਦਾ ਪਿੰਡ ਰਿਹਾ ਹੈ ਜਿੱਥੋਂ ਦੀ ਚੌਦਾਂ ਕੁ ਸੌ ਆਬਾਦੀ ਵਿੱਚ ਅੱਧੇ ਨੌਜਵਾਨ ਫ਼ੌਜ ਵਿੱਚ ਭਰਤੀ ਹੋ ਕੇ ਨਾਮਣਾ ਖੱਟਦੇ ਰਹੇ ਹਨ। ਸ਼ਹੀਦਾਂ ਦੀ ਯਾਦ ਵਿੱਚ ਇੱਥੇ ਇਕ 'ਵਾਰ ਮੈਮੋਰੀਅਲ' ਵੀ ਬਣਾਇਆ ਗਿਆ ਹੈ। ਕਾਰਗਿਲ ਯੁੱਧ ਵਿਚ ਇਸ ਪਿੰਡ ਤੋਂ ਚਾਲੀ ਜਵਾਨਾਂ ਨੇ ਮਾਅਰਕੇ ਦੀ ਬਹਾਦਰੀ ਦਿਖਾਈ ਸੀ ਤੇ ਦੋ ਨੇ ਸ਼ਹੀਦੀ ਵੀ ਪ੍ਰਾਪਤ ਕੀਤੀ ਸੀ ਪਰੰਤੂ ਅੱਜ ਇੱਥੋਂ ਦੇ ਸਾਬਕਾ ਫ਼ੌਜੀ ਪਿਤਾ ਵੀ ਆਪਣੇ ਪੁੱਤਰਾਂ ਨੂੰ ਫੌਜ ਵਿਚ ਭੇਜਣੋਂ ਇਨਕਾਰੀ ਹਨ ਜਿਸਦਾ ਪ੍ਰਮੁੱਖ ਕਾਰਨ ਅਗਨੀਵੀਰਾਂ ਵਾਲੀਆਂ ਸ਼ਰਤਾਂ ਤੇ ਪਾਬੰਦੀਆਂ ਹਨ। ਇਸ ਦੀ ਬਜਾਇ ਖੁੱਲੀ ਕਮਾਈ ਦੀ ਝਾਕ ਵਿੱਚ ਆਸਟਰੇਲੀਆ, ਕੈਨੇਡਾ ਤੇ ਹੋਰ ਮੁਲਕਾਂ ਵਿੱਚ ਆਪਣੀ ਔਲਾਦ ਨੂੰ ਸੈਟ ਕਰਨਾ, ਫ਼ੌਜੀਆਂ ਦੇ ਇਸ ਪਿੰਡ ਵਾਸੀਆਂ ਦਾ ਵੀ ਨਵਾਂ ਨਿਸ਼ਾਨਾ ਬਣ ਚੁੱਕਿਆ ਹੈ। ਅਜੋਕੀਆਂ ਬਦਲਦੀਆਂ ਪਰਸਥਿਤੀਆਂ ਵਿੱਚ, ਸਿੱਖ ਯੁਵਕਾਂ ਪ੍ਰਤਿ ਸਰਕਾਰੇ ਦਰਬਾਰੇ ਪਨਪੇ ਭਰਮ ਭੁਲੇਖੇ, ਸਰਹੱਦਾਂ 'ਤੇ ਨਿੱਤ ਦਿਹਾੜੇ ਹੁੰਦੀਆਂ ਮੁੱਠ ਭੇੜਾਂ ਤੇ ਖਾਹ-ਮਖਾਹ ਸ਼ਹੀਦੀਆਂ, ਅਗਨੀਵੀਰ ਸਕੀਮ ਕਾਰਨ ਤੌਖਲੇ, ਨਸ਼ਿਆਂ ਦੀ ਭਰਮਾਰ ਅਤੇ ਬਾਹਰਲੇ ਮੁਲਕੀ ਜਾ ਵੱਸਣ ਦੀ ਖ਼ਾਹਿਸ਼ ਕਾਰਨ ਤਾਂ ਫ਼ੌਜੀ ਭਰਤੀ 'ਚ ਪੰਜਾਬ ਫਾਡੀ ਚੱਲ ਹੀ ਰਿਹਾ ਹੈ ਪਰੰਤੂ ਬੀਤੇ ਦਿਨੀਂ ਹੋਏ ਦੋ ਵੱਡੇ ਹੌਲਨਾਕ ਕਾਂਡਾਂ ਨੇ ਵੀ ਬਲਦੀ 'ਤੇ ਤੇਲ ਪਾਇਆ ਹੈ- ਕਰਨਲ ਬਾਠ ਅਤੇ ਲੈਫਟੀਨੈਂਟ ਜਨਰਲ ਡੀ.ਐਸ.ਹੁੱਡਾ ਨਾਲ ਵਾਪਰੇ ਹਾਦਸੇ ਵੀ ਲੋਕ-ਚੇਤਨਾ ਵਿਚੋਂ ਮਨਫ਼ੀ ਨਹੀਂ ਹੋ ਰਹੇ ਜਿੱਥੇ ਸੇਵਾਲੀਨ ਤੇ ਸੇਵਾ ਮੁਕਤ ਫ਼ੌਜੀ ਅਫ਼ਸਰਾਂ ਨਾਲ ਜੱਗੋ ਤੇਹਰਵੀਂ ਵਾਪਰੀ ਸੀ। ਪੰਜਾਬ ਸਰਕਾਰ ਦੀ ਅਣਗੌਲਣਾ ਕਾਰਨ ਵੀ ਬਹੁਤ ਕਿਰਕਿਰੀ ਹੁੰਦੀ ਰਹੀ ਹੈ-ਪਟਿਆਲਾ ਪ੍ਰਸ਼ਾਸਨ ਦੀ ਢਿੱਲੀ ਕਾਰਗੁਜ਼ਾਰੀ, ਰੱਖਿਆ ਮੰਤਰੀ ਤੱਕ ਪਹੁੰਚ ਦੇ ਬਾਵਜੂਦ, ਹਾਈਕੋਰਟ ਤੱਕ ਪਹੁੰਚਣ ਲਈ ਬੇਬਸ ਬਾਠ ਪਰਿਵਾਰ ਕਿੰਨੀ ਕੁ ਬੇਬਸੀ ਨਾਲ, ਦੋ-ਚਾਰ ਹੁੰਦਾ ਰਿਹਾ ਹੈ, ਇਹ ਸਭ ਨੇ ਤੱਕਿਆ ਹੈ-ਜਿੱਥੇ ਬੇਕਸੂਰ ਫ਼ੌਜੀ ਅਫ਼ਸਰਾਂ ਨੂੰ ਵੀ ਇਨਸਾਫ਼ ਨਾ ਮਿਲ ਰਿਹਾ ਹੋਵੇ, ਓਥੇ ਜਾਣ ਤੇ ਭਰਤੀ ਹੋਣ ਲਈ ਸਾਡੇ ਨੌਜਵਾਨ ਕਿਉਂ ਤਰਲੋ ਮੱਛੀ ਹੋਣਗੇ?

ਪਤੀਆਂ ਦੀ ਫ਼ੌਜ ਦੀ ਨੌਕਰੀ, ਉਂਝ ਕਦੇ ਸਾਡੀਆਂ ਪੰਜਾਬਣਾਂ ਨੂੰ ਵੀ ਬੜੀ ਇੱਜ਼ਤ ਆਬਰੂ ਵਾਲੀ ਤੇ ਸੰਤੁਸ਼ਟੀ ਭਰੀ ਲਗਦੀ ਰਹੀ ਹੈ, ਜਿਨ੍ਹਾਂ ਦੇ ਮਨ ਵਿੱਚ ਸਦਾ ਇਹ ਵਲਵਲੇ ਰਹਿੰਦੇ ਸਨ :-

**ਕੌਣ ਆਖੂ ਹੌਲਦਾਰਨੀ ਵੇ ਕਿਤੇ ਆਈਂ ਨਾ ਤੁੜਾ ਕੇ ਨਾਮਾ।**

ਅੰਤ ਵਿਚ, ਇਹ ਜ਼ਰੂਰ ਕਹਿਣਾ ਚਾਹਾਂਗੀ ਕਿ ਬੀਤੇ ਕੁਝ ਕੁ ਅਰਸੇ ਵਿਚ ਵੀਹ ਦੇ ਕਰੀਬ ਅਗਨੀਵੀਰਾਂ ਦੀ ਸ਼ਹੀਦੀ ਹੋ ਚੁੱਕੀ ਹੈ ਤੇ ਇਕਾ ਦੁੱਕਾ ਖ਼ੁਦਕਸ਼ੀ ਵੀ ਕਰ ਗਏ ਹਨ। ਪੰਜਾਬ ਦੇ ਕੁਝ ਸ਼ਹੀਦ ਅਗਨੀਵੀਰਾਂ ਦੀਆਂ ਦੇਹਾਂ ਵੀ ਪਰਿਵਾਰਾਂ ਨੇ ਆਪਣੇ ਵਾਹਨਾਂ ਵਿਚ ਜਾ ਕੇ ਲਿਆਂਦੀਆਂ। ਕੋਈ ਸਰਕਾਰੀ ਮਾਣ-ਤਾਣ ਨਾਲ ਸਸਕਾਰ ਨਹੀਂ ਕੀਤੇ ਗਏ, ਕੋਈ ਆਮ ਫ਼ੌਜੀ ਸਹੂਲਤਾਂ ਨਹੀਂ ਐਲਾਨੀਆਂ ਗਈਆਂ। ਅਜਿਹੇ ਵਿਚ, ਨਵੀਂ ਭਰਤੀ ਨਾ ਹੋਣ ਜਾਂ ਘੱਟ ਹੋਣ ਤੇ ਵਾਵੇਲਾ ਕਰਨਾ, ਅਪੀਲਾਂ ਕਰਨੀਆਂ ਤੇ ਐਲਾਨ ਕਰਨੇ ਬੇਮਾਅਨਾ ਹਨ। ਕੇਂਦਰ ਸਰਕਾਰ ਵੱਲੋਂ ਰੱਖਿਆ ਮੰਤਰਾਲੇ ਨੂੰ ਮੁਹਿੰਮ ਤੇਜ਼ ਕਰਨ ਲਈ ਕਹਿਣਾ ਵੀ ਬੇਅਸਰ ਹੈ ਜਦੋਂ ਤੱਕ ਇਹ ਨਵੀਂ (ਅਗਨੀਪੱਥ) ਭਸੂੜੀ ਦੂਰ ਨਹੀਂ ਕੀਤੀ ਜਾਂਦੀ। ਵਿਦੇਸ਼ੀ ਖੱਜਲ ਖੁਆਰੀਆਂ, ਮਹਿੰਗੀਆਂ ਫ਼ੀਸਾਂ ਤੇ ਵਧਦੇ ਖ਼ਰਚਿਆਂ ਨੇ ਹੁਣ ਬਾਹਰਲੇ ਮੁਲਕਾਂ ਵਲੋਂ ਵੀ ਨੌਜਵਾਨਾਂ ਨੂੰ ਨਿਰਾਸ਼ ਕਰ ਦਿੱਤਾ ਹੈ। ਨਸ਼ਿਆਂ ਵਿਰੁੱਧ ਵੀ ਲਗਾਤਾਰ ਯੁੱਧ ਚੱਲ ਰਿਹਾ ਹੈ। ਇਸ ਲਈ ਸਾਬਕਾ ਫ਼ੌਜੀਆਂ ਦੀ ਪ੍ਰੇਰਣਾ, ਪੁਰਾਣੀ ਰੈਗੂਲਰ ਭਰਤੀ ਪ੍ਰਕਿਰਿਆ ਦੀ ਬਹਾਲੀ, ਨਵੇਂ ਆਕਰਸ਼ਣ ਤੇ ਬਿਹਤਰ ਸਹੂਲਤਾਂ ਦੇ ਕੇ ਸਿੱਖ ਯੁਵਕਾਂ ਤੇ ਯੁਵਤੀਆਂ ਨੂੰ ਫ਼ੌਜੀ ਭਰਤੀ ਲਈ ਤਿਆਰ ਕੀਤਾ ਜਾ ਸਕਦਾ ਹੈ। ਸਿੱਖ ਰੈਜੀਮੈਂਟ (ਜੋ ਸਾਰਾਗੜੀ 'ਚ ਵਿਲੱਖਣ ਇਤਿਹਾਸ ਸਿਰਜ ਸਕੀ ਸੀ) ਅੱਜ ਵੀ ਉਸੇ ਦਮ ਖ਼ਮ ਨਾਲ ਮਾਅਰਕੇ ਮਾਰ ਸਕਦੀ ਹੈ ਜੇਕਰ ਇਸ 'ਤੇ ਪਹਿਲਾਂ ਵਾਂਗ ਨਜ਼ਰ ਸੁਵੱਲੀ ਰੱਖੀ ਜਾਵੇ- ਸੈਨਿਕਾਂ ਨੂੰ ਸ਼ਾਬਾਸ਼ੀ, ਸਹੂਲਤਾਂ ਤੇ ਸਤਿਕਾਰ ਨਿਰੰਤਰ ਮਿਲਦਾ ਰਹਿਣਾ ਜ਼ਰੂਰੀ ਹੈ। -0-

# ਭਾਰਤ-ਅਮਰੀਕਾ ਵਪਾਰ ਸਮਝੌਤਾ ਤੇ ਕਿਸਾਨਾਂ ਦੇ ਹਿਤ



-ਬਲਵੀਰ ਸਿੰਘ ਰਾਜੇਵਾਲ (ਪ੍ਰਧਾਨ ਭਾਰਤੀ ਕਿਸਾਨ ਯੂਨੀਅਨ ਰਾਜੇਵਾਲ)

ਭਾਰਤ ਤੇ ਅਮਰੀਕਾ ਵਿਚਕਾਰ ਇਕ ਟੈਕਸ ਮੁਕਤ ਵਪਾਰਕ ਸਮਝੌਤਾ ਹੋਣ ਜਾ ਰਿਹਾ ਹੈ, ਜਿਸ ਨੂੰ ਸਿਰਫ ਅਮਰੀਕਾ ਲਈ ਟੈਕਸ ਮੁਕਤ ਕਿਹਾ ਜਾ ਸਕਦਾ ਹੈ, ਕਿਉਂਕਿ ਉਹ ਆਪਣੇ ਉਤਪਾਦ ਭਾਰਤ ਦੀ ਮੰਡੀ ਵਿਚ ਬਿਨਾਂ ਕਿਸੇ ਟੈਕਸ/ਡਿਊਟੀ ਅਰਥਾਤ ਸਿਫ਼ਰ ਟੈਰਿਫ 'ਤੇ ਭਾਰਤ ਵਿਚ ਭੇਜ ਸਕੇਗਾ, ਜਦਕਿ ਕੁਝ ਦਿਨ ਪਹਿਲਾ ਭਾਰਤ ਤੇ ਅਮਰੀਕਾ ਦਰਮਿਆਨ ਹੋਈ ਗੱਲਬਾਤ ਦੌਰਾਨ ਭਾਰਤ 'ਤੇ 18 ਫੀਸਦੀ ਟੈਰਿਫ਼ ਰਹਿ ਗਿਆ ਸੀ ਹਾਲਾਂਕਿ ਡੋਨਾਲਡ ਟਰੰਪ ਪ੍ਰਸ਼ਾਸਨ ਵਲੋਂ ਸਾਰੇ ਦੇਸ਼ਾਂ 'ਤੇ ਲਗਾਏ ਟੈਰਿਫ ਅਮਰੀਕਾ ਦੀ ਸੁਪਰੀਮ ਕੋਰਟ ਵਲੋਂ ਰੱਦ ਕਰਨ ਤੋਂ ਬਾਅਦ ਟਰੰਪ ਨੇ ਸਾਰੀ ਦੁਨੀਆ ਤੇ ਮੁੜ 15 ਫੀਸਦੀ ਟੈਰਿਫ ਲਾ ਦਿੱਤਾ ਹੈ। ਦੱਸਣਯੋਗ ਹੈ ਕਿ ਅਮਰੀਕਾ ਦੇ ਵਾਈਟ ਹਾਊਸ ਨੇ ਰਾਸ਼ਟਰਪਤੀ ਟਰੰਪ ਤੇ ਪ੍ਰਧਾਨ ਮੰਤਰੀ ਮੋਦੀ ਵਲੋਂ ਜਾਰੀ ਇਕ ਸਾਂਝੇ ਬਿਆਨ 'ਚ ਕਿਹਾ ਹੈ ਕਿ ਅਜੇ ਇਹ ਕੋਈ ਸਥਾਈ ਸਮਝੌਤਾ ਨਹੀਂ, ਸਗੋਂ ਅਸਥਾਈ ਸਮਝੌਤਾ ਹੈ।

ਇਸ ਸਮਝੌਤੇ ਨੇ ਭਾਰਤ ਦੀ ਪ੍ਰਭੂਸੱਤਾ ਨੂੰ ਡੂੰਘੀ ਸੱਟ ਮਾਰੀ ਹੈ, ਭਾਰਤ ਨੇ ਕਿਸ ਦੇਸ਼ ਤੋਂ ਕੀ ਖਰੀਦਣਾ ਜਾਂ ਵੇਚਣਾ ਹੈ, ਇਹ ਸਾਡੀ ਸਰਕਾਰ ਦਾ ਅਧਿਕਾਰ ਹੈ। ਪਰ ਰਾਸ਼ਟਰਪਤੀ ਟਰੰਪ ਸਾਡੀ ਸਰਕਾਰ ਨੂੰ ਬਹੁਤ ਦੇਰ ਤੋਂ ਧਮਕੀਆਂ ਦੇ ਰਹੇ ਸਨ ਕਿ ਭਾਰਤ ਰੂਸ ਤੋਂ ਤੇਲ ਖਰੀਦਣਾ ਬੰਦ ਕਰੇ, ਨਹੀਂ ਤਾਂ ਉਹ ਭਾਰਤੀ ਨਿਰਯਾਤ ਵਸਤਾਂ 'ਤੇ ਟੈਰਿਫ ਵਧਾ ਦੇਵੇਗਾ, ਜੋ ਉਸ ਨੇ 25 ਫੀਸਦੀ ਵਧਾ ਵੀ ਦਿੱਤਾ ਸੀ। ਜਦੋਂ ਟਰੰਪ ਸਾਡੀ ਸਰਕਾਰ ਦੀ ਬਾਂਹ ਮਰੋੜਨ ਵਿਚ ਸਫਲ ਹੋ ਗਿਆ ਤਾਂ ਉਸ ਨੇ ਭਾਰਤ ਨੂੰ ਇਰਾਨ ਤੋਂ ਵੀ ਤੇਲ ਖਰੀਦਣ ਤੋਂ ਵਰਜ ਦਿੱਤਾ। ਸਾਡੀ ਸਰਕਾਰ ਨੇ ਟਰੰਪ ਸਰਕਾਰ ਦੇ ਦਬਾਅ ਹੇਠ ਰੂਸ ਤੇ ਇਰਾਨ ਤੋਂ ਤੇਲ ਦੀ ਖਰੀਦ ਬੰਦ ਕਰਕੇ ਵੈਨਜ਼ੁਏਲਾ 'ਚ ਅਮਰੀਕੀ ਕੰਪਨੀਆਂ ਦਾ ਤੇਲ ਖਰੀਦਣਾ ਵੀ ਮੰਨ ਲਿਆ। ਇੰਝ ਭਾਰਤ ਵਲੋਂ ਅੰਤਰਰਾਸ਼ਟਰੀ ਗੁੱਟਬੰਦੀ ਵਿੱਚ ਆਪਣੇ ਲੰਬੇ ਸਮੇਂ ਦੇ ਭਰੋਸੇਯੋਗ ਸਹਿਯੋਗੀਆਂ ਤੋਂ ਮੂੰਹ ਮੋੜਨ ਨਾਲ ਸਾਡੇ ਦੇਸ਼ ਦੀ ਪ੍ਰਭੂਸੱਤਾ ਨੂੰ ਸੱਟ ਲੱਗੀ ਹੈ।

ਇਸ ਬਿਆਨ ਦੇ ਦਸਤਾਵੇਜ਼ ਦੇ ਚੌਥੇ ਬਿੰਦੂ ਦੀ ਪਹਿਲੀ ਮੱਦ ਵਿਚ ਇਸ ਸਮਝੌਤੇ ਦੀਆਂ ਅਹਿਮ ਸ਼ਰਤਾਂ ਦਾ ਜ਼ਿਕਰ ਹੈ। ਜਿਨ੍ਹਾਂ ਅਨੁਸਾਰ ਅਮਰੀਕੀ ਸਨਅਤਾਂ ਵਿਚ ਬਣੀਆਂ ਵੱਡੀ ਗਿਣਤੀ ਵਾਲੀਆਂ ਚੀਜ਼ਾਂ ਤੇ ਖੇਤੀ ਉਪਜ ਵਾਲੀਆਂ ਜਿਣਸਾਂ-ਡੀ.ਡੀ.ਜੀ., ਬਾਜਰਾ, ਮੇਵੇ, ਤਾਜਾ ਤੇ ਪ੍ਰੋਸੈਸ ਕੀਤੇ ਫਲ, ਸੋਇਆਬੀਨ ਦਾ ਤੇਲ, ਵਾਈਨ ਤੇ ਸ਼ਰਾਬ ਸਮੇਤ ਕਦੀ ਹੋਰ ਵਸਤਾਂ ਤੋਂ ਭਾਰਤ ਟੈਰਿਫ ਖਤਮ ਕਰੇਗਾ ਜਾਂ ਘਟਾਏਗਾ।

ਬਿਆਨ ਵਿਚ "ਖੇਤੀ ਜਿਣਸਾਂ" ਤੇ ਅਮਰੀਕਨ "ਖਾਧ ਪਦਾਰਥ" ਵਰਗੇ ਲਿਖੇ ਸ਼ਬਦ ਵਿਚ ਇਹ ਕਿਤੇ ਨਹੀਂ ਲਿਖਿਆ ਕਿ ਉਹ ਕਣਕ, ਚਾਵਲ, ਮੱਕੀ ਜਾ ਦਾਲਾਂ ਆਦਿ ਭਾਰਤ ਨੂੰ ਨਹੀਂ ਭੇਜੇਗਾ। ਸਮਝੌਤੇ ਦੀ ਸ਼ਬਦਾਵਲੀ ਤੋਂ ਸਪੱਸ਼ਟ ਹੈ ਕਿ ਭਾਰਤ ਸਰਕਾਰ ਨੇ ਰਾਸ਼ਟਰਪਤੀ ਟਰੰਪ ਅੱਗੇ ਹਥਿਆਰ ਸੁੱਟ ਦਿੱਤੇ ਹਨ ਅਤੇ ਭਾਰਤੀ ਕਿਸਾਨਾਂ ਨੂੰ ਭਰਮਾਉਣ ਲਈ ਕਣਕ, ਚਾਵਲ, ਮੱਕੀ ਦੀ ਬਜਾਏ, ਸਿਰਫ "ਖੇਤੀ ਪੈਦਾਵਾਰ" ਸ਼ਬਦ ਹੀ ਲਿਖਿਆ ਹੈ। ਇਸ ਦੀ ਅਗਲੀ ਮੱਦ ਵਿਚ ਲਿਖਿਆ ਹੈ ਕਿ ਭਾਰਤ ਹਰ ਅਮਰੀਕੀ ਉਤਪਾਦ ਖਰੀਦਣ ਦਾ ਇੱਛੁਕ ਹੈ ਅਤੇ 500 ਅਰਬ ਡਾਲਰ ਦੀ ਅਮਰੀਕਾ ਤੋਂ ਐਨਰਜੀ, ਜਾਣਕਾਰੀ ਤੇ ਸੰਚਾਰ ਤਕਨੀਕਾਂ, ਕੋਲਾ ਤੇ ਹੋਰ ਪਦਾਰਥ ਖਰੀਦਣਾ ਚਾਹੁੰਦਾ ਹੈ। ਇਸ ਵਿਚ ਵੀ ਸ਼ਬਦ ਹੋਰ 'ਪਦਾਰਥ' ਹੀ ਲਿਖਿਆ ਹੈ, ਕਿਸੇ ਪਦਾਰਥ ਦਾ ਨਾਂ ਨਹੀਂ ਲਿਖਿਆ। ਅਗਲੀ ਮੱਦ ਵਿਚ ਲਿਖਿਆ ਹੈ ਕਿ ਦੋਵੇਂ ਧਿਰਾਂ ਸਮਝੌਤੇ ਦੇ ਅਧਿਕਾਰ ਖੇਤਰ ਵਲੋਂ ਤਹਿ ਕੀਤੇ ਮਾਪਦੰਡਾਂ ਲਈ ਗੱਲਬਾਤ ਜਾਰੀ ਰੱਖਣਗੀਆਂ ਤਾਂ ਜੋ ਟੈਕਸ ਤੇ ਟੈਕਸ ਰਹਿਤ ਰੋਕਾਂ, ਤਕਨੀਕੀ ਵਪਾਰਕ ਰੋਕਾਂ, ਕਸਟਮ ਵਪਾਰਕ ਸਹੂਲਤਾਂ, ਵਪਾਰਕ ਸੋਧਾਂ,ਸੇਵਾਵਾਂ ਤੇ ਨਿਵੇਸ਼, ਬੌਧਿਕ ਪ੍ਰਾਪਰਟੀ, ਮਜਦੂਰ, ਵਾਤਾਵਰਨ, ਜਿਣਸਾਂ ਦੀ ਸਰਕਾਰੀ ਖਰੀਦ ਤੇ ਵਪਾਰ ਨੂੰ ਉਲਟਾ ਪ੍ਰਭਾਵਿਤ ਕਰਨ ਜਾਂ ਸਰਕਾਰੀ ਅਦਾਰਿਆਂ ਦੀ ਮਾਲਕੀ ਵਲੋਂ ਅਖ਼ਤਿਆਰ ਕੀਤੇ ਜਾਣ ਵਾਲੇ ਵਿਗਾੜ ਪਾਉਣ ਵਾਲੇ ਤਰੀਕਿਆਂ ਸੰਬੰਧੀ ਖਾਕਾ ਤਿਆਰ ਕੀਤਾ ਜਾ ਸਕੇ। "ਜਿਣਸਾਂ ਦੀ ਸਰਕਾਰੀ ਖਰੀਦ" ਵਰਗੀ ਮੱਦ ਦਾ ਸਪੱਸ਼ਟ ਸੰਕੇਤ ਹੈ ਕਿ ਅਮਰੀਕਾ ਭਾਰਤ ਵਿਚ ਜਿਣਸਾਂ ਦਾ ਸਮਰਥਨ ਮੁੱਲ ਤਹਿ ਕਰਨ ਤੇ ਉਨ੍ਹਾਂ ਦੀ ਸਰਕਾਰੀ ਖਰੀਦ 'ਤੇ ਪਾਬੰਦੀ ਲਾਉਣ ਲਈ ਵੀ ਦਬਾਅ ਪਾਉਣ ਦੀ ਤਿਆਰੀ ਵਿਚ ਹੈ। ਇਸੇ ਮੱਦ ਦੀ ਦੂਜੀ ਉਪ ਮੱਦ ਵਿਚ ਲਿਖਿਆ ਹੈ ਕਿ ਰਾਸ਼ਟਰਪਤੀ ਟਰੰਪ ਅਮਰੀਕੀ ਲੋਕਾਂ ਦੇ ਹਿੱਤਾਂ ਦੀ ਰਾਖੀ ਲਈ ਚਾਹੁੰਦੇ ਹਨ ਕਿ ਸਾਰੀਆ ਟੈਕਸ ਸਹਿਤ ਤੇ ਟੈਕਸ ਰਹਿਤ ਰੋਕਾਂ ਹਟਾਈਆਂ ਜਾਣ ਤਾਂ ਜੋ ਅਮਰੀਕਨ ਨਿਰਯਾਤਕਾਂ ਲਈ ਮੰਡੀ ਦਾ ਵਿਸਥਾਰ ਹੋ ਸਕੇ, ਜਿਸ ਵਿਚ ਖੇਤੀ ਖੇਤਰ ਵੀ ਸ਼ਾਮਲ ਹੈ।

ਰਾਸ਼ਟਰਪਤੀ ਟਰੰਪ ਤੇ ਪ੍ਰਧਾਨ ਮੰਤਰੀ ਮੋਦੀ ਵਲੋਂ ਜਾਰੀ ਕੀਤੇ ਦਸਤਾਵੇਜ਼ ਦੀ ਇਕ-ਇਕ ਮੱਦ ਤੋਂ ਸਾਫ ਝਲਕ ਹੀ ਨਹੀਂ ਪੈਂਦੀ, ਸਗੋਂ ਸਪੱਸ਼ਟ ਹੁੰਦਾ ਹੈ ਕਿ ਭਾਵੇਂ ਭਾਜਪਾਈ ਇਸ ਨੂੰ ਦੇਸ਼ ਹਿੱਤ ਵਿਚ ਕ੍ਰਾਂਤੀਕਾਰੀ ਸਮਝੌਤੇ ਵਜੋਂ ਪ੍ਰਚਾਰ ਰਹੇ ਹਨ, ਪਰ ਅਸਲੀਅਤ 'ਚ ਇਹ ਦੇਸ਼ ਦੇ ਸਿਰਫ਼ ਕਿਸਾਨਾਂ ਲਈ ਹੀ ਨਹੀਂ ਸਗੋਂ ਸਾਡੇ ਕਾਮਿਆਂ ਤੇ ਆਮ ਲੋਕਾਂ ਦੇ ਹਿੱਤਾਂ ਲਈ ਵੀ ਖਤਰੇ ਦੀ ਘੰਟੀ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਮੋਦੀ ਸਰਕਾਰ ਨੂੰ ਡਰਾ-ਧਮਕਾ ਕੇ ਭਾਰਤੀ ਮੰਡੀ ਵਿਚ ਦਾਖਲ ਹੋਣ ਵਿਚ ਸਫਲ ਹੁੰਦੇ ਜਾਪਦੇ ਹਨ। ਭਾਵੇਂ ਭਾਜਪਾ ਸਰਕਾਰ ਤੇ ਉਸ ਦੇ ਕਾਰਕੁਨ ਸਾਨੂੰ (ਐਸ.ਕੇ.ਐਮ ਨੂੰ) ਗੁੰਮਰਾਹ ਕਰਨ ਵਾਲੇ ਦਸ ਕੇ ਖੁਦ ਲੋਕਾਂ ਨੂੰ ਗੁਮਰਾਹ ਕਰ ਰਹੇ ਹਨ ਕਿ ਇਸ ਨਾਲ ਭਾਰਤ ਨੂੰ ਬਹੁਤ ਵੱਡਾ ਲਾਭ ਹੋਵੇਗਾ। ਭਾਜਪਾ ਦੇ ਕਈ ਨਵੇਂ ਵਿਦਵਾਨ ਆਪਣੇ ਲੱਖਾਂ, ਬਿਆਨਾਂ ਨਾਲ ਮੀਡੀਆ ਵਿਚ ਲੋਕਾਂ ਨੂੰ ਮੂਰਖ ਬਣਾਉਣ ਲਈ ਪੂਰਾ ਜੋਰ ਲਾ ਰਹੇ ਹਨ ਤਾਂ ਜੋ ਅਸਲੀਅਤ ਨੂੰ ਢਕਿਆ ਜਾ ਸਕੇ। ਕਿਹਾ ਜਾ ਰਿਹਾ ਹੈ ਕਿ ਅਸੀਂ ਪਹਿਲਾਂ ਹੀ ਸੇਬ ਤੇ ਸੋਇਆਬੀਨ ਦਾ ਤੇਲ ਵਿਦੇਸ਼ਾ ਤੋਂ ਮੰਗਵਾਉਂਦੇ ਹਾਂ, ਕਿਉਂਕਿ ਭਾਰਤ ਵਿਚ ਇਨ੍ਹਾਂ ਦੀ ਪੈਦਾਵਾਰ ਘੱਟ ਹੈ। ਕੀ ਸਾਡੀ ਸਰਕਾਰ ਨੇ ਸੇਬ, ਸੋਇਆਬੀਨ, ਦਾਲਾਂ ਦੇ ਕਦੇ ਲਾਹੇਵੰਦ

ਸਮਰਥਨ ਮੁੱਲ ਮਿੱਥੇ ਹਨ ਤੇ ਮੰਡੀ ਵਿਚ ਇਨ੍ਹਾਂ ਫਸਲਾਂ ਦੇ ਘੱਟ ਕੀਮਤ 'ਤੇ ਵਿਕਣ ਸਮੇਂ ਕਿਸਾਨਾਂ ਦੀ ਬਾਂਹ ਫੜੀ ਹੈ? ਪਿਛਲੇ ਸਾਲ ਸਰਕਾਰ ਵਲੋਂ ਨਰਮੇ ਦੇ ਅਯਾਤ ਲਈ ਕਸਟਮ ਡਿਊਟੀ ਘਟਾਉਣ ਨਾਲ ਮੰਡੀ ਵਿਚ ਇਸ ਦੇ ਭਾਅ ਬੁਰੀ ਤਰ੍ਹਾਂ ਡਿਗਣ ਸਮੇਂ ਸਰਕਾਰ ਤੇ ਕਾਟਨ ਕਾਰਪੋਰੇਸ਼ਨ ਕਿੱਥੇ ਸੀ ?

ਅਸੀਂ ਦਾਅਵਾ ਕਰਦੇ ਹਾਂ ਕਿ ਸਰਕਾਰ ਕਿਸਾਨਾਂ ਕੋਲੋਂ ਜਿਹੜੀ ਮਰਜੀ ਫਸਲ ਪੈਦਾ ਕਰਵਾ ਲਵੇ, ਕਿਸਾਨ ਢੇਰ ਲਾ ਦੇਣਗੇ ਬਸ਼ਰਤੇ ਉਸ ਦੀ ਖਰੀਦ ਤੇ ਲਾਹੇਵੰਦ ਸਮਰਥਨ ਮੁੱਲ ਦੀ ਗਾਰੰਟੀ ਦੇਵੇ। ਸਰਕਾਰ ਦੀ ਇਹ ਵੀ ਜ਼ਿੰਮੇਵਾਰੀ ਹੁੰਦੀ ਹੈ ਕਿ ਉਹ ਲੋਕਾਂ ਦੀ ਸਿਹਤ ਨਾਲ ਖਿਲਵਾੜ ਨਾ ਹੋਣ ਦੇਵੇ। ਅਮਰੀਕਾ ਵਿਚ ਜੀ.ਐਮ ਬੀਜਾਂ ਤੇ ਉਨ੍ਹਾਂ ਦੀ ਪੈਦਾਵਾਰ ਦੀ ਭਰਮਾਰ ਹੈ, ਪਰ ਸਮਝੌਤੇ ਵਿਚ ਕਿਤੇ ਨਹੀਂ ਲਿਖਿਆ ਕਿ ਭਾਰਤ ਵਿਚ ਸੋਇਆ ਤੇਲ ਤੋਂ ਬਿਨਾਂ ਡੀ.ਡੀ.ਜੀ ਕਿਸ ਕਿਸ ਫਸਲ ਦੇ ਆਉਗੀ। ਅਮਰੀਕੀ ਮੱਕੀ ਜੀ.ਐਮ.ਓ. ਤੋਂ ਤਿਆਰ ਬੀਜਾਂ ਦੀ ਪੈਦਾਵਾਰ ਹੈ। ਜਦੋਂ ਮੱਕੀ ਦੇ ਡੀ.ਡੀ.ਜੀ. ਭਾਰਤ ਦੀ ਪਸ਼ੂ ਖੁਰਾਕ ਲਈ ਅਮਰੀਕਾ ਤੋਂ ਆ ਜਾਣਗੇ ਤਾਂ ਸਮਰਥਨ ਮੁੱਲ ਤੋਂ 200 ਤੋਂ 400 ਰੁਪਏ ਕੁਇੰਟਲ ਘੱਟ 'ਤੇ ਵਿਕਣਗੇ ਤਾਂ ਸਾਡੀ ਮੱਕੀ ਨੂੰ ਕੌਣ ਖਰੀਦੇਗਾ? ਜੀ.ਐਮ.ਓ ਬੀਜਾਂ ਤੋਂ ਬਣੀ ਮੱਕੀ ਤੇ ਸੋਇਆਬੀਨ ਤੇਲ ਖਾਣ ਨਾਲ ਲੋਕਾਂ ਤੇ ਪਸ਼ੂਆ ਦੀ ਸਿਹਤ 'ਤੇ ਯਕੀਨਨ ਬੁਰਾ ਪ੍ਰਭਾਵ ਪਵੇਗਾ । ਭਾਰਤੀ ਖੇਤੀ ਬਾਜ਼ਾਰ ਦਾ ਅਮਰੀਕਾ ਲਈ ਖੁੱਲਣ ਦਾ ਅਰਥ ਹੈ, ਕਿਸਾਨਾਂ ਦੇ ਭੱਵਿਖ ਅਤੇ ਮਨੁੱਖੀ ਸਿਹਤ ਨਾਲ ਖਿਲਵਾੜ ਵੱਲ ਵਧਣਾ। ਅਮਰੀਕਾ ਤੇ ਭਾਰਤ ਸਰਕਾਰ ਇਸ ਸਮਝੌਤੇ 'ਤੇ ਮਾਰਚ ਵਿਚ ਦਸਤਖ਼ਤ ਕਰਨ ਲਈ ਕਾਹਲੇ ਪਏ ਹੋਏ ਹਨ।

ਅਮਰੀਕਾ ਦਾ ਖੇਤੀ ਖੇਤਰ ਐਵੇਂ ਜਸ਼ਨ ਨਹੀਂ ਮਨਾ ਰਿਹਾ ਕਿ ਉਨ੍ਹਾਂ ਨੂੰ ਦੁਨੀਆ ਦੀ ਸਭ ਤੋਂ ਵੱਡੀ ਮੰਡੀ ਭਾਰਤ ਵਿਚ ਮਿਲ ਗਈ ਹੈ । ਹੁਣ ਭਾਰਤ ਦੀ ਮੰਡੀ ਵਿਚ ਅਮਰੀਕੀ ਖੇਤੀ ਪੈਦਾਵਾਰ ਵੇਚ ਕੇ ਅਮਰੀਕਾ ਦੇ ਕਿਸਾਨਾਂ ਦੇ ਵਾਰੇ-ਨਿਆਰੇ ਹੋ ਜਾਣਗੇ। ਅਮਰੀਕੀ ਖੇਤੀ ਪੈਦਾਵਾਰ ਲਈ ਆਪਣੇ ਦਰਵਾਜੇ ਖੋਲ੍ਹ ਚੁੱਕੀ ਭਾਜਪਾ ਸਰਕਾਰ ਲੋਕਾਂ ਨੂੰ ਗੁੰਮਰਾਹ ਕਰਕੇ ਅਸਲੀ ਤੱਥਾਂ ਨੂੰ ਛੁਪਾ ਰਹੀ ਹੈ। ਵੱਡਾ ਸਵਾਲ ਇਹ ਹੈ ਕਿ ਭਾਰਤ ਦਾ ਬਾਜ਼ਾਰ ਅਮਰੀਕਾ ਲਈ ਖੁੱਲ੍ਹਣ ਨਾਲ ਕੀ ਭਾਰਤੀ ਕਿਸਾਨ ਅਮਰੀਕਨ ਕਿਸਾਨਾਂ ਦਾ ਮੁਕਾਬਲਾ ਕਰ ਸਕਣਗੇ । ਸਾਡੇ ਕਿਸਾਨ ਅਮਰੀਕਨ ਕਿਸਾਨਾਂ ਦਾ ਹਰਗਿਜ਼ ਮੁਕਾਬਲਾ ਨਹੀਂ ਕਰ ਸਕਣਗੇ, ਕਿਉਂਕਿ ਭਾਰਤ ਵਿਚ 86 ਫੀਸਦੀ ਕਿਸਾਨ 5 ਏਕੜ ਤੋਂ ਵੀ ਘੱਟ ਜ਼ਮੀਨ ਦੇ ਮਾਲਕ ਹਨ, ਜਦਕਿ ਅਮਰੀਕੀ ਕਿਸਾਨ ਔਸਤਨ ਹਜਾਰਾਂ ਏਕੜਾਂ ਦੇ ਮਾਲਕ ਹੋਣ ਤੋਂ ਇਲਾਵਾ ਅਮਰੀਕਾ ਸਰਕਾਰ ਉਨ੍ਹਾਂ ਨੂੰ ਹਰ ਫਸਲ 'ਤੇ ਵੱਡੀ ਨਕਦੀ ਸਬਸਿਡੀ ਵਜੋਂ ਦਿੰਦੀ ਹੈ। ਇੱਥੇ ਇਤਿਹਾਸ ਵਿਚ ਦਰਜ ਇਕ ਘਟਨਾ ਦਾ ਜ਼ਿਕਰ ਜਰੂਰੀ ਹੈ, ਭਾਰਤ 'ਚ ਜਨਤਾ ਪਾਰਟੀ ਦੀ ਸਰਕਾਰ ਸਮੇਂ ਬਾਬੂ ਜਗਜੀਵਨ ਰਾਮ ਦੇਸ਼ ਦੇ ਖੇਤੀ ਮੰਤਰੀ ਸਨ। ਇੱਕ ਮੀਟਿੰਗ ਦੌਰਾਨ ਅਮਰੀਕਾ ਉਨ੍ਹਾਂ 'ਤੇ ਭਾਰਤ ਦੀ ਖੇਤੀ ਮੰਡੀ ਖੋਲਣ ਲਈ ਬਹੁਤ ਦਬਾਅ ਪਾ ਰਿਹਾ ਸੀ, ਪਰ ਉਹ ਇਸ ਲਈ ਇਨਕਾਰ ਕਰਦੇ ਰਹੇ।

ਜਦੋਂ ਮੀਟਿੰਗ ਦੌਰਾਨ ਅਮਰੀਕਨ ਉਨ੍ਹਾਂ 'ਤੇ ਦਬਾਅ ਪਾਉਣ ਤੋਂ ਨਾ ਹਟੇ ਤਾਂ ਗੁੱਸੇ ਵਿਚ ਬਾਬੂ ਜੀ ਨੇ ਕਾਗਜ ਵਗਾਹ ਕੇ ਮਾਰਦਿਆਂ ਇਹ ਕਹਿ ਕੇ ਮੀਟਿੰਗ 'ਚੋਂ ਉੱਠ ਕੇ ਆ ਗਏ, "ਖੂਹ ਵਿਚ ਡਿੱਗ-ਅਸੀਂ ਭਾਰਤ ਦੀ ਖੇਤੀ ਦੇ ਦਰਵਾਜੇ ਤੁਹਾਡੇ ਲਈ ਨਹੀਂ ਖੋਹਲਣੇ" ਕੀ ਅੱਜ ਦੀ ਸਰਕਾਰ ਵਿਚ ਵੀ ਕੋਈ ਜਗਜੀਵਨ ਰਾਮ ਬਣੇਗਾ?

-0-

## ਮਾਂ

**-ਸਵਰਨਜੀਤ ਕੌਰ**

ਔਰਤ ਦੇ ਕਈ ਰੂਪ ਹਨ ਭੈਣ, ਪਤਨੀ, ਮਾਂ, ਸੱਸ, ਦਾਦੀ, ਨਾਨੀ ਆਦਿਕ। ਵੈਸੇ ਤਾਂ ਹਰ ਰਿਸ਼ਤੇ ਦੀ ਆਪਣੀ ਵੱਖਰੀ ਹੀ ਅਹਿਮੀਅਤ ਹੈ, ਪਰ ਸਭ ਤੋਂ ਸੁਖਦ ਸ਼ਬਦ 'ਮਾਂ' ਹੈ। ਜਿਸ ਤਰ੍ਹਾਂ ਪਿੱਪਲ ਦੇ ਦਰੱਖਤ ਦੀਆਂ ਜੜ੍ਹਾਂ ਡੂੰਘਾਈ ਵਿੱਚ ਮਜਬੂਤੀ ਨਾਲ ਫੈਲੀਆਂ ਹੁੰਦੀਆਂ ਹਨ, ਉਸੇ ਤਰਾਂ ਮਾਂ ਦਾ ਹਿਰਦਾ ਆਪਣੇ ਬੱਚਿਆਂ ਲਈ ਵਿਸ਼ਾਲ ਅਤੇ ਦ੍ਰਿੜਤਾ ਭਰਪੂਰ ਹੁੰਦਾ ਹੈ।

ਜੰਮਣ ਪੀੜਾ ਤੋਂ ਲੈ ਕੇ ਆਪਣੀ ਜ਼ਿੰਦਗੀ ਦੇ ਅੰਤਲੇ ਸਫਰ ਤੱਕ ਮਾਂ ਆਪਣੇ ਬੱਚਿਆਂ ਲਈ ਹਰ ਪਲ ਸੁਖਦ ਹੋਵੇ ਦੀ ਕਾਮਨਾ ਕਰਦੀ ਹੈ। ਜ਼ਿੰਦਗੀ ਦੇ ਕੌੜੇ-ਮਿੱਠੇ ਤਜਰਬਿਆਂ ਤੋਂ ਮਾਂ ਆਪਣੇ ਬੱਚਿਆਂ ਨੂੰ ਅਗਾਹ ਕਰਦੀ ਹੈ। ਮਮਤਾ ਤੇ ਤਿਆਗ ਦੀ ਮੂਰਤ ਮਾਂ ਕਈ ਵਾਰ ਬਾਪ ਦੀਆਂ ਝਿੜਕਾਂ ਤੋਂ ਬੱਚਿਆਂ ਨੂੰ ਬਚਾਉਣ ਲਈ ਉਸ ਦੀਆਂ ਕੌੜੀਆਂ ਸਚਾਈਆਂ ਵੀ ਸੁਣ ਲੈਂਦੀ ਹੈ, ਪਰ ਬੱਚੇ ਦੀ ਜ਼ਿੰਦਗੀ ਦੇ ਰਾਹ ਪੈਂਡੇ ਵਿੱਚ ਆਉਣ ਵਾਲੀਆਂ ਔਕੜਾਂ ਨੂੰ ਕਿਵੇਂ ਨਜਿਠਣਾ ਹੈ ਦੇ ਬਾਰੇ ਵੀ ਸੁਚੇਤ ਕਰਦੀ ਹੈ।

ਇਕ ਮਾਂ ਹੀ ਐਸਾ ਕਿਰਦਾਰ ਹੈ, ਜੋ ਬੱਚੇ ਨੂੰ ਜ਼ਿੰਦਗੀ ਦੇ ਤੱਤੇ-ਠੰਡੇ ਵਾਵਰੋਲਿਆਂ ਤੋਂ ਬਚਾ ਕੇ ਆਪਣੀ ਬੁੱਕਲ ਵਿੱਚ ਸਮੇਟ ਲੈਂਦੀ ਹੈ। ਪਰ ਆਪਣੇ ਮਨ ਦੀ ਵੇਦਨਾ ਤੇ ਅੱਥਰੂਆਂ ਦਾ ਵੇਗ ਆਪਣੇ ਬੱਚਿਆਂ ਨੂੰ ਜਾਹਿਰ ਨਹੀਂ ਹੋਣ ਦਿੰਦੀ। ਮਾਂ ਸ਼ਬਦ ਦਾ ਕਰਜ ਉਤਾਰਨਾ ਕੇਵਲ ਨਾ-ਮੁਮਕਿਨ ਹੀ ਨਹੀਂ, ਸਗੋਂ ਅਸੰਭਵ ਵੀ ਹੈ।

ਇਸ ਲਈ ਆਉ! ਵਾਹਿਗੁਰੂ ਜੀ ਅੱਗੇ ਰਲ ਜੋਦੜੀ ਕਰੀਏ ਘਣੀਆਂ, ਮਿੱਠੀਆਂ ਅਤੇ ਠੰਢੀਆਂ ਛਾਵਾਂ ਨੂੰ ਹਮੇਸ਼ਾਂ ਚੜਦੀ ਕਲਾ ਵਿੱਚ ਰੱਖਣ। -0-

### ਸਫਾ 25 ਦਾ ਬਾਕੀ

ਸਫਾ 25 ਦਾ ਬਾਕੀ

ਕੇਵਲ ਸੱਚੇ ਸਾਹਿਬ ਦੇ ਤਾਮੀਰ ਕੀਤੇ ਮਾਨਵੀ ਵਿਵਹਾਰ ਦੇ ਮਾਪਦੰਡਾਂ ਦੀ ਪੂਰਤੀ ਅਤੇ ਰੱਖਿਆ ਲਈ ਦਿੱਤੀ ਜਾਂਦੀ ਹੈ; ਧਰਤੀ ਮਾਂ ਦੀ ਪਤ ਰੱਖਣ ਹਿਤ ਦਿੱਤੀ ਜਾਂਦੀ ਹੈ। ਸ਼ਹਾਦਤ ਦੇ ਮੁਕਾਮ ਦੇ ਨੇੜੇ ਪਹੁੰਚ ਕੇ ਹਰ ਪ੍ਰਾਣੀ ਅਕਾਲਪੁਰਖ ਨਾਲ ਮੁਕੰਮਲ ਤੌਰ ਉੱਤੇ ਅਭੇਦ ਹੁੰਦਾ ਹੈ। ਸ਼ਹੀਦੀ ਅਕਾਲ ਪੁਰਖ ਦੀ ਰਹਿਮਤ ਦਾ ਜਲੌਅ ਹੈ, ਧਾਰਮਿਕ ਮਨੁੱਖ ਦੇ ਸੁੱਚੇ ਇਖ਼ਲਾਕ ਦਾ ਸਿਖ਼ਰ ਹੈ। ਏਸ ਦਾ ਸਫਰ ਦਰਗਾਹ ਵਿੱਚ ਨਾਨਕ ਗੁਰੂ ਪ੍ਰਮੇਸ਼ਰ ਨੂੰ ਪੇਸ਼ ਕੀਤੇ ਅੰਮ੍ਰਿਤ ਦੇ ਕਟੋਰੇ ਤੋਂ ਸ਼ੁਰੂ ਹੁੰਦਾ ਹੈ ਅਤੇ ਨਾਨਕ ਦਸਮੇਸ਼ ਦੇ ਖੰਡੇ ਬਾਟੇ ਵਿੱਚ ਦੀ ਹੁੰਦਾ ਹੋਇਆ ਪਰਲੋ ਤੱਕ ਅਖੰਡ ਜੀਵਨਦਾਨੀ ਧਾਰ ਬਣ ਕੇ ਵਗਦੇ ਰਹਿਣ ਦੀ ਸਲਾਹੀਅਤ ਰੱਖਦਾ ਹੈ। ਇਹ ਓਦੋਂ ਤੱਕ ਵਗਦਾ ਰਹੇਗਾ, ਜਦੋਂ ਤੱਕ ਹਰ ਪ੍ਰਾਣੀ ਅਕਾਲ ਰੂਪ ਧਾਰ ਕੇ ਸ੍ਰਿਸ਼ਟੀ ਦੀ ਸੇਵਾ ਵਿੱਚ ਨਹੀਂ ਜੁਟ ਜਾਂਦਾ। **ਬੰਧਨ ਤੋੜੈ ਮੁਕਤਿ ਹੋਇ ਸਚੇ ਰਹੈ ਸਮਾਇ ॥ (644)** ਏਸ ਆਖ਼ਰੀ ਪੜਾਅ ਉੱਤੇ ਆ ਕੇ ਸ਼ਹਾਦਤਾਂ ਦੀ ਲੋੜ ਨਹੀਂ ਰਹੇਗੀ। ਅਗਾਂਹ ਅਕਾਲ ਫਤਹਿ ਦਾ ਡੰਕਾ, ਅਨਹਦ ਨਾਦ ਬਣ ਕੇ, ਸਦਾ ਗੂੰਜਦਾ ਰਹੇਗਾ। ਇਹ ਸਿੱਖੀ ਦੇ ਤਸੱਵਰ ਦਾ ਸਤਯੁੱਗ ਹੈ।

-0-

# ਪੰਜਾਬੀ ਭਾਸ਼ਾ ਦਾ ਇਤਿਹਾਸਕ ਪਿਛੋਕੜ ਤੇ ਵਰਤਮਾਨ

**ਡਾ: ਮੁਹੰਮਦ ਇਦਰੀਸ 98141-71786**

ਪੁਰਾਤਨ ਕਾਲ ਤੋਂ ਹੀ ਪੰਜਾਬੀ ਭਾਸ਼ਾ ਬੋਲਣ ਵਾਲਿਆਂ ਦੇ ਭੂਗੋਲਿਕ ਖੇਤਰ ਵੀ ਬਦਲਦੇ ਰਹੇ ਹਨ। ਇਨ੍ਹਾਂ ਦਾ ਮੂਲ ਕਾਰਨ ਉੱਤਰ-ਪੱਛਮੀ ਭਾਰਤ ਉਪਰ ਹੁੰਦੀਆਂ ਰਾਜਨੀਤਕ ਜਿੱਤਾਂ ਅਤੇ ਪ੍ਰਸ਼ਾਸਨਿਕ ਤਬਦੀਲੀਆਂ ਹਨ। ਪ੍ਰੋਫ਼ੈਸਰ ਹਾਫਿਜ਼ ਮਹਿਮੂਦ ਸ਼ੀਰਾਨੀ ਦੀ ਕਿਤਾਬ 'ਪੰਜਾਬ ਮੇਂ ਉਰਦੂ' ਦੇ ਪੰਨਾ ਨੰਬਰ 81 ਅਨੁਸਾਰ ਪੰਜਾਬ ਭਾਵੇਂ ਪੰਜਾਂ ਦਰਿਆਵਾਂ ਦਾ ਦੇਸ਼ ਹੈ, ਪਰ ਇਸ ਤੋਂ ਇਹ ਨਹੀਂ ਸਮਝ ਲੈਣਾ ਚਾਹੀਦਾ ਕਿ ਪੰਜਾਬੀ ਭਾਸ਼ਾ ਇਨ੍ਹਾਂ ਪੰਜਾਂ ਦਰਿਆਵਾਂ ਦੀਆਂ ਹੱਦਾਂ ਵਿਚ ਹੀ ਘਿਰੀ ਹੋਈ ਹੈ, ਸਗੋਂ ਉਹ ਇਨ੍ਹਾਂ ਦਰਿਆਵਾਂ ਉਤੋਂ ਦੀ ਚੱਲ ਕੇ ਦੋਹੀਂ ਪਾਸੀਂ ਖਿੱਲਰ ਗਈ ਹੈ, ਇਧਰ ਦਰਿਆ ਘੱਗਰ ਤੱਕ ਪੁੱਜ ਗਈ ਹੈ, ਉਧਰ ਅਟਕ ਦਰਿਆ ਨੂੰ ਪਾਰ ਕਰ ਚੁੱਕੀ ਹੈ। ਪੂਰਬ ਵਿਚ ਹਿੰਦੀ, ਦੱਖਣ ਵਿਚ ਰਾਜਸਥਾਨੀ, ਦੱਖਣ-ਪੱਛਮ ਵਿਚ ਸਿੰਧੀ, ਉੱਤਰ-ਪੱਛਮ ਵਿਚ ਪਸ਼ਤੋ, ਉੱਤਰ ਵਿਚ ਕਸ਼ਮੀਰੀ ਅਤੇ ਉੱਤਰ-ਪੂਰਬ ਵਿਚ ਹਿਮਾਚਲੀ ਪਹਾੜੀ ਬੋਲੀਆਂ ਨਾਲ ਪੰਜਾਬੀ ਭਾਸ਼ਾ ਦੀਆਂ ਹੱਦਾਂ ਤੇ ਸਰਹੱਦਾਂ ਲਗਦੀਆਂ ਹਨ। ਪੰਜਾਬੀ ਭਾਸ਼ਾ ਅਤੇ ਇਸ ਦੀ ਲਿਪੀ ਦੀ ਵੱਖਰੀ ਤੇ ਸੁਤੰਤਰ ਪਹਿਚਾਣ ਹੈ। ਪੁਰਾਤਨ ਕਾਲ ਤੋਂ ਪ੍ਰਚੱਲਿਤ ਇਸ ਦੀਆਂ ਕੁਝ ਪ੍ਰਮੁੱਖ ਉਪ-ਬੋਲੀਆਂ ਸਰਾਇਕੀ, ਲਹਿੰਦੀ, ਮੁਲਤਾਨੀ, ਪੁਆਧੀ, ਪੋਠੋਹਾਰੀ, ਡੋਗਰੀ, ਭਟਿਆਣੀ, ਮਾਝੀ ਅਤੇ ਮਲਵਈ ਆਦਿ ਹਨ। ਜੋਨ ਬੀਅਮਜ ਦੀ ਕਿਤਾਬ 'ਏ ਕੰਪੈਰੇਟਿਵ ਗਰਾਮਰ ਆਫ਼ ਮਾਡਰਨ ਆਰੀਅਨ ਲੈਂਗੁਏਜਜ਼ ਆਫ਼ ਇੰਡੀਆ' ਅਨੁਸਾਰ ਭਾਰਤ ਦੀਆਂ ਤਿੰਨ ਭਾਸ਼ਾਵਾਂ ਪੰਜਾਬੀ, ਬੰਗਾਲੀ ਤੇ ਉੜੀਆ ਹਨ, ਜਿਨ੍ਹਾਂ ਦੀ ਲਿਪੀ ਆਪੋ-ਆਪਣੀ ਹੈ। ਬੰਗਾਲੀ ਭਾਸ਼ਾ ਦੀ ਲਿਪੀ ਗੋਹੜੀ, ਉੜੀਆ ਭਾਸ਼ਾ ਦੀ ਲਿਪੀ ਨੂੰ ਉੜੀਆ ਅਤੇ ਕਲਿੰਗਾ ਵਜੋਂ ਜਾਣਿਆ ਜਾਂਦਾ ਹੈ। ਪੰਜਾਬੀ ਭਾਸ਼ਾ ਦੀ ਲਿਪੀ ਗੁਰਮੁਖੀ ਹੈ। ਇਸ ਦੇ 35 ਅੱਖ਼ਰ ਹਨ। ਗੁਰਮੁਖੀ ਸ਼ਬਦ ਤੋਂ ਭਾਵ ਗੁਰੂ ਦੇ ਮੁੱਖ ਤੋਂ ਨਿਕਲੀ ਜਾਂ ਗੁਰਾਂ ਦੁਆਰਾ ਰਚੀ ਗਈ ਹੈ। ਅਰਬੀ ਤੇ ਫ਼ਾਰਸੀ ਭਾਸ਼ਾਵਾਂ ਦੀਆਂ ਧੁਨੀਆਂ ਨੂੰ ਉਚਾਰਨ ਲਈ ਕੁਝ ਅੱਖ਼ਰਾਂ ਦੇ ਪੈਰ ਵਿਚ ਬਿੰਦੀ ਪਾਉਣੀ ਸ਼ੁਰੂ ਹੋਈ ਤਾਂ ਜੋ ਅਰਬੀ ਤੇ ਫ਼ਾਰਸੀ ਦੀਆਂ ਧੁਨੀਆਂ ਨੂੰ ਵੀ ਉਚਾਰਿਆ ਜਾ ਸਕੇ।



ਪੰਜਾਬੀ ਮਾਂ-ਬੋਲੀ

ਮੁਢਲੇ ਮੱਧਕਾਲੀਨ ਸਮੇਂ ਦੌਰਾਨ ਨਾਥਾਂ, ਜੋਗੀਆਂ, ਸੰਤਾਂ ਅਤੇ ਸੂਫ਼ੀਆਂ ਨੇ ਪੰਜਾਬੀ ਭਾਸ਼ਾ ਤੇ ਸਾਹਿਤ ਦੇ ਵਿਕਾਸ ਵਿਚ ਅਤਿ ਮਹੱਤਵਪੂਰਨ ਯੋਗਦਾਨ ਪਾਇਆ ਹੈ। ਦਿੱਲੀ ਸੁਲਤਾਨਾਂ ਦੇ ਕਾਲ ਦੌਰਾਨ ਸ਼ੇਖ਼ ਫ਼ਰੀਦ ਗੰਜ-ਏ-ਸ਼ਕਰ ਦਾ ਨਾਂਅ ਸਰਬਉੱਚ ਹੈ। ਮੁਗ਼ਲ ਕਾਲ ਦੌਰਾਨ ਗੁਰੂ ਨਾਨਕ ਸਾਹਿਬ ਜੀ ਤੇ ਦੂਸਰੇ ਗੁਰੂ ਸਾਹਿਬਾਨ ਦੀ ਬਾਣੀ ਅਤੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਪੰਜਾਬੀ ਸਾਹਿਤ ਦੀ ਬੇਮਿਸਾਲ ਪ੍ਰਾਪਤੀ ਹੈ।

ਇਕ ਵਿਲੱਖਣ ਤੇ ਇਤਿਹਾਸਕ ਤੌਰ 'ਤੇ ਦਿਲਚਸਪ ਹਵਾਲਾ ਹਾਫਿਜ਼ ਮਹਿਮੂਦ ਸ਼ੀਰਾਨੀ ਦੀ ਕਿਤਾਬ 'ਪੰਜਾਬ ਮੇਂ ਉਰਦੂ' ਵਿਚ ਮਿਲਦਾ ਹੈ। ਉਸ ਅਨੁਸਾਰ ਆਲਮਗੀਰ ਦੇ ਸਮੇਂ ਦੌਰਾਨ ਬੱਚਿਆਂ ਲਈ ਕੁਝ ਕਿਤਾਬਾਂ ਲਿਖਣੀਆਂ ਸ਼ੁਰੂ ਹੋਈਆਂ, ਜਿਨ੍ਹਾਂ ਦੀ ਸਿੱਖਿਆ ਦਾ ਮਾਧਿਅਮ ਪੰਜਾਬੀ ਸੀ। ਆਲਮਗੀਰ ਤੋਂ ਭਾਵ ਮੁਈਉਦਦੀਨ ਮੁਹੰਮਦ ਔਰੰਗਜ਼ੇਬ ਆਲਮਗੀਰ ਹੈ। (ਪੰਨਾ 81) ਮੀਆਂ ਮੌਲਾ ਬਖ਼ਸ਼ ਕੁਸ਼ਤਾ ਦੀ ਲਿਖਤ 'ਪੰਜਾਬ ਦੇ ਹੀਰੇ' ਅਨੁਸਾਰ ਪੰਜਾਬੀ ਬੋਲੀ ਨੂੰ ਵਿੱਦਿਆ ਦਾ ਸਾਧਨ ਬਣਨ ਦਾ ਮਾਣ ਸਿਰਫ਼ ਔਰੰਗਜ਼ੇਬ ਆਲਮਗੀਰ ਦੇ ਅਹਿਦ ਵਿਚ ਹੀ ਪ੍ਰਾਪਤ ਹੋਇਆ। ਉਸ ਵੇਲੇ ਪੰਜਾਬੀ ਨੇ ਉਰਦੂ ਅੱਖ਼ਰਾਂ ਨੂੰ ਵਰਤਿਆ। ਅੰਤਿਮ ਮੁਗ਼ਲ ਬਾਦਸ਼ਾਹ ਬਹਾਦੁਰ ਸ਼ਾਹ ਜ਼ਫ਼ਰ ਦੇ ਦੀਵਾਨਾਂ ਵਿਚੋਂ ਪੰਜਾਬੀ ਕਵਿਤਾਵਾਂ ਦੇ ਅਨੇਕ ਨਮੂਨੇ ਮਿਲਦੇ ਹਨ।

ਮਹਾਰਾਜਾ ਰਣਜੀਤ ਸਿੰਘ ਦੇ ਰਾਜਕਾਲ ਤੱਕ ਫ਼ਾਰਸੀ ਪੰਜਾਬ ਦੀ ਰਾਜ ਭਾਸ਼ਾ ਰਹੀ। ਭਾਰਤੀ ਆਜ਼ਾਦੀ ਸੰਗਰਾਮ ਦੌਰਾਨ ਆਧੁਨਿਕ ਪੰਜਾਬੀ ਕਵਿਤਾ, ਗਦਰ ਲਹਿਰ ਦੀ ਕਵਿਤਾ, ਸਮਾਜ ਸੁਧਾਰਕ ਲਹਿਰਾਂ, ਪੰਜਾਬੀ ਪੱਤਰਕਾਰੀ ਅਤੇ ਹੋਰ ਲਿਖਤਾਂ ਨੇ ਪੰਜਾਬੀ ਭਾਸ਼ਾ ਦੇ ਸਾਹਿਤ ਨੂੰ ਨਿਵੇਕਲਾ ਰੰਗ ਦਿੱਤਾ। ਸੂਫ਼ੀ ਤੇ ਭਗਤੀ, ਕਿੱਸਾ ਕਾਵਿ ਦੇ ਨਾਲ-ਨਾਲ ਪੰਜਾਬੀ ਸਾਹਿਤ ਦੀਆਂ ਹੋਰ ਵੰਨਗੀਆਂ ਵੀ ਵਧੇਰੇ ਪ੍ਰਚੱਲਿਤ ਹੋਈਆਂ।

1947 ਈਸਵੀ ਵਿਚ ਭਾਰਤੀ ਆਜ਼ਾਦੀ ਉਪਰੰਤ ਪਹਿਲਾਂ ਪੰਜਾਬ ਦੀਆਂ ਕੁਝ ਰਿਆਸਤਾਂ ਨੂੰ ਜੋੜ ਕੇ ਪੈਪਸੂ (1948-1956) ਬਣਿਆ ਤੇ ਟੁੱਟਿਆ। 1952 ਵਿਚ ਹਿਮਾਚਲ ਪ੍ਰਦੇਸ਼ ਅਤੇ 1966 ਵਿਚ ਹਰਿਆਣਾ ਪ੍ਰਾਂਤ ਬਣੇ। ਨਵੇਂ ਸੂਬਿਆਂ ਦੀ ਬਣਤਰ ਨਾਲ ਪੰਜਾਬ ਦਾ ਭੂਗੋਲਿਕ ਖੇਤਰ ਹੋਰ ਛੋਟਾ ਹੋਇਆ। ਪੰਜਾਬੀ ਵਸੋਂ ਦੀ ਪਹਿਲਾਂ ਅਦਲਾ ਬਦਲੀ ਪਾਕਿਸਤਾਨੀ ਪੰਜਾਬ ਨਾਲ ਹੋਈ, ਫੇਰ ਦੋ ਸੂਬੇ ਬਣੇ, ਫੇਰ ਚੰਡੀਗੜ੍ਹ ਸਾਂਝੀ ਰਾਜਧਾਨੀ ਬਣੀ। ਮਾਤ ਭਾਸ਼ਾ ਦੇ ਆਧਾਰ 'ਤੇ ਜਨਗਣਨਾ ਦੀ ਸ਼ੁਰੂਆਤ ਹੋਣ ਨਾਲ ਪੰਜਾਬੀ ਭਾਸ਼ਾ ਨਾਲ ਸੰਬੰਧਿਤ ਰਾਜਨੀਤਕ, ਸਮਾਜਿਕ, ਸਭਿਆਚਾਰਕ ਅਤੇ ਧਾਰਮਿਕ ਆਦਿ ਮਸਲੇ ਵਧੇਰੇ ਉਤਪੰਨ ਹੋਣ ਲੱਗੇ।

ਬਰਤਾਨਵੀ ਸਾਮਰਾਜ ਦੌਰਾਨ ਈਸਾਈ ਪ੍ਰਚਾਰਕਾਂ ਦੀ ਸਿੱਖਿਆ ਸੰਸਥਾਵਾਂ ਵਿਚ ਦਖਲ ਅੰਦਾਜ਼ੀ ਧਰਮ ਦੇ ਆਧਾਰ 'ਤੇ ਵੰਡ, ਹਿੰਦੀ ਭਾਸ਼ਾ ਨੂੰ ਇਕ ਖ਼ਾਸ ਵਰਗ ਵਲੋਂ ਮਾਤ-ਭਾਸ਼ਾ

ਮੰਨਣਾ, ਅੰਗਰੇਜ਼ੀ ਸਕੂਲਾਂ ਦੀਆਂ ਸਥਾਪਨਾ, ਪ੍ਰਾਈਵੇਟ ਸਕੂਲਾਂ ਵਿਚ ਪੰਜਾਬੀ ਨੂੰ ਨਜ਼ਰ-ਅੰਦਾਜ਼ ਕਰਨਾ, ਭਾਸ਼ਾ ਪ੍ਰਤੀ ਰਾਜ ਦੀਆਂ ਵੱਖ-ਵੱਖ ਸਰਕਾਰਾਂ ਦਾ ਗੈਰ-ਜ਼ਿੰਮੇਵਾਰਾਨਾ ਰਵੱਈਆ, ਭਾਸ਼ਾ ਨੀਤੀ ਦੀ ਅਣਹੋਂਦ, ਪੰਜਾਬ ਟੈਕਸਟ ਬੁੱਕ ਬੋਰਡ ਦਾ ਬੰਦ ਹੋਣਾ, ਪੰਜਾਬੀ ਭਾਸ਼ਾ ਵਿਕਾਸ ਵਿਭਾਗ, ਪੰਜਾਬ ਵਿਚ ਨਵੀਂ ਭਰਤੀ ਨਾ ਹੋਣਾ, ਜ਼ਿਲ੍ਹਾ ਭਾਸ਼ਾ ਦਫ਼ਤਰਾਂ ਦੀ ਉਸਾਰੂ ਭੂਮਿਕਾ ਨਾ ਹੋਣਾ, ਪੰਜਾਬੀ ਭਾਸ਼ਾ ਦਾ ਰੁਜ਼ਗਾਰ ਦੀ ਭਾਸ਼ਾ ਵਜੋਂ ਨਾ ਉਭਰਨਾ, ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਪੰਜਾਬੀ ਅਧਿਆਪਕਾਂ ਦੀ ਭਰਤੀ ਨਾ ਹੋਣਾ, ਸਰਕਾਰੀ ਅਤੇ ਗ਼ੈਰ-ਸਰਕਾਰੀ ਪੰਜਾਬੀ ਭਾਸ਼ਾ ਦੇ ਖੋਜ ਕੇਂਦਰਾਂ ਦੀ ਤਰਸਯੋਗ ਹਾਲਤ, ਸ਼ਾਹਮੁਖੀ ਤੇ ਗੁਰਮੁਖੀ ਸਾਹਿਤ ਦੇ ਲਿਪੀ ਅੰਤਰਨ ਦੀ ਘਾਟ, ਪੰਜਾਬੀ ਭਾਸ਼ਾ ਨਾਲ ਸੰਬੰਧਿਤ ਕੰਪਿਊਟਰ, ਇੰਟਰਨੈੱਟ ਅਤੇ ਆਨਲਾਈਨ ਖੋਜ ਕਰਨ ਹਿੱਤ ਫੰਡਾਂ ਦੀ ਘਾਟ, ਮੈਡੀਕਲ, ਟੈਕਨੀਕਲ, ਸਾਇੰਸ ਅਤੇ ਹੋਰ ਵਿਸ਼ਿਆਂ ਦੇ ਸਾਹਿਤ ਦੀ ਪੰਜਾਬੀ ਭਾਸ਼ਾ ਵਿਚ ਅਨੁਵਾਦ ਦੀ ਅਣਹੋਂਦ ਆਦਿ ਕੁਝ ਮਹੱਤਵਪੂਰਨ ਚੁਣੌਤੀਆਂ ਅਜੋਕੀ ਪੰਜਾਬੀ ਭਾਸ਼ਾ ਨਾਲ ਸੰਬੰਧਿਤ ਹਨ।

ਪੈਪਸੂ ਦੇ ਰਾਜ ਪ੍ਰਮੁੱਖ ਤੇ ਪਟਿਆਲਾ ਦੇ ਮਹਾਰਾਜਾ ਯਾਦਵਿੰਦਰ ਸਿੰਘ ਦੁਆਰਾ ਪੈਪਸੂ ਵਿਚ ਪੰਜਾਬੀ ਭਾਸ਼ਾ ਨੂੰ ਲਾਜ਼ਮੀ ਕਰਾਰ ਕੀਤਾ ਗਿਆ ਸੀ। ਪੈਪਸੂ ਦੇ ਸਾਰੇ ਅਫ਼ਸਰਾਂ ਨੂੰ ਸੇਵਾ ਦੌਰਾਨ ਪੰਜਾਬੀ ਭਾਸ਼ਾ (ਗੁਰਮੁਖੀ ਲਿਪੀ) ਦੇ ਟੈਸਟ ਪਾਸ ਕਰਵਾਏ ਗਏ ਸਨ। ਪੰਜਾਬੀ ਭਾਸ਼ਾ, ਸਾਹਿਤ, ਵਿਰਾਸਤ ਅਤੇ ਸੱਭਿਆਚਾਰ ਦੇ ਵਿਕਾਸ ਹਿਤ 1962 ਵਿਚ ਬਣੀ ਪੰਜਾਬੀ ਯੂਨੀਵਰਸਿਟੀ ਦੀ ਸਥਾਪਨਾ ਵਿਚ ਵੀ ਮਹਾਰਾਜਾ ਯਾਦਵਿੰਦਰ ਸਿੰਘ ਦਾ ਅਹਿਮ ਯੋਗਦਾਨ ਹੈ। ਸਰਦਾਰ ਲਛਮਣ ਸਿੰਘ ਗਿੱਲ, ਮੁੱਖ ਮੰਤਰੀ, ਪੰਜਾਬ ਦੀ ਅਗਵਾਈ ਅਧੀਨ ਪੰਜਾਬ ਵਿਧਾਨ ਸਭਾ ਵਲੋਂ ਐਕਟ ਨੰਬਰ 5, 1967 ਅਧੀਨ 'ਪੰਜਾਬ ਰਾਜ ਭਾਸ਼ਾ ਐਕਟ' ਪਾਸ ਕੀਤਾ ਗਿਆ ਸੀ। ਇਸ ਐਕਟ ਤਹਿਤ ਪੰਜਾਬ ਦੇ ਸਾਰੇ ਸਰਕਾਰੀ, ਗ਼ੈਰ ਸਰਕਾਰੀ ਦਫ਼ਤਰਾਂ ਅੰਦਰ ਕੰਮ-ਕਾਜ ਪੰਜਾਬੀ ਭਾਸ਼ਾ ਵਿਚ ਲਾਜ਼ਮੀ ਕੀਤਾ ਗਿਆ। ਪੰਜਾਬੀ ਤੋਂ ਭਾਵ ਪੰਜਾਬੀ ਦੀ ਲਿਪੀ ਗੁਰਮੁਖੀ ਹੋਵੇਗੀ। ਪੰਜਾਬ ਦੀ ਸਰਕਾਰੀ ਭਾਸ਼ਾ ਪੰਜਾਬੀ ਹੋਵੇਗੀ। ਵਿਧਾਨ ਸਭਾ ਦੇ ਬਿੱਲ, ਐਕਟ, ਆਰਡੀਨੈਂਸ ਆਦਿ ਪੰਜਾਬੀ ਭਾਸ਼ਾ ਵਿਚ ਲਿਖੇ ਜਾਣਗੇ। ਪੰਜਾਬ ਵਿਚ ਲੰਮਾ ਸਮਾਂ ਗਵਰਨਰ ਰਾਜ ਰਹਿਣ ਉਪਰੰਤ ਵੱਖ-ਵੱਖ ਪਾਰਟੀਆਂ ਦੀਆਂ ਸਰਕਾਰਾਂ ਵਲੋਂ ਪੰਜਾਬੀ ਭਾਸ਼ਾ ਦੇ ਵਿਕਾਸ ਹਿਤ ਕੁੱਝ ਕਾਰਜ ਕੀਤੇ ਗਏ ਹਨ। 2008 ਵਿਚ ਅਕਾਲੀ-ਭਾਜਪਾ ਸਰਕਾਰ ਸਮੇਂ ਰਾਜ ਭਾਸ਼ਾ ਐਕਟ ਨੂੰ ਪ੍ਰਭਾਵੀ ਬਣਾਉਣ ਲਈ ਕੁਝ ਸੋਧਾਂ ਹੋਈਆਂ ਅਤੇ ਪੰਜਾਬੀ ਦੀ ਪੜ੍ਹਾਈ ਦਸਵੀਂ ਤੱਕ ਜ਼ਰੂਰੀ ਕਰਵਾਉਣ ਲਈ ਵੱਖਰਾ ਕਾਨੂੰਨ ਬਣਾਇਆ ਗਿਆ। 4 ਅਗਸਤ, 2015 ਅਤੇ 3 ਮਾਰਚ, 2022 ਦੇ ਸੁਧਾਰਾਂ ਦੀ ਰੂਪ-ਰੇਖਾ ਵੀ ਵਰਣਨਯੋਗ ਹੈ। ਮੌਜੂਦਾ ਸਰਕਾਰ ਵਲੋਂ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਚੰਗੇ ਤੇ ਸੰਜੀਦਾ ਕਾਰਜਾਂ ਦੀ ਸ਼ੁਰੂਆਤ ਕਰਨ ਹਿੱਤ ਕੁਝ ਮਹੱਤਵਪੂਰਨ ਤੇ ਠੋਸ ਫ਼ੈਸਲੇ ਲੈਣ ਦੀ ਸ਼ੁਰੂਆਤ ਕੀਤੀ ਗਈ ਹੈ। ਸਰਕਾਰੀ ਫ਼ੈਸਲਿਆਂ ਨੂੰ ਲਾਗੂ ਕਰਨ ਲਈ ਸੁਹਿਰਦਤਾ, ਲਗਨ ਅਤੇ ਸਥਾਨਕ ਪੱਧਰ 'ਤੇ ਜਾਗਰੂਕਤਾ ਪੈਦਾ ਕਰਨੀ, ਸ਼ਕਤੀਸ਼ਾਲੀ, ਚਿਰ ਸਥਾਈ ਪ੍ਰਭਾਵ ਵਾਲੇ ਫ਼ੈਸਲੇ ਲਾਗੂ ਕਰਨ ਦੀ ਸਖ਼ਤ ਜ਼ਰੂਰਤ ਹੈ। ਪੰਜਾਬੀ ਸਾਹਿਤ, ਸੱਭਿਆਚਾਰ ਅਤੇ ਵਿਰਾਸਤ ਨੂੰ ਪ੍ਰਫੁਲਿਤ ਕਰਨ ਹਿਤ ਕੁਝ ਸੁਝਾਅ ਹੇਠ ਲਿਖੇ ਹਨ :

1. ਪੰਜਾਬੀ ਭਾਸ਼ਾ, ਸਾਹਿਤ ਅਤੇ ਵਿਰਾਸਤ ਦੇ ਵਿਕਾਸ ਹਿਤ ਬਣੇ ਵਿਭਾਗਾਂ, ਸੰਸਥਾਵਾਂ ਅਤੇ ਯੂਨੀਵਰਸਿਟੀਆਂ ਨੂੰ ਦਿੱਤੇ ਟੀਚਿਆਂ ਸੰਬੰਧੀ ਜਵਾਬਦੇਹ ਬਣਾਇਆ ਜਾਵੇ। ਪੰਜਾਬੀ ਭਾਸ਼ਾ ਦੇ ਵਿਕਾਸ ਹਿਤ ਯੋਗ ਸੰਸਥਾਵਾਂ ਅਤੇ ਜ਼ਿੰਮੇਵਾਰ ਹਸਤੀਆਂ ਨੂੰ ਜ਼ਿੰਮੇਵਾਰੀ ਦਿੱਤੀ ਜਾਵੇ। 2. ਪੰਜਾਬੀ ਦੀਆਂ ਵੱਖ-ਵੱਖ ਵੰਨਗੀਆਂ ਨਾਲ ਸੰਬੰਧਿਤ ਖੋਜ-ਕਾਰਜਾਂ ਨੂੰ ਵਜ਼ੀਫੇ/ਆਰਥਿਕ ਸਹਾਇਤਾ ਪ੍ਰਦਾਨ ਕੀਤੀ ਜਾਵੇ। 3. ਪੰਜਾਬ ਭਾਸ਼ਾ ਕਮਿਸ਼ਨ ਦੀ ਸਥਾਪਨਾ ਕੀਤੀ ਜਾਵੇ, ਜਿਸ ਦਾ ਮੰਤਵ ਭਾਸ਼ਾ ਦੇ ਇਤਿਹਾਸ ਅਤੇ ਵਿਰਾਸਤ ਦੀ ਸੰਭਾਲ ਅਤੇ ਹੋਰ ਸੰਬੰਧਿਤ ਅਤਿ ਮਹੱਤਵਪੂਰਨ ਮਸਲਿਆਂ ਨੂੰ ਹੱਲ ਕਰਨਾ ਹੋਵੇ। 4. ਭਾਸ਼ਾ ਵਿਭਾਗ, ਪੰਜਾਬ ਵਿਚ ਭਰਤੀਆਂ ਉਪਰੰਤ ਜ਼ਿਲ੍ਹਾ ਪੱਧਰ 'ਤੇ ਭਾਸ਼ਾ ਨਾਲ ਸੰਬੰਧਿਤ ਸੈਮੀਨਾਰਾਂ ਅਤੇ ਵਰਕਸ਼ਾਪਾਂ ਦਾ ਨਿਯਮਿਤ ਰੂਪ ਵਿਚ ਆਯੋਜਨ ਕੀਤਾ ਜਾਵੇ। 5. ਪੰਜਾਬੀ ਦੀ ਪੜ੍ਹਾਈ ਅਤੇ ਖੋਜ ਨੂੰ ਰੁਜ਼ਗਾਰ ਦਾ ਮਾਧਿਅਮ ਬਣਾਇਆ ਜਾਵੇ। ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਪੰਜਾਬੀ ਅਧਿਆਪਕਾਂ ਅਤੇ ਖੋਜਕਾਰਾਂ ਦੀ ਨਿਯਮਿਤ ਅਤੇ ਨਿਰੰਤਰ ਭਰਤੀ ਹੋਵੇ। 6. ਗੁਰਮੁਖੀ ਅਤੇ ਸ਼ਾਹਮੁਖੀ ਲਿਪੀ ਅੰਤਰਨ ਅਤੇ ਦੂਸਰੀਆਂ ਭਾਸ਼ਾਵਾਂ ਦੇ ਸੁਨਹਿਰੀ ਸਾਹਿਤ ਨੂੰ ਪੰਜਾਬੀ ਗੁਰਮੁਖੀ ਵਿਚ ਪਾਠਕਾਂ ਲਈ ਉਪਲਬਧ ਕਰਵਾਇਆ ਜਾਵੇ। 7. ਸਰਕਾਰੀ ਦਫ਼ਤਰਾਂ ਅਤੇ ਕੋਰਟਾਂ ਵਿਚ ਪੰਜਾਬੀ ਭਾਸ਼ਾ ਵਿਚ ਕੰਮ-ਕਾਰ ਨੂੰ ਲਾਗੂ ਕਰਨ ਹਿਤ ਯਕੀਨੀ ਬਣਾਉਣ ਲਈ ਸਰਕਾਰੀ ਸੁਹਿਰਦਤਾ ਅਤੇ ਸੰਜੀਦਗੀ ਹੋਵੇ। 8. ਪੰਜਾਬ ਟੈਕਸਟ-ਬੁੱਕ ਬੋਰਡ ਨੂੰ ਮੁੜ ਸਰਗਰਮ ਕੀਤਾ ਜਾਵੇ। 9. ਵੱਖ-ਵੱਖ ਪ੍ਰਕਾਰ ਦੀਆਂ ਡਿਕਸ਼ਨਰੀਆਂ/ਕੋਸ਼ ਅਤੇ ਦੁਰਲਭ ਕਿਤਾਬਾਂ ਨੂੰ ਮੁੜ ਛਪਵਾਇਆ ਜਾਵੇ। 10. ਸਰਕਾਰੀ, ਪ੍ਰਾਈਵੇਟ ਅਤੇ ਅੰਗਰੇਜ਼ੀ ਮਾਧਿਅਮ ਵਾਲੇ ਸਕੂਲਾਂ ਵਿਚ ਪੰਜਾਬੀ ਨੂੰ ਲਾਜ਼ਮੀ ਵਿਸ਼ੇ ਵਜੋਂ ਪੜ੍ਹਾਉਣ ਲਈ 2008 ਦਾ ਕਾਨੂੰਨ ਲਾਗੂ ਕੀਤਾ ਜਾਵੇ। 11. ਪੰਜਾਬੀ ਵਿਰੋਧੀ ਕਾਰਜ ਕਰਨ ਵਾਲੀਆਂ ਸੰਸਥਾਵਾਂ ਅਤੇ ਵਿਅਕਤੀਆਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਹੋਵੇ। 12. ਚੰਡੀਗੜ੍ਹ ਵਿਚ ਪੰਜਾਬੀ ਭਾਸ਼ਾ ਨੂੰ ਲਾਗੂ ਕਰਵਾਇਆ ਜਾਵੇ। 13. ਪੰਜਾਬੀ ਭਾਸ਼ਾ ਦੀਆਂ ਵੱਖ-ਵੱਖ ਵਿਧਾਵਾਂ ਦੇ ਲੇਖਕਾਂ ਨੂੰ ਸਨਮਾਨ ਯੋਗ ਸਥਾਨ ਦਿੱਤੇ ਜਾਣ। 14. ਪੰਜਾਬੀ ਭਾਸ਼ਾ ਦੇ ਅਮੀਰ ਵਿਰਸੇ ਨੂੰ ਵਿਸ਼ਵ ਪੱਧਰ 'ਤੇ ਪਹੁੰਚਾਉਣ ਹਿਤ ਇੰਟਰਨੈੱਟ/ਆਨਲਾਈਨ ਅਤੇ ਡਿਜੀਟਲ ਵਸੀਲਿਆਂ ਦੀ ਵਰਤੋਂ ਲਈ ਵਿਸ਼ੇਸ਼ ਸਕੀਮਾਂ ਅਤੇ ਫੰਡ ਜਾਰੀ ਕੀਤੇ ਜਾਣ। 15. ਸਾਇੰਸ, ਮੈਡੀਕਲ, ਟੈਕਨੀਕਲ ਅਤੇ ਵਣਜ-ਵਪਾਰ ਨਾਲ ਸੰਬੰਧਿਤ ਸਾਹਿਤ ਨੂੰ ਪੰਜਾਬੀ ਭਾਸ਼ਾ ਵਿਚ ਉਪਲਬਧ ਕਰਵਾਇਆ ਜਾਵੇ।

ਸੰਖੇਪ ਵਿਚ ਉਪਰੋਕਤ ਸੁਝਾਵਾਂ ਤੋਂ ਇਲਾਵਾ ਸਰਕਾਰੀ ਦਫ਼ਤਰਾਂ, ਵਿਧਾਨ ਸਭਾ, ਸੂਬਾਈ ਸਕੱਤਰੇਤ, ਜ਼ਿਲ੍ਹਾ, ਤਹਿਸੀਲ ਅਤੇ ਸਥਾਨਕ ਪੱਧਰ 'ਤੇ ਪੰਜਾਬੀ ਭਾਸ਼ਾ ਵਿਚ ਕੰਮ-ਕਾਜ ਯਕੀਨੀ ਬਣਾਉਣ ਦੇ ਨਾਲ-ਨਾਲ ਜਨਤਕ ਥਾਵਾਂ ਬਸ ਅੱਡਿਆਂ, ਹਸਪਤਾਲਾਂ, ਕਚਹਿਰੀਆਂ ਅਤੇ ਥਾਣੇ ਆਦਿ ਦਫ਼ਤਰਾਂ ਵਿਚ ਪੰਜਾਬੀ ਨੂੰ ਲਾਜ਼ਮੀ ਤੌਰ ਲਾਗੂ ਕਰਨ ਹਿਤ ਸੰਬੰਧਿਤ ਵਿਭਾਗ ਅਤੇ ਸਰਕਾਰ ਨੂੰ ਬੁਨਿਆਦੀ ਤੌਰ 'ਤੇ ਸੰਜੀਦਗੀ ਨਾਲ ਸ਼ੁਰੂ ਕਰਨ ਦੀ ਜ਼ਰੂਰਤ ਹੈ ਤਾਂ ਜੋ ਪੰਜਾਬੀ ਭਾਸ਼ਾ, ਸਾਹਿਤ ਅਤੇ ਵਿਰਾਸਤ ਦੀ ਸੰਭਾਲ ਅਤੇ ਵਿਕਾਸ ਨੂੰ ਨਿਰੰਤਰ ਜਾਰੀ ਰੱਖਿਆ ਜਾ ਸਕੇ।

-0-

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਕਿਸ਼ਤ 8

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ੁੱਧ ਛਪਾਈ ਬਾਰੇ ਪੰਥ ਦੇ ਵਿਚਾਰਨਯੋਗ ਮਸਲੇ ਅਤੇ ਸਮਾਧਾਨ



ਗਿਆਨੀ ਜਗਤਾਰ ਸਿੰਘ ਜਾਚਕ

ਪ੍ਰੰਤੂ ਟਕਸਾਲ ਭਿੰਡਰਾਂ ਦੀਆਂ ਉਪਰੋਕਤ ਗੁਰਬਾਣੀ ਪ੍ਰਕਾਸ਼ਨਾਵਾਂ ਵਿੱਚ ਉਪਰੋਕਤ ਡੰਡੀਆਂ ਦੇ ਦੁਹਰਾਅ ਦਾ ਮੂਲੋਂ ਅਭਾਵ ਹੈ। ਭਾਵ, 'ਗੁਰਪ੍ਰਸਾਦਿ' ਪਦ ਉਪਰੰਤ ਡੰਡੀਆਂ ਦੇ ਦੋ ਜੋੜਿਆਂ ਦੀ ਥਾਂ ਡੰਡੀਆਂ ਦਾ ਕੇਵਲ ਇੱਕੋ ਜੋੜਾ ਹੈ; ਕਿਉਂਕਿ ਸਾਰੇ ਸੰਪਰਦਾਈ ਡੇਰੇਦਾਰ ਮੂਲ-ਮੰਤ੍ਰ ਦਾ ਸੰਪੂਰਨ ਰੂਪ 'ਨਾਨਕ ਹੋਸੀ ਭੀ ਸਚੁ ॥' ਤਕ ਮੰਨਦੇ ਹਨ ਤੇ ਸਾਰਿਆਂ ਨੂੰ ਮਨਵਾਉਣ ਲਈ ਯਤਨਸ਼ੀਲ ਹਨ। ਟਕਸਾਲ ਵੱਲੋਂ ਪਹਿਲੀ ਪਉੜੀ ਦੀ ਦੂਜੀ ਤੁਕ "ਚੁਪੈ ਚੁਪ ਨ ਹੋਵਈ... ॥" ਵਿਚਲੇ 'ਚੁਪ' ਲਫ਼ਜ਼ ਨੂੰ ਅੰਤਕ ਸਿਹਾਰੀ ਸਹਿਤ 'ਚੁਪਿ' ਛਾਪਿਆ ਜਾ ਰਿਹਾ ਹੈ, ਕਿਉਂਕਿ ਡੇਰਾ ਭਿੰਡਰਾਂ ਦੀ ਪੁਸਤਕ 'ਗੁਰਬਾਣੀ ਪਾਠ ਦਰਸ਼ਨ' ਅਤੇ ਡੇਰਾ ਚੌਕ ਮਹਿਤਾ ਦੀ 'ਗੁਰਬਾਣੀ ਪਾਠ ਦਰਪਣ' ਮੁਤਾਬਿਕ ਸ੍ਰੀ ਦਮਦਮੀ ਬੀੜ ਵਿੱਚ ਪਾਠ 'ਚੁਪਿ' ਹੈ ਅਤੇ ਸ੍ਰੀ ਕਰਤਾਰਪੁਰੀ ਬੀੜ ਵਿੱਚ 'ਚੁਪ'। ਪਰ, ਸ਼ਹੀਦ ਭਾਈ ਮਨੀ ਸਿੰਘ ਜੀ ਦੇ ਨਾਮ ਨਾਲ ਜੋੜੀ ਜਾਂਦੀ ਦਿੱਲੀ ਵਾਲੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸ਼ਹੀਦ ਬਾਬਾ ਦੀਪ ਸਿੰਘ ਵਾਲੀ ਸੁਨਹਿਰੀ ਬੀੜ ਮੁਤਾਬਿਕ ਟਕਸਾਲ ਦੇ ਉਪਰੋਕਤ ਦਾਵੇ ਮਨਘੜਤ ਸਾਬਿਤ ਹੁੰਦੇ ਹਨ। ਕਾਰਨ ਹੈ ਕਿ ਦਮਦਮੀ ਸ਼ਾਖ ਦੀ ਸੁਨਿਹਰੀ ਬੀੜ ਵਿੱਚ ਜਪੁ-ਜੀ ਦੀ ਪਹਿਲੀ ਪਉੜੀ ਦੀ ਪਹਿਲੀ ਤੁਕ ਅੰਦਰਲਾ 'ਚੁਪ' ਅੰਤਕ ਮੁਕਤਾ ਹੈ ਅਤੇ ਭਾਈ ਮਨੀ ਸਿੰਘ ਵਾਲੀ ਬੀੜ ਵਿੱਚ ਪਹਿਲੀ ਤੁਕ ਅੰਦਰਲਾ 'ਸੋਚ' ਤੇ ਦੂਜੀ ਤਕ ਵਿੱਚਲਾ 'ਚੁਪ' ਦੋਵੇਂ ਪਦ ਤੀਜੀ ਤੁਕ ਵਿਚਲੇ 'ਭੁਖ' ਪਦ ਵਾਂਗ ਅੰਤਕ ਮੁਕਤੇ ਹਨ।

ਸ਼੍ਰੋਮਣੀ ਕਮੇਟੀ ਵੱਲੋਂ ੧੯੯੯ ਵਿੱਚ ਸਥਾਪਤ ਜਥੇਦਾਰ ਵੇਦਾਂਤੀ ਜੀ ਵਾਲੀ 'ਸ੍ਰੀ ਗੁਰੂ ਗ੍ਰੰਥ ਸਾਹਿਬ ਸਟੱਡੀ ਟੀਮ' ਗੁਰਬਾਣੀ ਦੀ ਲਿਖਣ ਸ਼ੈਲੀ ਅਥਵਾ ਵਿਆਕਰਣਿਕ ਚਾਨਣ ਵਿੱਚ ਇਸ ਸਿੱਟੇ 'ਤੇ ਪਹੁੰਚੀ ਸੀ ਕਿ ਜਪੁ-ਜੀ ਦੀ ਪਹਿਲੀ ਪਉੜੀ ਅੰਦਰਲੇ 'ਸੋਚ', 'ਚੁਪ' ਤੇ 'ਭੁਖ' ਤਿੰਨੇ ਪਾਠ ਅੰਤਕ ਮੁਕਤੇ ਹੀ ਸ਼ੁਧ ਹਨ। ਇਸਤ੍ਰੀ ਲਿੰਗ ਸਧਾਰਨ ਨਾਂਵ ਹੋਣ ਕਰਕੇ ਅੰਤਕ ਸਿਹਾਰੀ ਲੋੜੀਂਦੀ ਨਹੀਂ। ਸਤਿਕਾਰਯੋਗ ਗਿ. ਭਰਪੂਰ ਸਿੰਘ ਜੀ ਵੀ ਇਸ ਤੱਥ ਦੀ ਜ਼ੋਰਦਾਰ ਪੁਸ਼ਟੀ ਕਰਦੇ ਹਨ। ਇਹੀ ਕਾਰਣ ਹੈ ਕਿ 'ਸਿੱਖ ਬੁੱਕ ਕਲੱਬ' ਵਾਲੀ ਬੀੜ ਦੇ ਖੋਜ ਖਰੜੇ ਮੁਤਾਬਿਕ ਜਥੇਦਾਰ ਵੇਦਾਂਤੀ ਜੀ ਨੇ ਵੀ ਜਪੁ-ਜੀ ਦੀ ਪਹਿਲੀ ਪਉੜੀ ਵਿਚਲੇ ਇਹ ਤਿੰਨੇ ਪਾਠ ਅੰਤਕ ਮੁਕਤੇ ਹੀ ਸ਼ੁਧ ਮੰਨੇ ਹਨ।

ਸ਼ੋਸਲ ਮੀਡੀਏ ਦੀ ਬਦੌਲਤ ਟਕਸਾਲ ਭਿੰਡਰਾਂ ਦਾ ਪੰਥ ਦੀ ਪਾਰਦਰਸ਼ਕ ਜੁਗਤਿ ਤੋਂ ਹੀਣਾ ਉਪਰੋਕਤ ਉਪਰਾਲਾ ਹੁਣ ਇੱਕ ਵਾਇਰਲ ਵੀਡੀਓ ਰਾਹੀਂ ਸਭ ਦੇ ਸਾਹਮਣੇ ਆ ਚੁੱਕਾ ਹੈ। ਹੈਰਾਨੀ ਹੁੰਦੀ ਹੈ ਕਿ ਡੇਰਾ ਭਿੰਡਰ ਕਲਾਂ ਅਤੇ ਚੌਕ ਮਹਿਤਾ ਵਾਲੇ ਸ਼ਹੀਦ ਭਾਈ ਮਨੀ ਸਿੰਘ ਤੇ ਸ਼ਹੀਦ ਬਾਬਾ ਦੀਪ ਸਿੰਘ ਜੀ ਨੂੰ ਦਮਦਮੀ ਟਕਸਾਲ ਦੇ ਮੋਢੀ ਬਾਬੇ ਮੰਨਦੇ ਹਨ। ਪਰ, ਉਨ੍ਹਾਂ ਦੀਆਂ ਗੁਰਬਾਣੀ ਪ੍ਰਕਾਸ਼ਨਾਵਾਂ ਆਪਣੇ ਮੋਢੀਆਂ ਦੀਆਂ ਲਿਖਤਾਂ ਨਾਲ ਮੁਢੋਂ ਹੀ ਮੇਲ ਨਹੀਂ ਖਾਂਦੀਆਂ। ਇਥੇ ਪਹੁੰਚ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਅਮਰੀਕਾ ਨਿਵਾਸੀ ਸ੍ਰ. ਥਮਿੰਦਰ ਸਿੰਘ 'ਅਨੰਦ' ਬਾਰੇ ਲਿਆ ਫੈਸਲਾ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੱਚ-ਨਿਆ ਪ੍ਰਣਾਲੀ ਦੀ ਖਿਲਾਫ਼ਤ ਜਾਪਣ ਲਗਦਾ ਹੈ। ਕਾਰਣ ਹੈ ਕਿ ਸ੍ਰ. 'ਅਨੰਦ' ਨੇ ਤਾਂ ਜਥੇਦਾਰ ਵੇਦਾਂਤੀ ਜੀ ਦੁਆਰਾ ਸੋਧੀ ਹੋਈ ਪਾਵਨ ਬੀੜ ਦਾ ਖਰੜਾ ਅਪ੍ਰੈਲ ੨੦੨੨ ਨੂੰ 'ਸਿੱਖ ਬੁੱਕ ਕਲੱਬ' ਦੀ ਐਪ ਦੁਆਰਾ ਕੇਵਲ ਪੰਥਕ ਵਿਚਾਰ ਹਿਤ ਔਨਲਾਈਨ ਹੀ ਸਾਂਝਾ ਕੀਤਾ ਸੀ। ਕੋਈ ਪੋਥੀ ਜਾਂ ਬੀੜ ਛਾਪ ਕੇ ਨਹੀਂ ਵੰਡੀ। ਪ੍ਰੰਤੂ, ਪੰਥ ਦੀ ਸਾਂਝੀ ਪੰਥਕ ਮਰਯਾਦਾ ਤੋਂ ਬਾਗੀ ਟਕਸਾਲ ਭਿੰਡਰਾਂ (ਦਮਦਮੀ ਟਕਸਾਲ) ਵਾਲੇ ਤਾਂ ਮਨਮਰਜ਼ੀ ਦੀਆਂ ਸੋਧਾਂ ਕਰਕੇ ਸਿੱਖ ਜਗਤ ਦੇ ਸਮੂਹ ਸ਼ਰਧਾਲੂ ਸਿੱਖਾਂ ਤੋਂ ਚੋਰੀ ਅਤੇ ਖ਼ਾਲਸਾ ਪੰਥ ਨੂੰ ਦੱਸੇ ਬਗੈਰ ਚੁੱਪ-ਚਪੀਤੇ ਹੀ ਲਗਭਗ ਪਿਛਲੇ ੨੦ ਸਾਲਾਂ ਤੋਂ ਨਿਰੰਤਰ ਪਾਵਨ ਬੀੜਾਂ, ਪੋਥੀਆਂ ਤੇ ਗੁਟਕੇ ਆਦਿਕ ਛਾਪ ਕੇ ਦੇਸ਼ ਵਿਦੇਸ਼ ਵਿੱਚ ਵੇਚੀ ਜਾ ਰਹੇ ਹਨ। ਦਾਸ ਦੀ ਲਾਇਬ੍ਰੇਰੀ ਵਿਖੇ ਜਥੇਦਾਰ ਵੇਦਾਂਤੀ ਜੀ ਪਾਸੋਂ ਪ੍ਰਾਪਤ ਹੋਈਆਂ ਉਨ੍ਹਾਂ ਦੋ ਪੋਥੀਆਂ ਦੀ ਫੋਟੋ ਕਾਪੀ ਵੀ ਮੌਜੂਦ ਹੈ, ਜਿਨ੍ਹਾਂ ਤੋਂ ਸਤਿਕਾਰਯੋਗ ਗਿ. ਗੁਰਬਚਨ ਸਿੰਘ ਖ਼ਾਲਸਾ ਜੀ ਆਪਣੇ ਵਿਦਿਆਰਥੀਆਂ ਨੂੰ ਸੰਥਾ ਦਿੰਦੇ ਰਹੇ। ਪਰ ਹੈਰਾਨੀ ਹੁੰਦੀ ਹੈ ਕਿ ਉਸ ਪੋਥੀ ਵਿੱਚ ਵੀ 'ਜਪੁ' ਸਿਰਲੇਖ ਤੋਂ ਪਹਿਲਾਂ ਦੀਆਂ ਦੂਹਰੀਆਂ ਡੰਡੀਆਂ ਦਾ ਜੋੜਾ ਗਾਇਬ ਹੈ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਸ੍ਰੀ ਅੰਮ੍ਰਿਤਸਰ ਵਾਲੇ ਪਾਵਨ ਬੀੜਾਂ ਦੇ ਪ੍ਰਕਾਸ਼ਕ ਦੁਕਾਨਦਾਰ ਵੀ ਗੁਰਬਾਣੀ ਦੀ ਸ਼ੁਧ ਛਪਾਈ ਪੱਖੋਂ ਉਪਰੋਕਤ ਸੰਪਰਦਾ ਵੱਲੋਂ ਮਿਲੀਆਂ ਸੇਧਾਂ ਨੂੰ ਹੀ ਵਿਸ਼ੇਸ਼ ਮਹਤਵ ਦਿੰਦੇ ਰਹੇ ਹਨ।

ਜਥੇਦਾਰ ਵੇਦਾਂਤੀ ਜੀ ਨੇ ਜਿਸ ਖੋਜ ਖਰੜੇ ਪ੍ਰਤੀ ਦਾਸ ਨਾਲ ਸ੍ਰੀ ਅੰਮ੍ਰਿਤਸਰ ਵਿਖੇ ਆਪਣੇ ਘਰ ੬ ਮਹੀਨੇ ਦੇ ਲਗਭਗ ਵਿਚਾਰ-ਵਿਟਾਂਦਰਾ ਕੀਤਾ, ਉਹ ਉਪਰੋਕਤ ਕਿਸਮ ਦੀਆਂ ਸਾਰੀਆਂ ਸੰਦਿਗਧਰਚਨਾਵਾਂ ਤੋਂ ਰਹਿਤ ਸੀ। ਹਾਂ, ਇਸ ਸਮੇਂ ਦਰਿਮਿਆਨ ਕਦੇ ਕਦਾਈਂ ਇਤਨਾ ਬਚਨ ਜ਼ਰੂਰ ਕਰਦੇ ਸਨ ਕਿ "ਮੇਰੇ ਕੁਝ ਸੁਹਿਰਦ ਸੱਜਣ ਚਾਹੁੰਦੇ ਹਨ ਕਿ ਪਾਵਨ ਬੀੜ ਵਿੱਚ ਅਜਿਹੇ ਵਾਧੇ ਘਾਟੇ ਲਈ ਪੰਥਕ ਪੱਧਰ ਦੀ ਰਾਇ ਲੈਣੀ ਲਾਜ਼ਮੀ ਹੈ। ਇਸ ਲਈ ਯਤਨਸ਼ੀਲ ਹਾਂ ਕਿ ਇਸ ਖਰੜੇ ਦੀ ਇੱਕ ਕਾਪੀ ਉਪਰੋਕਤ ਤਰ੍ਹਾਂ ਦੀਆਂ ਸੰਦਿਗਧ ਰਚਨਾਵਾਂ ਦੇ ਸਹਿਤ ਵੀ ਤਿਆਰ ਹੋ ਜਾਵੇ। ਭਾਵੇਂ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਦਰਲੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਕੇਂਦਰ' ਸਥਿਤ ਪਾਵਨ ਬੀੜਾਂ ਵਾਚ ਕੇ ਮੈਨੂੰ ਪੂਰਨ ਨਿਸ਼ਚਾ ਹੋ ਗਿਆ ਹੈ ਕਿ ਪਹਿਲਾਂ ਵਰਨਣ ਕੀਤੀਆਂ ਸੰਦਿਗਧ ਰਚਨਾਵਾਂ ਪੰਜਵੇਂ ਗੁਰੂ ਪਾਤਸ਼ਾਹ ਦੀ ਸੰਪਾਦਤ 'ਪੋਥੀ ਸਾਹਿਬ' ਦਾ ਭਾਗ ਨਹੀਂ ਹੋਣਗੀਆਂ।

ਛਾਪੇ ਦੀ ਬੀੜ ਅੰਦਰਲਾ 'ਕਹੁ ਕਬੀਰ ਜਨ ਭਏ ਖਾਲਸੇ... ॥ {ਪੰ. ੬੫੫} ਤੁਕ ਵਾਲਾ 'ਖਾਲਸੇ' ਪਦ ਵੀ ਸ੍ਰੀ ਕਰਤਾਰਪੁਰੀ ਮੌਜੂਦਾ ਬੀੜ ਨੂੰ ਛੱਡ ਕੇ ਬਾਕੀ ਹੋਰ ਕਿਸੇ ਬੀੜ ਵਿੱਚ ਨਹੀਂ। ਸਭ ਬੀੜਾਂ ਵਿੱਚ ਸ਼ੁਧ ਪਾਠ 'ਖਲਾਸੇ' ਹੈ। ਜੇ ਕਿਸੇ ਦਮਦਮੀ ਸ਼ਾਖ ਦੀ ਬੀੜ ਵਿੱਚ 'ਖਾਲਸੇ' ਪਾਠ ਹੈ ਤਾਂ ਉਹ ਸ੍ਰੀ ਕਰਤਾਰਪੁਰੀ ਬੀੜ ਦੀ ਹੀ ਨਕਲ ਹੈ। 'ਸੁਰਸਿੰਘੀ' ਬੀੜ ਦੀ ਮੁਢਲੀ ਲਿਖਤ ਅਨੁਸਾਰ ਸ਼ੁਧ ਲਫ਼ਜ਼ 'ਖਲਾਸੇ' ਹੈ। ਇਸ ਬੀੜ ਦੀ ਡਿਜ਼ਟਲ ਕਾਪੀ ਕਰਨ ਮੌਕੇ ਅਸਾਂ ਦਰਸ਼ਨ ਕੀਤੇ ਸਨ ਕਿ ਕਿਸੇ ਸੱਜਣ ਨੇ ਛਾਪੇ ਦੀ ਬੀੜ ਨੂੰ ਵੇਖ ਕੇ ਸੁਰਸਿੰਘੀ ਬੀੜ ਦੇ ਮੂਲ-ਪਾਠ ਵਿੱਚ 'ਖ' ਨੂੰ ਫ਼ਿਕਾ ਜਿਹਾ ਕੰਨਾ ਲਗਾਉਣ ਦਾ ਅਸਫਲ ਯਤਨ ਕੀਤਾ ਹੈ;

ਕਿਉਂਕਿ ਇਸ ਪ੍ਰਕਾਰ ਪਾਠ 'ਖਾਲਸੇ' ਦੀ ਥਾਂ 'ਖਾਲਾਸੇ' ਬਣ ਗਿਆ ਹੈ।"

ਜਥੇਦਾਰ ਵੇਦਾਂਤੀ ਜੀ ਬੜੇ ਜ਼ੋਰਦਾਰ ਲਫ਼ਜ਼ਾਂ ਵਿੱਚ ਆਖਦੇ ਸਨ ਕਿ "ਜੇ ਸ਼੍ਰੋਮਣੀ ਕਮੇਟੀ ਨੇ ਸਾਡੇ ਇਸ ਖੋਜ ਖਰੜੇ ਬਾਰੇ ਪੰਥਕ ਰਾਇ ਲੈਣ ਦਾ ਯਤਨ ਨਾ ਕੀਤਾ ਤਾਂ ਗੁਰੂ ਆਸਰੇ ਮੇਰੀ ਕੋਈ ਅੰਤਮ ਕੋਸ਼ਿਸ਼ ਅਵੱਸ਼ ਹੋਵੇਗੀ ਕਿ ਭਵਿੱਖ ਵਿੱਚ ਪਾਵਨ ਬੀੜ ਦਾ ਸੱਚ ਪੰਥਕ ਵਿਚਾਰ ਦਾ ਭਾਗ ਬਣਿਆ ਰਹੇ। ਐਸਾ ਨਾ ਹੋਵੇ ਕਿ ਸਾਡੇ ਬਜ਼ੁਰਗ ਵਿਦਵਾਨਾਂ ਤੇ ਅਣਥੱਕ ਖੋਜੀਆਂ ਦੀ ਘਾਲਣਾ, ਰਾਜਨੀਤਕਾਂ ਦੇ ਕਲੁਖਤ ਪਰਛਾਵੇਂ ਹੇਠ ਦੱਬੀ ਹੀ ਰਹਿ ਜਾਵੇ। (ਗਲ਼ਾ ਭਰ ਕੇ ਆਖਦੇ) ਮੈਂ ਹਰ ਰੋਜ਼ ਸ੍ਰੀ ਦਰਬਾਰ ਸਾਹਿਬ ਵਿਖੇ ਪਹੁੰਚ ਕੇ ਅਰਦਾਸ ਕਰਦਾ ਹਾਂ ਕਿ ਹੇ ਸਤਿਗੁਰੂ ਜੀ ! ਆਪਣੇ ਸਾਜੇ ਨਿਵਾਜੇ ਖ਼ਾਲਸਾ ਪੰਥ ਨੂੰ ਬਿਬੇਕ-ਬੁਧੀ ਤੇ ਗੁਰਬਾਣੀ ਵਿਚਾਰਣ ਦਾ ਬਲ ਬਖ਼ਸ਼ੋ। ਗੁਰਬਾਣੀ ਦੀ ਲਿਖਤੀ ਸ਼ੁਧਤਾ ਪੱਖੋਂ ਉਨ੍ਹਾਂ ਤੋਂ ਆਪਣਾ ਇਹ ਕਾਰਜ ਆਪ ਹੀ ਸੰਪੂਰਨ ਕਰਵਾਓ। ਮੈਨੂੰ ਪੂਰਾ ਭਰੋਸਾ ਹੈ, ਗੁਰੂ ਕੋਈ ਗ਼ੈਬੀ ਕਲਾ ਅਵੱਸ਼ ਵਰਤਾਏਗਾ।ਹਰੇਕ ਬਿਬੇਕੀ ਸਿੱਖ ਦੇ ਮੂੰਹੋਂ ਸੁਣਿਆ ਜਾਏਗਾ 'ਜਿਸ ਕਾ ਕਾਰਜੁ, ਤਿਨ ਹੀ ਕੀਆ; ਮਾਣਸੁ ਕਿਆ ਵੇਚਾਰਾ, ਰਾਮ ॥' {ਪੰ.੭੮੪}"

ਜਥੇਦਾਰ ਜੀ ਦੇ ਇਨ੍ਹਾਂ ਕਥਨਾਂ ਦਾ ਪਹਿਲਾ ਸੱਚ ਉਦੋਂ ਪ੍ਰਗਟ ਹੋਇਆ, ਜਦੋਂ ਉਨ੍ਹਾਂ ਦੀ ਮੌਜੂਦਗੀ ਵਿੱਚ ਹੀ ਡਾ. ਅਮਰ ਸਿੰਘ ਹੁਰਾਂ ਨੇ '**ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਹੱਥ ਲਿਖਤ ਬੀੜਾਂ ਦੇ ਦਰਸ਼ਨ**' ਨਾਂ ਦੀ ਪੁਸਤਕ ਦਾ ਪਹਿਲਾ ਭਾਗ ਪ੍ਰਕਾਸ਼ਤ ਕਰ ਦਿੱਤਾ। ਕਾਰਣ ਹੈ ਕਿ ਇਸ ਪੁਸਤਕ ਦੀ ਅੰਤਿਕਾ ਨੰ. ੨੭ (ਪੰ. ੨੭੬) ਵਿਖੇ ੫ ਬੀੜਾਂ ਦੀ ਸੂਚੀ ਦਿੱਤੀ ਹੈ, ਜਿਨ੍ਹਾਂ ਵਿੱਚ 'ਰਾਮਕਲੀ ਛੰਤ ਮਹਲਾ ੫' ਦੇ ਪੰਜਵੇਂ ਛੰਤ ਦੀਆਂ ਦੋ ਤੁਕਾਂ "ਰਣ ਝੁੰਝਨੜਾ ਗਾਉ ਸਖੀ ਹਰਿ ਏਕੁ ਧਿਆਵਹੁ ॥ ਸਤਿਗੁਰੁ ਤੁਮ ਸੇਵਿ ਸਖੀ ਮਨਿ ਚਿੰਦਿਅੜਾ ਫਲੁ ਪਾਵਹੁ ॥" ਸ਼ਾਮਿਲ ਨਹੀਂ ਹਨ। ਜਿਵੇਂ ਬੀੜ ਨੰ. ੮, ੧੯, ੫੭, ੭੩, ੧੧੫ ॥ ਇਸੇ ਤਰ੍ਹਾਂ ਅੰਤਿਕਾ ਨੰ. ੩੬ (ਪੰਨਾ ੨੭੮) ਵਿੱਚ ੧੪ ਬੀੜਾਂ ਦੀ ਸੂਚੀ ਦਾ ਵਰਨਣ ਹੈ, ਜਿਨ੍ਹਾਂ ਵਿੱਚ ਭਗਤ ਸੂਰਦਾਸ ਵਾਲੀ ਇੱਕ ਤੁਕ "ਛਾਡਿ ਮਨ ਹਰਿ ਬਿਮੁਖਨ ਕੋ ਸੰਗੁ ॥" ਅੰਕਿਤ ਨਹੀਂ। ਜਿਵੇਂ ਬੀੜ ਨੰ. ੭, ੮, ੯, ੨੬, ੨੭, ੩੪, ੫੭, ੫੯, ੬੮, ੭੩, ੧੦੬, ੧੧੫, ੧੩੫ ਤੇ ੧੪੯। ਇਸ ਪੁਸਤਕ ਵਿੱਚ 'ਸਲੋਕ ਵਾਰਾਂ ਤੇ ਵਧੀਕ' ਸੰਗ੍ਰਹਿ ਵਿਚਲੇ ਮਹਲੇ ੪ ਦੇ ੩੦ ਸਲੋਕਾਂ ਦੀ ਥਾਂ ੨੭ ਸਲੋਕਾਂ ਵਾਲੀਆਂ ਬੀੜਾਂ ਦੇ ਦਰਸ਼ਨ ਵੀ ਹੁੰਦੇ ਹਨ, ਕਿਉਂਕਿ ਇਸ ਸੰਗ੍ਰਹਿ ਦੇ ਪਿਛਲੇ ਤਿੰਨ ਸਲੋਕ ਰਾਗਾਂ ਦੀਆਂ ਵਾਰਾਂ ਵਿੱਚ ਪਹਿਲਾਂ ਹੀ ਅੰਕਿਤ ਹੋ ਚੁੱਕੇ ਹਨ।

ਦੂਜਾ ਪੱਖ ਉਦੋਂ ਉਦੈ ਹੋਇਆ, ਜਦੋਂ ਉਨ੍ਹਾਂ ਦੇ ਅਕਾਲ ਚਲਾਣੇ ਉਪਰੰਤ 'ਸਿੱਖ ਬੁੱਕ ਕਲੱਬ ਅਮਰੀਕਾ' ਨੇ ਜਥੇਦਾਰ ਜੀ ਦੇ ਹੁਕਮ ਦੀ ਪਾਲਣਾ ਕਰਦਿਆਂ ਗੁਰੂ ਸੇਵਾ ਜਾਣਕੇ ਪਾਵਨ ਬੀੜ ਦਾ ਉਹ ਖੋਜ-ਖਰੜਾ ਔਨਲਾਈਨ ਪ੍ਰਕਾਸ਼ਤ ਕਰ ਦਿੱਤਾ, ਜਿਹੜਾ ਪੰਥਕ ਪਧਰ ਦੇ ਕਿਸੇ ਖੋਜੀ ਅਤੇ ਨਿਰਣਾਇਕ ਫੈਸਲੇ ਨਿਰਣੈ ਦੀ ਉਡੀਕ ਵਿੱਚ ਉਪਰੋਕਤ ਕਿਸਮ ਦੇ ਲੋੜੀਂਦੇ ਵਾਧੇ-ਘਾਟੇ ਤੋਂ ਰਹਿਤ ਹੈ। 'ਅਮਰੀਕਨ ਸਿੱਖ ਕੌਂਸਲ' ਦੇ ਪ੍ਰਧਾਨ ਨੇ ਐਲਾਨੀਆ ਆਖਿਆ ਕਿ ਉਹ ਧੰਨਵਾਦੀ ਹੈ 'ਸਿੱਖ ਬੁੱਕ ਕਲੱਬ' ਦੇ ਮੁਖੀ ਸ੍ਰ. ਥਮਿੰਦਰ ਸਿੰਘ ਅਨੰਦ ਦਾ, ਜਿਸ ਨੇ ਪੁਜਾਰੀਵਾਦ ਦੇ ਸਮਾਜਕ ਬਾਈਕਾਟ ਅਤੇ ਜਾਨ-ਮਾਲ ਦਾ ਖ਼ਤਰਾ ਸਹੇੜ ਕੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ੁਧ ਛਪਾਈ ਦੇ ਮਸਲੇ ਨੂੰ ਪੰਥਕ ਪਧਰ 'ਤੇ ਉਭਾਰਿਆ ਹੈ। ਜੇ ਹੁਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਜਾਂ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਗੁਰਬਾਣੀ ਦੇ ਇਸ ਗਹਿਰ-ਗੰਭੀਰ ਤੇ ਅਤਿਅੰਤ ਸੰਵੇਦਨਸ਼ੀਲ ਮਸਲੇ ਨੂੰ ਦਬਾਉਣ ਜਾਂ ਇਸ ਪੱਖੋਂ ਪਾਸਾ ਵੱਟਣ ਦਾ ਯਤਨ ਕੀਤਾ ਤਾਂ ਉਹ ਕੌਂਸਲ ਵੱਲੋਂ ਗੁਰਬਾਣੀ ਦੀ ਸ਼ੁਧ ਛਪਾਈ ਸਬੰਧੀ ਅੱਗੇ ਵਧਣ ਤੋਂ ਗੁਰੇਜ਼ ਨਹੀਂ ਕਰਨਗੇ।

ਤੀਜਾ ਪੱਖ ਉਦੋਂ ਪ੍ਰਤੱਖ ਹੋਇਆ, ਜਦੋਂ ਉਨ੍ਹਾਂ ਦੇ ਪ੍ਰਵਾਰ ਦੁਆਰਾ ਅਕਾਲ ਚਲਾਣੇ ਦੇ ਇੱਕ ਸਾਲ ਪਿੱਛੋਂ '**ਗੁਰਬਾਣੀ ਲਗ-ਮਾਤ੍ਰੀ ਨਿਯਮਾਵਲੀ ਖੋਜ ਤੇ ਸੰਭਾਵਨਾ**' ਨਾਂ ਦੀ ਪੁਸਤਕ ਪ੍ਰਕਾਸ਼ਤ ਕਰਵਾਈ, ਜੋ ਪੰਥ ਨੂੰ 'ਸਿੱਖ ਬੱਕ ਕਲੱਬ ਅਮਰੀਕਾ' ਵਾਲੀ ਪਾਵਨ ਬੀੜ ਦੇ ਖਰੜੇ ਨੂੰ ਪੰਥਕ ਪਧਰ ਦੀ ਵੀਚਾਰ-ਗੋਸ਼ਟੀ ਦਾ ਭਾਗ ਬਨਾਉਣ ਦੀ ਪ੍ਰੇਰਨਾ ਦਾ ਸ੍ਰੋਤ ਬਣਦੀ ਹੈ। ਜੋ ਇਹ ਵੀ ਸਿੱਧ ਕਰਦੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸ਼ੁਧ ਛਪਾਈ ਪੱਖੋਂ ਜ਼ਰੂਰੀ ਨਹੀਂ ਕਿ 'ਟਕਸਾਲ ਭਿੰਡਰਾਂ' ਤੇ 'ਸਿੱਖ ਮਿਸ਼ਨਰੀ ਕਾਲਜ' ਵਰਗੀ ਕਿਸੇ ਇੱਕ ਸੰਸਥਾ ਜਾਂ ਕਿਸੇ ਇੱਕ ਵਿਅਕਤੀ ਦਾ ਨਿਰਣਾ ਅੰਤਮ ਮੰਨ ਲਿਆ ਜਾਵੇ। ਜਿਹੜਾ ਵੀ ਕੋਈ ਪਾਠ ਸੁਝਾਵੇ, ਉਸ ਨੂੰ ਗੁਰਬਾਣੀ ਲਗ-ਮਾਤ੍ਰੀ ਨਿਯਮਾਵਲੀ ਦੀ ਖੋਜ ਤੇ ਸੰਭਾਵਨਾਵਾਂ ਦੇ ਦਾਇਰੇ ਵਿੱਚ ਜ਼ਰੂਰ ਪਰਖਿਆ ਜਾਵੇ। ਕਾਰਣ ਹੈ ਕਿ ਜਥੇਦਾਰ ਜੀ ਮੁਤਾਬਿਕ ਪੰਥ ਵਿਰੋਧੀ ਸ਼ਕਤੀਆਂ ਦੀ ਬਦੌਲਤ ਖ਼ਾਲਸਾ ਪੰਥ ਗੁਰਬਾਣੀ ਦੇ ਮੂਲ-ਸਰੋਤਾਂ ਤੋਂ ਵਾਂਝਾ ਹੋ ਚੁੱਕਾ ਹੈ। ਇਸ ਲਈ ਹੁਣ ਤਾਂ ਉਤਾਰਿਆਂ ਦੇ ਰੂਪ ਵਿੱਚ ਪਰਾਪਤ ਉਨ੍ਹਾਂ ਸਾਰੀਆਂ ਪੁਰਾਤਨ-ਹੱਥ ਲਿਖਤਾਂ ਦੇ ਸਾਰੰਸ਼ ਨੂੰ ਅਧਾਰ ਬਣਾ ਕੇ ਪਾਵਨ ਬੀੜ ਦੀ ਸੁਧਾਈ ਤੇ ਸ਼ੁਧ ਛਪਾਈ ਪੱਖੋਂ ਗੁਰਬਾਣੀ ਦੀ ਲਗ-ਮਾਤ੍ਰੀ ਨਿਯਮਾਵਲੀ (ਗੁਰਬਾਣੀ ਵਿਆਕਰਣ) ਦੀ ਕਸਵੱਟੀ ਹੀ ਸਭ ਤੋਂ ਸਰਬੋਤਮ ਪ੍ਰਮਾਣ ਮੰਨਿਆ ਜਾ ਸਕਦਾ ਹੈ।

ਜਥੇਦਾਰ ਵੇਦਾਂਤੀ ਜੀ ਨੇ ਦਾਸ (ਜਾਚਕ) ਨਾਲ ਵਾਦਾ ਕੀਤਾ ਸੀ ਕਿ ਦਸੰਬਰ ੨੦੨੧ ਅਤੇ ਜਨਵਰੀ ੨੦੨੨ ਦੇ ਦੋ ਮਹੀਨੇ ਆਪਾਂ ਮਿਲ ਬੈਠਾਂਗੇ। ਕਿਹੜਾ ਪਾਠ, ਕਿਹੜੀ ਬੀੜ ਵਿਚੋਂ ਲਿਆ ਗਿਆ ਹੈ ? ਕਿਉਂ ਸੋਧਿਆ ਗਿਆ ਹੈ। ਉਹ ਸਭ ਕੁਝ ਮੈਂ ਤਹਾਨੂੰ ਵੇਰਵੇ ਸਹਿਤ ਲਿਖਾਵਾਂਗਾ। ਪਰ ਅਫ਼ਸੋਸ ਕਿ ਰੱਬੀ-ਸੱਦੇ ਮੁਤਾਬਿਕ ਉਹ ਇਸ ਮੌਕੇ ਤੋਂ ਪਹਿਲਾਂ ਹੀ ਮਈ ੨੦੨੧ ਵਿੱਚ ਅਕਾਲ ਚਲਾਣਾ ਕਰ ਗਏ। "ਨਰ ਚਾਹਤ ਕਛੁ ਅਉਰ, ਅਉਰੈ ਕੀ ਅਉਰੈ ਭਈ ॥" {ਗੁਰੂ ਗ੍ਰੰਥ-ਪੰ. ੧੪੨੮} ਗੁਰਵਾਕ ਦਾ ਸਦੀਵੀ ਸੱਚ ਪ੍ਰਤੱਖ ਵਾਪਰ ਗਿਆ। ਇਸ ਵਿਸ਼ੇ 'ਤੇ ਲਿਖਣ ਤੇ ਪ੍ਰਗਟਾਉਣ ਲਈ ਹੋਰ ਵੀ ਬਹੁਤ ਕੁਝ ਹੈ, ਪ੍ਰੰਤੂ ਹੋਰ ਵਿਸਥਾਰ ਦੇ ਡਰੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਪ੍ਰੋਫੈਸਰ ਤੇ ਪੰਥ-ਦਰਦੀ ਵਿਰਾਸਤ ਦੇ ਮਾਲਕ ਡਾ. ਗੁਰਸ਼ਰਨਜੀਤ ਸਿੰਘ ਜੀ ਦੀ 'ਗੁਰੂ ਗ੍ਰੰਥ ਸਾਹਿਬ ਪਰੰਪਰਾ ਅਤੇ ਇਤਿਹਾਸ' ਨਾਂ ਦੀ ਪੁਸਤਕ ਵਿੱਚ ਸਮੁਚੇ ਸਿੱਖ ਜਗਤ ਨੂੰ ਕਈ ਸਾਲ ਪਹਿਲਾਂ ਜੋ ਹੇਠ ਲਿਖੀ ਸਨਿਮਰ ਅਪੀਲ ਕੀਤੀ ਸੀ, ਉਸ ਨਾਲ ਹੱਥਲੇ ਲੇਖ ਨੂੰ ਇਥੇ ਹੀ ਸੰਕੋਚਦਾ ਹਾਂ :

"ਇਸ ਤੋਂ ਪਹਿਲਾਂ ਕਿ ਬਿਗਾਨੇ ਸਾਡੇ ਧਰਮ-ਗ੍ਰੰਥ ਉੱਪਰ ਉਂਗਲ ਉਠਾਉਣ, ਸਾਨੂੰ ਪੰਥਕ ਤੌਰ 'ਤੇ ਯਤਨ ਕਰਕੇ ਐਸੇ ਪਾਠ-ਭੇਦਾਂ ਨੂੰ ਠੀਕ ਕਰ ਲੈਣਾ ਚਹੀਦਾ ਹੈ। ਇਸ ਵਿੱਚ ਨਾ ਤਾਂ ਮਿਹਣੇ ਵਾਲੀ ਅਤੇ ਨਾ ਹੀ ਸ਼ਰਮ ਵਾਲੀ ਗੱਲ ਹੈ। ਸਭ ਧਰਮ ਗ੍ਰੰਥ ਸਮੇਂ ਦੇ ਨਾਲ ਦੂਸ਼ਿਤ ਹੁੰਦੇ ਆਏ ਹਨ। ਸੂਝਵਾਨ ਕੌਮਾਂ ਚਾਰ ਸਦੀਆਂ ਤੀਕ ਅਜਿਹੇ ਗੰਭੀਰ ਕੰਮ ਕਰਨ ਲਈ ਇੰਤਜ਼ਾਰ ਨਹੀਂ ਕਰਦੀਆਂ। ਹੱਠ ਛੱਡ ਕੇ ਆਪਣੀ ਸੋਚ ਨੂੰ ਖੁਲ੍ਹਾ ਕਰਨ ਨਾਲ ਮਸਲੇ ਹੱਲ ਹੋ ਸਕਦੇ ਹਨ। ਵਿਦਵਾਨਾਂ ਨੂੰ ਨਿੰਦਣ ਨਾਲ ਕੋਈ ਫਾਇਦਾ ਨਹੀਂ।" ਭਾਵ, ਗੁਰਬਾਣੀ ਦੇ ਪ੍ਰਚਾਰ ਤੇ ਪ੍ਰਸਾਰ ਨਾਲ ਜੁੜੀਆਂ ਸਾਰੀਆਂ ਧਿਰਾਂ ਦੇ ਵਿਦਵਾਨਾਂ ਨੂੰ ਗੁਰੂ ਦੀ ਭੈ-ਭਵਨੀ ਵਿੱਚ ਮੇਰ-ਤੇਰ ਮਿਟਾ ਕੇ ਤੇ ਗੁਰ-ਭਾਈਆਂ ਵਾਂਗ ਸਿਰ-ਜੋੜ ਕੇ ਬੈਠਣ ਦੀ ਲੋੜ ਹੈ। ਸਿਰ ਵੱਢਣ ਦੀਆਂ ਧਮਕੀਆਂ ਸਤਿਗੁਰੂ ਨੂੰ ਪਰਵਾਣ ਨਹੀਂ ਹਨ। ਗੁਰਬਾਣੀ ਦੇ ਰੂਪ ਵਿੱਚ ਸਾਡੇ ਲਈ ਹੁਕਮਨ ਸਿਰ ਹੁਕਮ ਹੈ :

**ਹੋਇ ਇਕਤ੍ਰ ਮਿਲਹੁ, ਮੇਰੇ ਭਾਈ ! ਦੁਬਿਧਾ ਦੂਰਿ ਕਰਹੁ, ਲਿਵ ਲਾਇ ॥**
**ਹਰਿ ਨਾਮੈ ਕੇ ਹੋਵਹੁ ਜੋੜੀ; ਗੁਰਮੁਖਿ ਬੈਸਹੁ ਸਫਾ ਵਿਛਾਇ ॥**

{ਗੁਰੂ ਗ੍ਰੰਥ ਸਾਹਿਬ, ਪੰ. ੧੧੮੫}

**(ਸਮਾਪਤ)**

**ਕਾਵਿ ਕਿਆਰੀ**

# ਵਿਸਾਖੀ

ਚਰਨ ਸਿੰਘ ਸਫ਼ਰੀ

ਚੜ੍ਹਿਆ ਆਣ ਵੈਸਾਖ ਮਹੀਨਾ ਝੂੰਮਰ ਪਾਉਂਦੀ ਆਈ ਵਿਸਾਖੀ।
ਤਖ਼ਤ ਕੇਸਗੜ੍ਹ ਸਭਾ ਸਜਾਕੇ ਕਲਗੀਧਰ ਨੇ ਇਹ ਗੱਲ ਆਖੀ।
ਲੋਹੇ ਦਾ ਦਿਲ ਕਰ ਲਉ ਸਿੰਘੋ ਤੇਗ਼ ਮੇਰੀ ਹੈ ਲੋਹੀ ਲਾਖੀ।
ਮੈਂ ਜੁਲਮਾਂ ਦੀ ਜੜ੍ਹ ਮੁਕਾਉਣੀ, ਮੈਂ ਮਜਲੂਮਾਂ ਦੀ ਕਰਨੀ ਰਾਖੀ।

ਮੈਂ ਅੰਮ੍ਰਿਤ ਦੇ ਜਾਮ ਪਲਾਊਂ ਮੈਂ ਗਿੱਦੜਾਂ ਤੋਂ ਸ਼ੇਰ ਬਣਾਊਂ।
'ਸਵਾ ਲਾਖ ਸੇ ਏਕ ਲੜਾਊਂ ਤਬੀ ਗੋਬਿੰਦ ਸਿੰਘ ਨਾਮ ਧਰਾਊਂ।'

ਤੇਗ਼ ਮੇਰੀ ਵੱਲ ਝਾਤੀ ਮਾਰੋ ਸੀਸ ਚਾਹੀਦਾ ਸੀਸ ਚਾਹੀਦਾ।
ਉਠੋ ਵਤਨ ਦੇ ਪਹਿਰੇਦਾਰੋ ਸੀਸ ਚਾਹੀਦਾ ਸੀਸ ਚਾਹੀਦਾ।
ਓ ਮੇਰੇ ਸਿੰਘੋਂ ਸਰਦਾਰੋ ਸੀਸ ਚਾਹੀਦਾ ਸੀਸ ਚਾਹੀਦਾ।
ਉਠੋ ਹੌਸਲੇ ਮੂਲ ਨਾ ਹਾਰੋ ਸੀਸ ਚਾਹੀਦਾ ਸੀਸ ਚਾਹੀਦਾ।

ਤੇਗ਼ ਮੇਰੀ ਅੱਜ ਰੋਹ ਵਿਚ ਆਈ ਇਸ ਦਾ ਗੁੱਸਾ ਦੂਰ ਨੀ ਹੁੰਦਾ।
ਸੀਸ ਤੋਂ ਘੱਟ ਚੜ੍ਹਾਵਾ ਇਹਦੇ ਦਰ ਉਤੇ ਮਨਜ਼ੂਰ ਨੀ ਹੁੰਦਾ।

ਦਇਆ ਸਿੰਘ ਨੇ ਸਭ ਤੋਂ ਪਹਿਲਾਂ ਉਠਕੇ ਆਪਣੀ ਅਰਜ਼ ਗੁਜ਼ਾਰੀ।
ਤੇਰੇ ਵਰਗਾ ਦੁਨੀਆਂ ਉਤੇ ਹੈ ਕੁਈ ਦਾਤਾ ਪਰਉਪਕਾਰੀ।
ਇਹ ਸੌਦਾ ਕੋਈ ਘਾਟੇ ਦਾ ਨਹੀਂ ਸਿਰ ਦੇ ਕੇ ਮਿਲ ਜੇ ਸਰਦਾਰੀ।
ਕੀ ਮੰਗਿਆ ਏ ਸਿਰ ਮੰਗਿਆ ਏ ਇਹ ਕੀ ਮੰਗੀ ਵਸਤ ਨਿਕਾਰੀ।

ਸਾਰਾ ਭਾਰਤ ਜੇ ਸਿਰ ਦੇ ਦਏ ਇਹ ਕਹਿਣੋਂ ਮੈਂ ਰਹਿ ਨੀ ਸਕਦਾ।
ਤੇਗ਼ ਬਹਾਦਰ ਜੀ ਦਾ ਕਰਜ਼ਾ ਫਿਰ ਵੀ ਸਾਥੋਂ ਲਹਿ ਨੀ ਸਕਦਾ।

ਦਇਆ ਸਿੰਘ ਨੇ ਸਭ ਤੋਂ ਪਹਿਲਾਂ ਆਪਣੇ ਸਿਰ ਦੀ ਭੇਂਟ ਚੜ੍ਹਾਈ।
ਧਰਮ ਸਿੰਘ ਨੇ ਦੇਸ਼ ਧਰਮ ਤੋਂ ਆਪਣੀ ਜਿੰਦੜੀ ਘੋਲ ਘੁਮਾਈ।
ਹਿੰਮਤ ਸਿੰਘ ਨੇ ਹਿੰਮਤ ਕੀਤੀ ਮੋਇਆਂ ਦੇ ਵਿਚ ਹਿੰਮਤ ਪਾਈ।
ਮੋਹਕਮ ਸਿੰਘ ਤੇ ਸਾਹਿਬ ਸਿੰਘ ਵੀ ਦਿੱਤੀ ਜਿੰਦ ਸ਼ਹੀਦੀ ਪਾਈ।

ਹੇ ਕਲਗੀਧਰ ਗੁਰੂ ਗੋਬਿੰਦ ਸਿੰਘ ਤੇਰੀ ਮਹਿਮਾ ਅਪਰ ਅਪਾਰਾ।
ਤੂੰ ਖੰਡੇ ਦੀ ਧਾਰ ਦੇ ਵਿਚੋਂ ਪੈਦਾ ਕੀਤਾ ਪੰਥ ਪਿਆਰਾ।
ਏਸ ਪੰਥ ਦੇ ਚੋਜ ਨਿਰਾਲੇ ਏਸ ਪੰਥ ਦਾ ਖੇਲ ਨਿਆਰਾ।
ਕਦੇ ਸੀਸ 'ਤੇ ਚੌਰ ਝੁਲੇਂਦੇ ਕਦੇ ਸੀਸ 'ਤੇ ਖੂਨੀ ਆਰਾ।

ਪੰਥ ਖਾਲਸਾ ਪਰਉਪਕਾਰੀ ਬਾਦਸ਼ਾਹ ਦਰਵੇਸ਼ ਕਹਾਏ।
ਜਿਤਨੇ ਇਸ ਨੂੰ ਪੱਥਰ ਵੱਜੇ ਉਤਨੇ ਇਸਨੇ ਫੁੱਲ ਵਰਸਾਏ।

ਪੰਜ ਪਿਆਰੇ ਆਖਣ ਲੱਗੇ ਅੰਮ੍ਰਿਤ ਤੁਸਾਂ ਛਕਾ ਦਿੱਤਾ ਏ।
ਆਪਾਂ ਸਤਿਗੁਰ ਆਪੋ ਆਪਣਾ ਹਸ ਕੇ ਸਿਰ ਕਟਵਾ ਦਿੱਤਾ ਏ।
ਤਨ ਮਨ ਧਨ ਗੁਰੂ ਕੇ ਲੇਖੇ ਲਾਉਣਾ ਸੀ ਸੋ ਲਾ ਦਿੱਤਾ ਏ।
ਜਿੰਨਾ ਚੁਕਦਾ ਸੀ ਅੰਮ੍ਰਿਤ ਦਾ ਦਾਤਾ! ਮੁੱਲ ਚੁਕਾ ਦਿੱਤਾ ਏ।

ਤੁਹਾਨੂੰ ਵੀ ਹੇ ਦਸਮ ਪਾਤਸ਼ਾਹ ਏਸੇ ਰਸਤੇ ਆਉਣਾ ਪੈਣਾ।
ਇਹ ਅੰਮ੍ਰਿਤ ਦਾ ਮੁੱਲ ਆਪ ਨੂੰ ਸਾਡੇ ਵਾਂਗ ਚੁਕਾਉਣਾ ਪੈਣਾ।
ਕਲਗੀਧਰ ਨੇ ਉਤਰ ਦਿੱਤਾ ਮੈਂ ਵੀ ਫ਼ਰਜ਼ ਉਤਾਰ ਦਿਆਂਗਾ।
ਤੁਸੀਂ ਤਾਂ ਇਕ ਇਕ ਸਿਰ ਦਿੱਤਾ ਏ ਮੈਂ ਸਾਰਾ ਪਰਿਵਾਰ ਦਿਆਂਗਾ।
ਪਹਿਲੀ ਵਾਰ ਅਜੀਤ ਦਿਆਂਗਾ ਦੂਜੀ ਵਾਰ ਜੁਝਾਰ ਦਿਆਂਗਾ।
ਪਿਤਾ ਤਾਂ ਪਹਿਲਾਂ ਦੇ ਚੁੱਕਾ ਹਾਂ ਮਾਤਾ ਤੱਕ ਵੀ ਵਾਰ ਦਿਆਂਗਾ।

ਗੁਰ ਨਾਨਕ ਦੇ ਕਦਮਾਂ ਦੀ ਸਹੁੰ ਅੰਮ੍ਰਿਤ ਦਾ ਮੁੱਲ ਪਾ ਦੇਵਾਂਗਾ।
ਲਾਡ-ਲਡਿਕੇ ਦੋਂਹ ਲਾਲਾਂ ਨੂੰ ਨੀਹਾਂ ਵਿਚ ਚਿਣਵਾ ਦੇਵਾਂਗਾ।

ਸਿੰਘ ਸੂਰਮੇ ਅੰਮ੍ਰਿਤ ਪੀ ਕੇ ਮੌਤ ਦੇ ਮੂਹਰੇ ਖੜ੍ਹਦੇ ਦੇਖੇ।
ਪੰਥ ਦੀ ਚੜ੍ਹਦੀ ਕਲਾ ਦੀ ਖ਼ਾਤਿਰ ਚੜਖੜੀਆਂ 'ਤੇ ਚੜ੍ਹਦੇ ਦੇਖੇ।
ਲਾਟਾਂ ਉਤੇ ਸੜਦੇ ਦੇਖੇ ਦੇਗਾਂ ਦੇ ਵਿਚ ਕੜ੍ਹਦੇ ਦੇਖੇ।
ਪੈਰਾਂ ਉਤੇ ਕੌਮ ਖਲੋ ਜਾਏ ਤੋਪਾਂ ਮੂਹਰੇ ਖੜ੍ਹਦੇ ਦੇਖੇ।

ਅੰਮ੍ਰਿਤ ਪੀ ਕੇ ਸਿੰਘ ਸੂਰਮੇ ਰਣ ਵਿਚ ਜੌਹਰ ਦਿਖਾ ਸਕਦੇ ਨੇ।
ਢਿਡੋਂ ਭੁੱਖੇ ਬੀਰ ਖ਼ਾਲਸੇ ਮੌਤ ਡੈਣ ਨੂੰ ਖਾ ਸਕਦੇ ਨੇ।
ਨਵਾਂ ਗੁਰੂ ਜਿਸ ਬਣਨਾ ਹੈ ਤਾਂ ਅਸਲੀ ਵੇਸ ਬਣਾ ਕੇ ਆਵੇ।
ਛੋਟੀ ਉਮਰੇ ਸੀਸ ਪਿਤਾ ਦਾ ਧਰਮ ਦੇ ਲੇਖੇ ਲਾ ਕੇ ਜਾਵੇ।
ਭਾਰਤ ਮਾਂ ਦੇ ਪੁੱਤਰਾਂ ਖ਼ਾਤਿਰ ਆਪਣੇ ਪੁੱਤ ਕੁਹਾ ਕੇ ਆਵੇ।
ਮਾਛੀਵਾੜੇ ਦੇ ਕੰਡਿਆਂ ਨੂੰ ਆਪਣਾ ਲਹੂ ਪਿਲਾ ਕੇ ਆਵੇ।

ਕਲਗੀਧਰ ਨੇ ਵਣਜ ਵਿਹਾਜੇ ਐਸੇ ਕੁਈ ਵਿਹਾਜ ਕੇ ਦੱਸੇ।
ਪੰਜ ਪਿਆਰੇ ਸਾਜਣ ਵਾਲਾ ਇਕ ਪਿਆਰਾ ਸਾਜ ਕੇ ਦੱਸੇ।

ਗੁਰਗੱਦੀ 'ਤੇ ਕਿਉਂ ਬੈਠੇ ਜੋ ਲਾਲ ਤਵੀ 'ਤੇ ਬਹਿ ਨਹੀਂ ਸਕਦਾ।
ਮੌਤ ਤਸੀਹਾ ਸਹਿ ਸਕਦਾ ਸਿੱਖ ਧਰਮ ਦੀ ਹਾਨੀ ਸਹਿ ਨਹੀਂ ਸਕਦਾ।
ਜਲ ਬਿਨ ਮਛਲੀ ਰਹਿ ਸਕਦੀ ਏ ਸਿੱਖ ਗੁਰੂ ਬਿਨ ਰਹਿ ਨਹੀਂ ਸਕਦਾ।
ਪੰਥ ਖਾਲਸਾ ਆਪ ਗੁਰੂ ਹੈ ਗੁਰੂ ਗ਼ੈਰ ਨੂੰ ਕਹਿ ਨਹੀਂ ਸਕਦਾ।

ਝੂਠਾ ਅਤੇ ਪਾਖੰਡੀ ਟੋਲਾ ਸ਼ੇਰਾਂ ਵਿਚ ਖਲੋ ਨਹੀਂ ਸਕਦਾ।
ਗੁਰੂ ਗ੍ਰੰਥ ਦੇ ਬਿਨਾਂ ਅਸਾਡਾ ਹੋਰ ਗੁਰੂ ਕੋਈ ਹੋ ਨਹੀਂ ਸਕਦਾ। –0–

# ਵਿਸ਼ਵ ਕਿਤਾਬ ਦਿਵਸ

**ਅਮਨਪ੍ਰੀਤ ਸਿੰਘ**

ਲਾਕ ਡਾਊਨ ਘਰ ਅੰਦਰ ਬੈਠਾ,
ਕੀ ਕੁੱਝ ਸੋਚ ਵਿਚਾਰ ਰਿਹਾ ਹਾਂ।
ਆਪੇ ਹੀ ਆਪ ਨੂੰ ਕਰਾਂ ਪ੍ਰਸ਼ਨ,
ਆਪੇ ਹੀ ਸ਼ੱਕ ਪਾਲ਼ ਰਿਹਾ ਹਾਂ।
ਜੀਅ ਚਾਹਿਆ ਤੂੰ ਕਿਤਾਬ ਪੜ੍ਹ,
ਖੁਭ ਜਾ ਕਿਤਾਬੀ ਦੁਨੀਆਂ ਵਿੱਚ।
ਪੜ੍ਹਦਿਆਂ ਪੜ੍ਹਦਿਆਂ ਸਮਾਂ ਚੰਗਾ,
ਘਰ ਬੈਠਾ ਹੀ ਗੁਜ਼ਾਰ ਰਿਹਾ ਹਾਂ।
ਦੁਨੀਆਂ ਇੱਕ ਕਿਤਾਬ ਬਣ ਜਾਏ,
ਇਹਦੇ ਵਰਗੀ ਕੋਈ ਰੀਸ ਨਹੀਂ।
ਹੱਥ ਵਿੱਚ ਸਭ ਦੇ ਕਿਤਾਬ ਹੋਵੇ ਜੇ,
ਇਸ ਤੋਂ ਚੰਗਾ ਕੋਈ ਸੰਗੀਤ ਨਹੀਂ।
ਗੜ੍ਹ ਚਾਨਣ ਦਾ ਅਨੁਭਵ ਸੱਚਾ,
ਕੱਟ ਲੈ ਵਹਿਮਾਂ ਦੀ ਡਾਰ ਨੂੰ।
ਕਿੰਝ ਲੁਟਿਆ ਰਿਹਾ ਏ ਜਾਂਦਾ,
ਸਮਝ ਕੇ ਦੁਸ਼ਮਣ ਪਿਛਾੜ ਤੂੰ।
ਕਿੰਝ ਧਰਮਾਂ ਤੇ ਜਾਤਾਂ ਵਰਤੀਆਂ,
ਪਾਲ਼ ਰਾਜਨੀਤੀ ਨਿੱਜੀ ਹਿੱਤਾਂ ਨੂੰ।
ਚੁੱਕ ਕਿਤਾਬ ਚੁਗ ਅੱਖਰ ਮੋਤੀ,
ਬਦਲ ਦੇ ਯੋਧਿਆ ਸਭ ਰੀਤਾਂ ਨੂੰ।
ਲਾ ਲ਼ੈ ਯਾਰੀ ਤੂੰ ਨਾਲ ਕਿਤਾਬਾਂ,
'ਅਮਨ' ਪਾਲ਼ ਸੱਚੀਆਂ ਪ੍ਰੀਤਾਂ ਤੂੰ।

# ਵਿਸਾਖੀ ਦਾ ਸੁਨੇਹਾ

**ਸੁਰਿੰਦਰ ਸਿੰਘ 'ਖ਼ਾਲਸਾ' 94662-66708, 97287-43287**

ਆਈ ਵਿਸਾਖੀ-ਸਿੱਖਾਂ ਆਈ ਵਿਸਾਖੀ, ਕੇਸਗੜ੍ਹ ਦਾ ਸੁਨੇਹਾ ਲੈ ਆਈ ਵਿਸਾਖੀ।
ਜਦ ਸਤਿਗੁਰਾਂ ਅੰਮ੍ਰਿਤ ਛਕਾਇਆ ਸੀ, ਇਕ ਨਿਆਰਾ ਪੰਥ ਸਜਾਇਆ ਸੀ।
ਸਾਰੇ ਸਿੱਖਾਂ ਨੂੰ ਪਰਚਾ ਪਾਇਆ ਸੀ, ਇਕ ਸਿਰ ਦਾ ਸਵਾਲ ਉਠਾਇਆ ਸੀ।
ਸਿਰ ਦੇ ਕੇ ਸਿੰਘਾਂ ਮਨਾਈ ਵਿਸਾਖੀ, ਆਈ ਵਿਸਾਖੀ-ਸਿੱਖਾਂ ਆਈ ਵਿਸਾਖੀ।

ਪੰਜ ਕਕਾਰ ਸਿੱਖ ਦੇ ਸ਼ਿੰਗਾਰ ਬਣ ਗਏ, ਕੰਘਾ, ਕੜਾ, ਕਛਿਹਰਾ, ਯਾਰ ਬਣ ਗਏ।
ਕੇਸ ਰੱਖ ਕੇ ਸੋਹਣੇ ਸਰਦਾਰ ਬਣ ਗਏ, ਕਿਰਪਾਨ ਧਾਰ ਕੇ ਜਥੇਦਾਰ ਬਣ ਗਏ।
ਜੋ ਕਰਨ ਇੱਜ਼ਤਾਂ ਦੀ ਰਾਖੀ, ਆਈ ਵਿਸਾਖੀ-ਸਿੱਖਾਂ ਆਈ ਵਿਸਾਖੀ।

ਜਾਤ ਪਾਤ ਦਾ ਭੇਟ ਮਿਟਾ ਦਿੱਤਾ, ਦੱਬੇ ਕੁਚਲਿਆਂ ਨੂੰ ਆਗੂ ਬਣਾ ਦਿੱਤਾ।
ਚਿੜੀਆਂ ਤੋਂ ਬਾਜ ਨੂੰ ਤੁੜਵਾ ਦਿੱਤਾ, ਸੁੱਤੀ ਅਣਖ ਨੂੰ ਝੰਜੋੜ ਜਗਾ ਦਿੱਤਾ।
ਜਦ ਸੀ ਸੋਲਾਂ ਸੌ ਨੜਿਨਵੇਂ ਦੀ ਵਿਸਾਖੀ, ਆਈ ਵਿਸਾਖੀ-ਸਿੱਖਾਂ ਆਈ ਵਿਸਾਖੀ।

ਕੇਸਗੜ੍ਹ ਦਾ ਸਿੱਖ ਨੂੰ ਸੁਨੇਹਾ ਏ, ਗੁਰਾਂ ਦੀ ਗੋਦੀ ਜੇ ਸਿੱਖਾ ਬਹਿਣਾ ਏ।
ਕੇਸਾਂ ਬਿਨਾਂ ਨਾ ਸਿੱਖ ਨੇ, ਰਹਿਣਾ ਏ। ਪੰਜੇ ਕਕਾਰ ਸਦਾ ਦਾ ਗਹਿਣਾ ਏ।
ਗੁਰੂ ਜੀ ਦੇਣਗੇ ਕੰਡ ਤੇ ਥਾਪੀ, ਆਈ ਵਿਸਾਖੀ-ਸਿੱਖਾਂ ਆਈ ਵਿਸਾਖੀ।

ਹਰ ਸਿੱਖ ਲਈ ਪਾਹੁਲ ਜ਼ਰੂਰੀ ਐ, ਪਾਹੁਲ ਬਿਨਾਂ ਤਾਂ 'ਰਹਿਤ' ਅਧੂਰੀ ਐ।
ਸਿੱਖੀ ਦੇ ਸਕੂਲ 'ਚ ਦਾਖਲਾ ਜ਼ਰੂਰੀ ਐ, ਫਿਰ ਪੜਾਈ ਵੀ ਕਰਨੀ ਪੂਰੀ ਐ।
ਐਨੀਂ ਮੱਤ ਹੋ ਜਾਊ ਸੁਜਾਖੀ, ਆਈ ਵਿਸਾਖੀ-ਸਿੱਖਾਂ ਆਈ ਵਿਸਾਖੀ।

ਬਾਣੀ ਪੜ੍ਹਨੀ ਬਾਣੀ ਵੀਚਾਰਨੀ ਐ, ਬਾਣੀ ਦੀ ਸਿੱਖਿਆ ਜੀਵਨ 'ਚ ਧਾਰਨੀ ਐ।
ਨਿੱਤਨੇਮ ਨਾਲ ਜ਼ਿੰਦਗੀ ਸਵਾਰਨੀ ਐ, ਸਤਿਗੁਰ ਅਗੇ ਹੀ 'ਅਰਜ਼' ਗੁਜ਼ਾਰਨੀ ਐ।
ਗੁਰੂਬਾਣੀ ਕਰੇ ਵਿਕਾਰਾਂ ਤੋਂ ਰਾਖੀ, ਆਈ ਵਿਸਾਖੀ-ਸਿੱਖਾਂ ਆਈ ਵਿਸਾਖੀ।

'ਜਪੁ' ਅੰਮ੍ਰਿਤ ਵੇਲੇ ਵੀਚਾਰਨੀ ਐ, 'ਸੋ-ਦਰੁ' ਸੰਧਿਆ ਦੇ ਵਕਤ ਪੁਕਾਰਨੀ ਐ।
'ਸੋਹਿਲਾ' ਪੜ੍ਹਕੇ ਮੰਦਰ ਧਾਰਨੀ ਐ, ਅਗਲੇ ਦਿਨ ਦੀ ਵੀ ਏਹੋ ਮੁਹਾਰਨੀ ਐ।
ਖੁਦ ਸਤਿਗੁਰਾਂ ਇਹ ਗੱਲ ਆਖੀ, ਆਈ ਵਿਸਾਖੀ-ਸਿੱਖਾਂ ਆਈ ਵਿਸਾਖੀ।

ਸਿੱਖਿਆ ਲੈਣੀ ਸਿੱਖੀ ਦੀਆਂ ਰਹਿਤਾਂ ਤੋਂ, ਰਹਿਣਾ ਬਚ ਕੇ ਚਾਰ ਕੁਰਹਿਤਾਂ ਤੋਂ।
ਦੂਰ ਰਹਿਣਾ ਏ ਮਾੜੀਆਂ ਸੋਹਬਤਾਂ ਤੋਂ, ਤੌਬਾ ਕਰਨੀ ਮਾੜੀਆਂ ਬਹਿਬਤਾਂ ਤੋਂ।
ਗੁਰਾਂ ਨੇ ਬਾਣੀ 'ਚ ਇਹ ਗੱਲ ਆਖੀ, ਆਈ ਵਿਸਾਖੀ-ਸਿੱਖਾਂ ਆਈ ਵਿਸਾਖੀ।

'ਸੁਰਿੰਦਰ ਸਿੰਘ' ਵਿਸਾਖੀ ਆਈ ਸੀ, ਜਦੋਂ ਗੁਰਾਂ ਨੇ ਪਾਹੁਲ ਛਕਾਈ ਸੀ।
ਫਿਰ ਹੁਣ ਸਾਡੀ ਵਾਰੀ ਆਈ ਏ, ਪਰ ਅਸੀਂ ਗੁਰ ਸਿੱਖਿਆ ਠੁਕਰਾਈ ਏ।
ਹਾਲੇ ਵੀ ਕੁਝ ਗਿਆ ਨਹੀਂ ਯਾਦ ਕਰਵਾਏ ਵਿਸਾਖੀ, ਆਈ ਵਿਸਾਖੀ-ਸਿੱਖਾਂ ਆਈ ਵਿਸਾਖੀ।

ਇਸ ਵਿਸਾਖੀ 'ਤੇ ਆਉ ਪ੍ਰਣ ਕਰੀਏ, ਅਗਲੀ ਵਿਸਾਖੀ ਦਾ ਇਹ ਟੀਚਾ ਧਰੀਏ।
ਪਾਹੁਲਧਾਰੀ ਸਾਰੀ ਕੌਮ ਕਰੀਏ, ਆਪ ਅੰਮ੍ਰਿਤ ਛਕੀਏ ਹੋਰਾਂ ਨੂੰ ਅਪੀਲ ਕਰੀਏ।
ਅੰਮ੍ਰਿਤਧਾਰੀ ਹੋ ਕੇ ਹੀ ਮਨਾਈ ਜਾਏ ਵਿਸਾਖੀ, ਆਈ ਵਿਸਾਖੀ-ਸਿੱਖਾਂ ਆਈ ਵਿਸਾਖੀ।

# ਬਖ਼ਸ਼ੀਆਂ ਗੁਰਾਂ ਤੁਹਾਨੂੰ ਸਰਦਾਰੀਆਂ ਨੇ

**ਪ੍ਰਿੰ. ਸਤਿਨਾਮ ਸਿੰਘ, ਕਮਲ # 98726-09921**

ਇਕੱਤਰ ਕੀਤੇ ਸਿੱਖ, ਭੇਜ ਕੇ ਹੁਕਮਨਾਮੇ,
ਅਨੰਦਪੁਰ ਵਿਚ ਵਿਸ਼ਾਲ ਪੰਡਾਲ ਸਜਿਆ।
ਸਿੱਖ ਨਹੀਂ, ਮੈਂ ਸਿੱਖੀ ਪਰਖਣੀ ਹੈ,
ਕੇਸਗੜ੍ਹ ਵਿਚ ਗੁਜਰੀ ਦਾ, ਲਾਲ ਗੱਜਿਆ।

ਸਹਿਮੀ ਸੰਗਤ 'ਚੋਂ, ਇਕ ਨੇ ਜੁਅਰੱਤ ਕੀਤੀ,
ਖੱਤਰੀ ਲਾਹੌਰ ਦਾ, ਦਇਆ ਰਾਮ ਉੱਠਿਆ।
ਹਸਤਨਾਪੁਰ ਦਾ ਧਰਮ ਚੰਦ, ਜਾਣ ਉੱਠਿਆ,
ਛੀਂਬਾ ਮੋਹਕਮ ਚੰਦ ਲੈ, ਗੁਰਾਂ ਦਾ ਨਾਮ
ਉੱਠਿਆ।
ਹਿੰਮਤ ਕੀਤੀ ਹੈ, ਹਿੰਮਤ ਚੰਦ ਝੀਵਰ,
ਨਾਈ ਸਾਹਿਬ ਚੰਦ, ਪਾ ਕੇ ਪੈਗਾਮ ਉੱਠਿਆ।
ਜੈਕਾਰੇ ਛੱਡੋ, ਲੈ ਪੰਜੇ ਗਲਵੱਕੜੀ ਵਿਚ,
ਗੂੰਜ ਸਾਰਾ, ਅਨੰਦਪੁਰ ਧਾਮ ਉੱਠਿਆ।

ਬਾਟਾ ਲੋਹੇ ਦਾ, ਸਤਲੁਜ ਦਾ ਲੈ ਪਾਣੀ,
ਹੱਥ ਲੈ ਖੰਡਾ ਗੁਰ, ਬਾਣੀਆਂ ਬੋਲਦੇ ਨੇਂ।
ਮੋਈਆਂ ਰੂਹਾਂ ਨੂੰ, ਅੰਮ੍ਰਿਤ ਦਾ ਦੇ ਛੱਟਾ,
ਸਿੱਖ ਨੂੰ ਗੁਰੂ, ਬਰਾਬਰ ਤੋਲਦੇ ਨੇ।

ਗੁਰੂ ਚੇਲੇ ਦਾ, ਮਿਟ ਗਿਆ ਭੇਦ ਅੱਜ ਤੋਂ
ਤੇਰੀ ਜਾਤ ਸਿੱਖੀ, ਤੇਰਾ ਈਮਾਨ ਸਿੱਖੀ।
ਬਾਂਹ ਮਜ਼ਲੂਮ ਦੀ, ਸਦਾ ਫੜੇ ਸਿੱਖੀ,
ਰਾਜ ਦਿਲਾਂ 'ਤੇ, ਕਰੂ ਸੁਲਤਾਨ ਸਿੱਖੀ।
ਡਰਾਉਣਾ ਕਿਸੇ ਨੂੰ ਨਾਂ, ਕਿਸੇ ਤੋਂ ਨਹੀਂ
ਡਰਨਾ,
ਕਰ ਦੇਣੀ ਹੈ ਏਨੀ ਬਲਵਾਨ ਸਿੱਖੀ।
ਅੰਸ਼ ਵਾਹਿਗੁਰੂ ਦੀ, ਵਾਹਿਗੁਰੂ ਸਦਾ ਰਾਖਾ,
ਏਦੋਂ ਵੱਧ ਕੀ ਹੋਊ ਧਨਵਾਨ ਸਿੱਖੀ।

ਸਿੱਖੋਂ ਸਾਂਭ ਲਓ ਆਪਣਾ ਅਮੀਰ ਵਿਰਸਾ,
ਬਖਸ਼ੀਆਂ ਗੁਰਾਂ ਤੁਹਾਨੂੰ ਸਰਦਾਰੀਆਂ ਨੇ।
ਮਾਰਗ ਗੁਰਮਤਿ ਦੇ ਤੁਰਨਗੇ ਸਿੱਖ ਜਿਹੜੇ,
ਮੁੱਕ ਜਾਣੀਆਂ, ਸਭ ਲਾਚਾਰੀਆਂ ਨੇ।
ਸਾਡੀ ਹੋਂਦ ਲਈ, ਸਭ ਕੁਝ ਵਾਰ ਦਿੱਤਾ,
ਸਾਡੇ ਰਹਿਬਰਾਂ, ਗੁਰੂਆਂ ਉਪਕਾਰੀਆਂ ਨੇ।
ਮੁੱਲ ਪਾਓ 'ਕੋਮਲ', ਰਹਿ ਕੇ ਹੁਕਮ ਅੰਦਰ,
ਤੇਗਾਂ ਸਾਡੇ ਲਈ ਜੋ, ਸਤਿਗੁਰਾਂ ਮਾਰੀਆਂ ਨੇ।

-0-

ਸਾਡੀ ਖੇਤੀ

# ਗੰਨੇ ਅਤੇ ਫਲਾਂ ਤੋਂ ਬਣੇ ਸਿਰਕੇ ਰਾਹੀਂ ਕਮਾਇਆ ਜਾ ਸਕਦੈ ਭਾਰੀ ਮੁਨਾਫ਼ਾ

**ਗੁਰਵਿੰਦਰ ਸਿੰਘ ਕੋਚਰ # 94172-30896**

ਸਿਰਕੇ ਦਾ ਵਪਾਰ ਇਕ ਸਹਾਇਕ ਕਿੱਤੇ ਦੇ ਤੌਰ 'ਤੇ ਲਗਾਇਆ ਜਾ ਸਕਦਾ ਹੈ। ਇਸ ਸਬੰਧੀ ਸਿਖਲਾਈ ਮਾਈਕਰੋਬਿਆਲੋਜੀ ਵਿਭਾਗ ਵੱਲੋਂ ਹਰ ਸਾਲ ਨਵੰਬਰ ਅਤੇ ਜੂਨ ਦੇ ਮਹੀਨੇ ਵਿਚ ਦਿੱਤੀ ਜਾਂਦੀ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸਿਰਕਾ ਤਿਆਰ ਕਰਨ ਬਾਬਤ ਇਕ ਕਿਤਾਬ ਵੀ ਛਾਪੀ ਗਈ ਹੈ।

ਕੁਦਰਤੀ ਸਿਰਕੇ ਦਾ ਇਤਿਹਾਸ ਮਨੁੱਖੀ ਸੱਭਿਅਤਾ ਜਿੰਨਾ ਪੁਰਾਣਾ ਹੈ। ਅੱਜ ਸਿਰਕਾ ਘਰਾਂ ਵਿਚ ਮੁੱਖ ਤੌਰ 'ਤੇ ਰਸੋਈ ਵਿਚ ਸਲਾਦ, ਅਚਾਰ ਜਾਂ ਹੋਰ ਫ਼ਾਇਦਿਆਂ ਲਈ ਵਰਤਿਆ ਜਾਂਦਾ ਹੈ। ਬਾਜ਼ਾਰ ਵਿਚ ਆਮ ਤੌਰ 'ਤੇ ਬਣਾਵਟੀ ਸਿਰਕਾ ਪਾਇਆ ਜਾਂਦਾ ਹੈ ਜਿਸ ਨੂੰ 4% ਗਲੇਸ਼ੀਅਲ ਐਸਿਟਿਕ ਤੇਜ਼ਾਬ ਤੋਂ ਤਿਆਰ ਕੀਤਾ ਹੁੰਦਾ ਹੈ। ਇਹ ਤੇਜ਼ਾਬ ਕੱਚੇ ਤੇਲ ਦੀ ਸਫ਼ਾਈ ਦੌਰਾਨ ਨਿਕਲਦਾ ਹੈ, ਜਿਸ 'ਚ ਲੈੱਡ (ਸ਼ੀਸ਼ੇ) ਦਾ ਇਸਤੇਮਾਲ ਹੁੰਦਾ ਹੈ। ਇਸ ਕਰਕੇ ਸ਼ੀਸ਼ੇ ਦੇ ਅਵਸ਼ੇਸ਼ ਬਣਾਉਟੀ ਸਿਰਕੇ 'ਚ ਰਹਿ ਜਾਂਦੇ ਹਨ ਜੋ ਸਿਹਤ ਲਈ ਹਾਨੀਕਾਰਕ ਹੈ। ਇਸ ਦੇ ਉਲਟ ਕੁਦਰਤੀ ਸਿਰਕਾ ਸਿਹਤ ਭਰਪੂਰ ਵਿਟਾਮਿਨ, ਅਮੀਨੋ ਤੇਜ਼ਾਬ, ਐਸਟਰ, ਖਣਿਜ ਤੇ ਆਰਗੈਨਿਕ ਤੇਜ਼ਾਬਾਂ ਨਾਲ ਲੈੱਸ ਹੁੰਦਾ ਹੈ। ਇਹ ਖ਼ੁਰਾਕੀ ਤੱਤ ਫਲਾਂ ਤੇ ਖ਼ਮੀਰੀਕਰਨ ਵਾਲੇ ਸੂਖ਼ਮ ਜੀਵ ਜੰਤੂਆਂ ਦੁਆਰਾ ਪ੍ਰਦਾਨ ਕੀਤੇ ਜਾਂਦੇ ਹਨ ਅਤੇ ਨਾਲ ਦੀ ਨਾਲ ਐਸਿਟਿਕ ਤੇਜ਼ਾਬ ਸਿਰਕੇ ਨੂੰ ਇਕ ਖ਼ਾਸ ਖ਼ੁਸ਼ਬੂ ਦਿੰਦਾ ਹੈ।

ਅਜੋਕੇ ਸਮੇਂ ਵਿਚ ਸਿਰਕੇ ਨੂੰ ਬਹੁਤ ਸਾਰੇ ਰੋਗਾਂ ਦਾ ਇਲਾਜ ਮੰਨਿਆ ਗਿਆ ਹੈ। ਕੁਦਰਤੀ ਸਿਰਕੇ ਦੀ ਖ਼ਾਸ ਸੁਗੰਧ ਇਸ ਵਿਚਲੇ ਏਸਿਟਿਕ ਦੇ ਤੇਜ਼ਾਬ ਕਾਰਨ ਹੁੰਦੀ ਹੈ। ਨਾਲ ਹੀ ਸਰੋਤ ਅਤੇ ਖ਼ਮੀਰੀਕਰਨ ਦੇ ਸੂਖ਼ਮ ਜੀਵ ਜੰਤੂਆਂ ਦੁਆਰਾ ਵੀ ਸੁਗੰਧੀ ਅਤੇ ਸਿਹਤਮੰਦੀ, ਸਿਰਕੇ ਨੂੰ ਪ੍ਰਦਾਨ ਕੀਤੀ ਜਾਂਦੀ ਹੈ। ਇਨ੍ਹਾਂ ਫ਼ਾਇਦਿਆਂ ਕਰਕੇ ਸਿਰਕੇ ਨੂੰ ਨਿਊਟਰਾਸੂਟੀਕਲ ਵਰਗ ਵਿਚ ਰੱਖਿਆ ਜਾਂਦਾ ਹੈ ਜੋ ਕਿ ਆਮ ਖ਼ੁਰਾਕੀ ਤੱਤਾਂ ਨਾਲੋਂ ਸਿਹਤ ਲਈ ਵੱਧ ਫ਼ਾਇਦੇਮੰਦ ਹੁੰਦੇ ਹਨ। ਸਿਰਕਾ ਟੁੱਟੀ ਹੱਡੀ, ਕੈਂਸਰ ਦੇ ਸੈੱਲ, ਦੰਦ ਦਰਦ, ਖੰਘ, ਜ਼ੁਕਾਮ ਆਦਿ ਦਾ ਸ਼ਰਤੀਆ ਇਲਾਜ ਮੰਨਿਆ ਗਿਆ ਹੈ। ਪਤਲਾ ਕੀਤਾ ਸਿਰਕਾ ਲੂਅ, ਦਸਤ, ਪੇਟ ਆਦਿ ਤੋਂ ਠੱਲ੍ਹ ਪਾਉਂਦਾ ਹੈ।ਇਹ ਖ਼ੂਨ ਦੇ ਦਬਾਅ ਅਤੇ ਕੋਲੈਸਟਰੋਲ ਨੂੰ ਘਟਾਉਂਦਾ ਹੈ। ਇਸ ਤਰ੍ਹਾਂ ਕੁਦਰਤੀ ਸਿਰਕਾ ਇਕ ਵਧੀਆ ਐਂਟੀਸੈਪਟਿਕ, ਐਂਟੀਆਕਸੀਕਾਰਕ, ਡਾਈਯੂਰਿਟਿਕ, ਰੇਚਕ ਤੇ ਉਤੇਜਕ ਏਜੰਟ ਹੈ ਜੋ ਕਿ ਚਮੜੀ, ਅਨੀਮੀਆ, ਗਠੀਆ, ਦੌਰਿਆਂ, ਗਿੱਲੜ ਆਦਿ 'ਚ ਸਹਾਇਕ ਹੁੰਦਾ ਹੈ। ਸਿਰਕਾ ਨਾ ਕੇਵਲ ਸਰੀਰ ਦੇ ਮੈਟਾਬੋਲਿਜ਼ਮ ਨੂੰ ਤੇਜ਼ ਕਰਦਾ ਹੈ, ਇਹ ਭੁੱਖ ਘਟਾਉਂਦਾ ਹੈ ਤੇ ਸਾਡੀ ਐਮਊਨ ਪ੍ਰਣਾਲੀ ਨੂੰ ਵੀ ਤੇਜ਼ ਕਰਦਾ ਹੈ। ਇਸ ਦੇ ਇਲਾਵਾ ਫਲਾਂ ਦਾ ਸਿਰਕਾ ਸਾਰਾ ਸਾਲ (ਬਿਨਾਂ ਫਲਾਂ ਦੇ ਮੌਸਮ ਦੇ) ਇਸਤੇਮਾਲ ਕੀਤਾ ਜਾ ਸਕਦਾ ਹੈ ਕਿਉਂਕਿ ਸਿਰਕਾ ਫਲਾਂ ਦੀ ਤਾਜ਼ਗੀ ਤੇ ਐਂਟੀਆਕਸੀਕਾਰਕ ਸ਼ਕਤੀ ਨੂੰ ਕਾਇਮ ਰੱਖਦਾ ਹੈ। ਖ਼ਮੀਰੀਕਰਨ ਆਮ ਤੌਰ 'ਤੇ ਫਲਾਂ ਦੀ ਸੰਭਾਲ ਵਿਚ ਸਹਾਇਕ ਹੁੰਦਾ ਹੈ, ਰਸ 'ਚ ਬਹੁਤ ਸਾਰੇ ਜ਼ਰੂਰੀ ਅਮੀਨੋ ਤੇਜ਼ਾਬ, ਵਿਟਾਮਿਨ, ਖ਼ੁਰਾਕੀ ਤੱਤ, ਖ਼ੁਸ਼ਬੂਆਂ ਆਦਿ ਜਮ੍ਹਾਂ ਕਰਦਾ ਹੈ ਤੇ ਇਸ ਤਰ੍ਹਾਂ ਫਲਾਂ ਦੇ ਰਸ ਦਾ ਜੀਵਨ ਵਧਾਉਣ 'ਚ ਸਹਾਇਕ ਹੁੰਦਾ ਹੈ।

### ਉਤਪਾਦਨ ਦੀ ਲਾਗਤ

ਕੁਦਰਤੀ ਸਿਰਕੇ ਦੀ ਮੰਗ ਦਿਨੋ-ਦਿਨ ਵੱਧ ਰਹੀ ਹੈ। ਗੰਨਾ ਅਤੇ ਅੰਗੂਰ ਦਾ ਸਿਰਕਾ ਬਾਜ਼ਾਰ ਵਿਚ ਕ੍ਰਮਵਾਰ 100/- ਅਤੇ 150/- ਰੁਪਏ ਪ੍ਰਤੀ ਲੀਟਰ ਵਿਚ ਵੇਚਿਆ ਜਾਂਦਾ ਹੈ। ਜਦੋਂਕਿ ਸੇਬ ਦਾ ਸਿਰਕਾ 500-1000 ਰੁਪਏ ਪ੍ਰਤੀ ਲੀਟਰ ਦੇ ਹਿਸਾਬ ਨਾਲ ਮਹਿੰਗਾ ਹੈ। ਕੁਦਰਤੀ ਸਿਰਕੇ ਦੇ ਉਤਪਾਦਨ ਦੀ ਲਾਗਤ ਉਤਪਾਦਨ ਯੂਨਿਟ ਦੇ ਪੈਮਾਨੇ ਦੇ ਨਾਲ ਬਦਲਦੀ ਹੈ ਜੋ ਘਰੇਲੂ (10 -50 ਲੀਟਰ), ਕਾਟੇਜ (50 ਲੀਟਰ ਤੋਂ ਵੱਧ) ਅਤੇ ਛੋਟੇ ਪੈਮਾਨੇ (1000 ਲੀਟਰ ਅਤੇ ਹੋਰ) ਦੀ ਹੋ ਸਕਦੀ ਹੈ। ਇਨਪੁਟ ਲਾਗਤਾਂ 'ਚ ਰਸ ਅਤੇ ਕੱਚਾ ਮਾਲ, ਫਰਮੈਂਟੇਸ਼ਨ ਤੇ ਪ੍ਰੋਸੈਸਿੰਗ ਦੇ ਖ਼ਰਚੇ ਸ਼ਾਮਿਲ ਹੁੰਦੇ ਹਨ। ਜਿਵੇਂ ਕਿ ਇਕ ਰੀਸਾਈਕਲ ਕੀਤੀ ਘਰੇਲੂ ਪੈਮਾਨੇ ਦੀ ਪ੍ਰਕਿਰਿਆ ਵਿਚ ਗੰਨੇ ਦਾ ਸਿਰਕਾ ਪਹਿਲੇ ਬੈਚ ਦੌਰਾਨ ਲਗਪਗ 36 ਦਿਨਾਂ ਵਿਚ ਤਿਆਰ ਹੁੰਦਾ ਹੈ। ਰੀਸਾਈਕਲ ਕੀਤੇ ਕਲਚਰ ਦੀ ਵਰਤੋਂ ਕਰਕੇ ਪੰਜ ਹੋਰ ਬੈਚ ਤਿਆਰ ਕੀਤੇ ਜਾ ਸਕਦੇ ਹਨ, ਜਿਸ 'ਚ ਕੁੱਲ ਛੇ ਬੈਚ 81 ਦਿਨਾਂ 'ਚ ਤਿਆਰ ਕਿਤੇ ਜਾਂਦੇ ਹਨ।

250 ਲਿਟਰ ਗੰਨੇ ਦੇ ਰਸ ਤੋਂ 750 ਮਿਲੀਲਿਟਰ ਸਮਰੱਥਾ ਦੀਆਂ ਕੁੱਲ 225 ਬੋਤਲਾਂ ਤਿਆਰ ਕੀਤੀਆਂ ਜਾ ਸਕਦੀਆਂ ਹਨ। 225 ਬੋਤਲਾਂ ਦੇ ਉਤਪਾਦਨ ਦੀ ਲਾਗਤ ਲਗਪਗ 10,075/- ਰੁਪਏ ਆਉਂਦੀ ਹੈ ਅਤੇ ਪ੍ਰਤੀ ਬੋਤਲ ਲਾਗਤ 45/- ਰੁਪਏ ਹੈ।

ਫਲਾਂ ਤੋਂ ਸਿਰਕੇ ਦੇ ਉਤਪਾਦਨ ਵਿਚ, 130 ਲੀਟਰ ਅੰਗੂਰ ਦੇ ਰਸ ਤੋਂ 650 ਮਿਲੀਲਿਟਰ ਸਮਰੱਥਾ ਦੀਆਂ 120 ਬੋਤਲਾਂ ਤਿਆਰ ਕੀਤੀਆਂ ਜਾ ਸਕਦੀਆਂ ਹਨ। 120 ਬੋਤਲਾਂ ਦੇ ਉਤਪਾਦਨ ਦੀ ਲਾਗਤ 7560/- ਰੁਪਏ ਆਉਂਦੀ ਹੈ ਅਤੇ ਪ੍ਰਤੀ ਬੋਤਲ ਔਸਤ ਲਾਗਤ 63/- ਰੁਪਏ ਹੈ।

ਸੇਬ ਅਤੇ ਗੰਨੇ ਦੇ ਮਿਸ਼ਰਣ ਵਾਲੇ ਸੇਬ ਦੇ ਸਿਰਕੇ ਵਿਚ, 35 ਲੀਟਰ ਰਸ ਤੋਂ 200 ਮਿਲੀਲਿਟਰ ਸਮਰੱਥਾ ਦੀਆਂ ਕੁੱਲ 125 ਬੋਤਲਾਂ ਤਿਆਰ ਕੀਤੀਆਂ ਜਾ ਸਕਦੀਆਂ ਹਨ ਜਿਸ ਵਿਚ ਕ੍ਰਮਵਾਰ 36.64/-ਅਤੇ 29.2/- ਰੁਪਏ ਪ੍ਰਤੀ ਬੋਤਲ ਖ਼ਰਚਾ ਆਉਂਦਾ ਹੈ। ਜਾਮੁਨ ਦੇ ਸਿਰਕੇ ਨੂੰ 28 ਦਿਨਾਂ 'ਚ ਬੈਚ ਫਰਮੈਂਟੇਸ਼ਨ ਦੁਆਰਾ ਤਿਆਰ ਕੀਤਾ ਜਾ ਸਕਦਾ ਹੈ ਜਿਸ 'ਚ 20 ਲਿਟਰ ਜੂਸ ਤੋਂ 200 ਮਿਲੀਲਿਟਰ ਸਮਰੱਥਾ ਦੀਆਂ 70 ਬੋਤਲਾਂ ਤਿਆਰ ਕੀਤੀਆਂ ਜਾ ਸਕਦੀਆਂ ਹਨ, ਜਿਨ੍ਹਾਂ ਦੀ ਕੀਮਤ ਪ੍ਰਤੀ ਬੋਤਲ ਲਗਪਗ 36/- ਰੁਪਏ ਹੈ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਵਿਕਸਤ 50 ਲਿ. ਪੱਧਰ 'ਤੇ ਤਿਆਰ ਕੀਤੀ ਤਕਨੀਕ ਰਾਹੀਂ ਗੰਨਾ, ਅੰਗੂਰ, ਸੇਬ ਅਤੇ ਜਾਮੁਣ ਦਾ ਸਿਰਕਾ ਬਣਾਉਣ ਉਪਰ ਕ੍ਰਮਵਾਰ 60 ਰੁ., 84 ਰੁ., 183 ਰੁ. ਅਤੇ 60 ਰੁ. ਪ੍ਰਤੀ ਲਿਟਰ ਦਾ ਖ਼ਰਚਾ ਆਉਂਦਾ ਹੈ। ਇਨਾਂ ਬੋਤਲਾਂ ਨੂੰ ਘੱਟੋ-ਘੱਟ ਇਕ ਸਾਲ ਲਈ ਸਟੋਰ ਕੀਤਾ ਜਾ ਸਕਦਾ ਹੈ।

### ਸਹਾਇਕ ਕਿੱਤੇ ਦੇ ਤੌਰ 'ਤੇ ਵਪਾਰ

ਸਿਰਕੇ ਦਾ ਵਪਾਰ ਇਕ ਸਹਾਇਕ ਕਿੱਤੇ ਦੇ ਤੌਰ 'ਤੇ ਲਗਾਇਆ ਜਾ ਸਕਦਾ ਹੈ। ਇਸ ਸਬੰਧੀ ਸਿਖਲਾਈ ਮਾਈਕਰੋਬਿਆਲੋਜੀ ਵਿਭਾਗ ਵੱਲੋਂ ਹਰ ਸਾਲ ਨਵੰਬਰ ਅਤੇ ਜੂਨ ਦੇ ਮਹੀਨੇ ਵਿਚ ਦਿੱਤੀ ਜਾਂਦੀ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸਿਰਕਾ ਤਿਆਰ ਕਰਨ ਬਾਬਤ ਇਕ ਕਿਤਾਬ ਵੀ ਛਾਪੀ ਗਈ ਹੈ। ਘਰੇਲੂ ਤੌਰ 'ਤੇ ਸਿਰਕਾ ਤਿਆਰ ਕਰਨ ਲਈ ਕੋਈ ਖ਼ਾਸ ਸਮਾਨ ਜਾਂ ਜਗ੍ਹਾ ਦੀ ਜ਼ਰੂਰਤ ਨਹੀਂ ਹੁੰਦੀ। ਸਿਰਕੇ ਦੀ ਤਕਨਾਲੋਜੀ ਦਾ ਵੇਰਵਾ ਪੰਜਾਬ ਖੇਤੀਬਾੜੀ ਵਿਚ

**ਬਾਕੀ ਸਫਾ 42 'ਤੇ**


ਸਿਹਤ ਸੰਭਾਲ

# ਸਰੀਰਕ ਘਾਟ ਨਾ ਬੀਮਾਰੀ ਹੈ, ਨਾ ਲਾਚਾਰੀ

**ਡਾ. ਹਰਸ਼ਿੰਦਰ ਕੌਰ # 0175-2216783**

**ਸਵਾਲ:** ਮੈਂ ਬੋਲ ਤੇ ਸੁਣ ਨਹੀਂ ਸਕਦੀ। ਆਪਣੀ ਅਧਿਆਪਕਾ ਰਾਹੀਂ ਮੈਂ ਆਪਣਾ ਸਵਾਲ ਭੇਜ ਰਹੀ ਹਾਂ। ਮੇਰੇ ਵਰਗੀਆਂ ਨੂੰ ਸਮਾਜ ਸਿਰਫ਼ 'ਵਿਚਾਰੀ' ਕਹਿ ਕੇ ਕਿਉਂ ਤਰਸ ਦੀ ਨਿਗਾਹ ਨਾਲ ਦੇਖਦਾ ਹੈ? ਸਾਡਾ ਵੀ ਦਿਲ ਬਾਕੀਆਂ ਵਾਂਗ ਧੜਕਦਾ ਹੈ। ਸਾਨੂੰ ਹੀਣ-ਭਾਵਨਾ ਦਾ ਸ਼ਿਕਾਰ ਕਿਉਂ ਬਣਾਇਆ ਜਾ ਰਿਹਾ ਹੈ? (ਕੰਵਲ, ਪਟਿਆਲਾ)

**ਜਵਾਬ:** ਤੁਹਾਡਾ ਸਵਾਲ ਹੀ ਸਮਾਜਿਕ ਸੋਚ ਤੇ ਸੂਹਜ ਨੂੰ ਹਲੂਣਨ ਵਾਲਾ ਹੈ। ਜਿਹੜੇ ਬੱਚੇ ਗੂੰਗੇ ਬੋਲੇ ਹੁੰਦੇ ਹਨ, ਉਨ੍ਹਾਂ ਦੀ ਸੋਚਣ ਸਮਝਣ ਤੇ ਮਹਿਸੂਸ ਕਰਨ ਦੀ ਤਾਕਤ ਬਾਕੀਆਂ ਦੇ ਬਰਾਬਰ ਜਾਂ ਕੁਝ ਵੱਧ ਹੀ ਹੁੰਦੀ ਹੈ। ਆਪੋ ਆਪਣੇ ਝਮੇਲਿਆਂ ਵਿੱਚ ਉਲਝੇ ਬਹੁਗਿਣਤੀ ਲੋਕਾਂ ਕੋਲ ਅਜਿਹੇ ਬੱਚਿਆਂ ਲਈ ਕੋਈ ਵਿਹਲ ਨਹੀਂ ਹੁੰਦੀ। ਫੈਸਲਾਬਾਦ ਵਿੱਚ ਗੂੰਗੇ ਬੋਲੇ ਬੱਚਿਆਂ ਉੱਤੇ ਹੋਈ ਖੋਜ ਨੇ ਲੋਕਾਂ ਦੀਆਂ ਅੱਖਾਂ ਖੋਲ੍ਹ ਦਿੱਤੀਆਂ ਹਨ। ਇਨ੍ਹਾਂ ਬੱਚਿਆਂ ਵਿੱਚੋਂ ਜਿਨ੍ਹਾਂ ਦੇ ਮਾਪੇ ਜਾਂ ਅਧਿਆਪਕ ਪੂਰਾ ਸਮਾਂ ਲਾ ਕੇ ਬੱਚਿਆਂ ਨੂੰ ਟਰੇਨਿੰਗ ਦੇ ਸਕੇ ਸਨ, ਉਹ ਜ਼ਿੰਦਗੀ ਵਿੱਚ ਬਹੁਤ ਅਗਾਂਹ ਲੰਘ ਗਏ ਅਤੇ ਸਮਾਜ ਵਿੱਚ ਚੰਗੀ ਤਰ੍ਹਾਂ ਆਪਣੇ-ਆਪ ਨੂੰ ਢਾਲ ਸਕੇ ਸਨ। ਇਨ੍ਹਾਂ ਵਿੱਚੋਂ 60 ਫ਼ੀਸਦੀ ਤੋਂ ਵੀ ਵੱਧ ਬੱਚੇ ਨਾਕਾਰੇ ਜਾਣ ਦਾ ਅਹਿਸਾਸ ਹੋਣ ਕਾਰਨ ਕਿਸੇ ਨਾਲ ਮਿਲਣ-ਜੁਲਣ ਤੋਂ ਕਤਰਾਉਂਦੇ ਸਨ। ਸਪੈਸ਼ਲ ਸਕੂਲ ਵੀ ਆਮ ਤੌਰ 'ਤੇ ਸ਼ਹਿਰੀ ਖੇਤਰਾਂ ਵਿੱਚ ਹੀ ਹਨ। ਪਿੰਡਾਂ ਵਿਚਲੇ ਬੱਚੇ ਅਜਿਹੀਆਂ ਬੁਨਿਆਦੀ ਲੋੜਾਂ ਤੋਂ ਵਾਂਝੇ ਹਨ ਜਿਸ ਕਾਰਨ ਅਣਗਿਣਤ ਬੇਜ਼ੁਬਾਨ ਬੱਚੇ ਮਨੁੱਖੀ ਜ਼ਿੰਦਗੀ ਨੂੰ ਸਿਰਫ਼ ਇੱਕ ਸਜ਼ਾ ਮੰਨ ਕੇ ਕੱਟ ਰਹੇ ਹਨ। ਗ਼ੈਰ-ਸਰਕਾਰੀ ਸੰਸਥਾਵਾਂ ਤੇ ਸਰਕਾਰੀ ਅਦਾਰਿਆਂ ਵੱਲੋਂ ਅਜਿਹੇ ਸਿਖਲਾਈ ਸੈਂਟਰ ਪਿੰਡ ਪਿੰਡ ਖੋਲ੍ਹਣੇ ਚਾਹੀਦੇ ਹਨ ਜਿੱਥੇ ਅਜਿਹੇ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਲਈ ਸਿਖਲਾਈ ਦੇ ਨਾਲ ਸੁਣਨ ਵਾਲੀਆਂ ਮਸ਼ੀਨਾਂ ਵੀ ਮੁਹੱਈਆ ਕਰਵਾਈਆਂ ਜਾਣ ਤਾਂ ਜੋ ਇਹ ਬੱਚੇ ਸਾਧਾਰਨ ਜ਼ਿੰਦਗੀ ਜੀਅ ਸਕਣ। ਜੇ ਇੰਨਾ ਕੁ ਹੀ ਉੱਦਮ ਕਰ ਲਿਆ ਜਾਵੇ ਤਾਂ ਭਾਰਤ ਵਿੱਚ ਵੀ ਹੈਲਨ ਕੈਲਰ ਤੇ ਥੌਮਸ ਅਲਵਾ ਐਡੀਸਨ ਵਰਗੇ ਲੋਕ ਬਣ ਸਕਦੇ ਹਨ।



**ਸਵਾਲ:** ਮੇਰਾ ਬੱਚਾ ਥਥਲਾਉਂਦਾ ਹੈ। ਇਸ ਦੇ ਕਾਰਨ ਦੱਸੋ ?

**ਜਵਾਬ:** ਦੋ ਤੋਂ ਪੰਜ ਸਾਲ ਦੇ ਬੱਚੇ ਆਮ ਤੌਰ 'ਤੇ ਹੀ ਥਥਲਾਉਣ ਲੱਗ ਪੈਂਦੇ ਹਨ। ਬਹੁਤੇ ਬੱਚਿਆਂ ਵਿੱਚ ਨਵੇਂ ਲਫ਼ਜ਼ਾਂ ਨੂੰ ਬੋਲਣ ਲੱਗਿਆਂ ਅਤੇ ਪੂਰੀ ਲਾਈਨ ਬਣਾਉਣ ਲੱਗਿਆਂ ਵਕਤੀ ਥਥਲਾਉਣਾ ਜਾਂ ਅੜਨਾ ਵੇਖਿਆ ਗਿਆ ਹੈ ਜੋ ਕੁਝ ਹਫ਼ਤਿਆਂ ਜਾਂ ਕੁਝ ਸਾਲਾਂ ਵਿੱਚ ਆਪਣੇ-ਆਪ ਠੀਕ ਹੋ ਜਾਂਦਾ ਹੈ। ਕਈ ਬੱਚਿਆਂ ਵਿੱਚ ਸਹੀ ਇਲਾਜ ਨਾ ਹੋਣ ਕਾਰਨ ਇਹ ਜ਼ਿੰਦਗੀ ਭਰ ਦਾ ਰੋਗ ਬਣ ਜਾਂਦਾ ਹੈ।

ਕੁਝ ਬੱਚੇ ਇੱਕੋ ਸ਼ਬਦ ਵਾਰ ਵਾਰ ਬੋਲਣ ਲੱਗ ਪੈਂਦੇ ਹਨ ਜਾਂ ਕਿਸੇ ਇੱਕ ਅੱਖਰ ਉੱਤੇ ਅੜ ਕੇ ਉਸੇ ਨੂੰ ਬੋਲਣ ਲੱਗ ਪੈਂਦੇ ਹਨ। ਮਸਲਨ, ਲ.ਲ...ਲ..ਲ ਜਾਂ ਆਪ.. ਆਪ..ਆ ਆ ਆ..ਪ, ਆਦਿ। ਕਈ ਬੱਚੇ ਇੱਕੋ ਆਵਾਜ਼ ਉੱਤੇ ਅੜ ਕੇ ਉਸੇ ਨੂੰ ਲੰਬਾ ਖਿੱਚ ਦਿੰਦੇ ਹਨ, ਜਿਵੇਂ ਸੀਅ.ਅ.ਅ..ਅ..ਆਦਿ! ਕੁਝ ਬੱਚੇ ਉੱਕਾ ਹੀ ਅੜ ਕੇ ਅੱਗੋਂ ਬੋਲ ਕੇ ਲਾਈਨ ਪੂਰੀ ਹੀ ਨਹੀਂ ਕਰ ਸਕਦੇ ਤੇ ਉਮ..ਅਮ...ਆਦਿ ਕਹਿ ਕੇ ਮੂੰਹ ਬੰਦ ਹੀ ਕਰ ਲੈਂਦੇ ਹਨ। ਕਈ ਬੱਚੇ ਇੱਕ ਲਾਈਨ ਬੋਲਦੇ ਹੋਏ ਵਾਰ ਵਾਰ ਵਿੱਚ 'ਅਮ', 'ਅਮ', 'ਅਮ' ਕਰ ਕੇ ਪੂਰੀ ਕਰਦੇ ਹਨ।

ਕੋਈ ਵੀ ਬੰਦਾ ਕਿਸੇ ਵੀ ਉਮਰ ਵਿੱਚ ਇੱਕ ਅੱਧ ਵਾਰ ਅੜ ਸਕਦਾ ਹੈ ਜਾਂ ਥਥਲਾ ਸਕਦਾ ਹੈ। ਬੱਚੇ ਆਮ ਤੌਰ 'ਤੇ ਜਦੋਂ ਕਈ ਸ਼ਬਦ ਜੋੜ ਕੇ ਲਾਈਨ ਬਣਾਉਣ ਦੀ ਕੋਸ਼ਿਸ਼ ਕਰਨ ਲੱਗਿਆਂ ਤੇਜ਼ੀ ਨਾਲ ਬੋਲਣ ਤਾਂ ਹਕਲਾਉਣ ਲੱਗ ਸਕਦੇ ਹਨ। ਇਸੇ ਲਈ 18 ਤੋਂ 24 ਮਹੀਨਿਆਂ ਦੀ ਉਮਰ ਵਿੱਚ ਆਮ ਹੀ ਤੋਤਲਾਪਨ ਵੇਖਣ ਨੂੰ ਮਿਲਦਾ ਹੈ ਜੋ 5 ਸਾਲ ਦੀ ਉਮਰ ਤਕ ਲਗਪਗ ਠੀਕ ਹੋ ਜਾਂਦਾ ਹੈ ਬਸ਼ਰਤੇ ਕਿ ਮਾਪੇ ਵੀ ਬੱਚੇ ਨਾਲ ਵਾਪਸ ਤੋਤਲਾ ਬੋਲ ਕੇ ਖ਼ੁਸ਼ ਨਾ ਹੋਣ ਲੱਗ ਪੈਣ। ਮਸਲਨ ਜੇ ਬੱਚਾ ਪਾਣੀ ਨੂੰ 'ਮਮ' ਕਹਿਣਾ ਸ਼ੁਰੂ ਕਰ ਦਿੰਦਾ ਹੈ ਤਾਂ ਮਾਪੇ ਵੀ ਲਾਡ ਨਾਲ ਪਾਣੀ ਕਹਿਣਾ ਛੱਡ ਕੇ 'ਮਮ ਪੀਣੈ' ਕਹਿਣ ਲੱਗ ਪੈਂਦੇ ਹਨ ਜੋ ਬੱਚੇ ਦੇ ਤੋਤਲੇਪਨ ਵਿੱਚ ਪਕਿਆਈ ਭਰ ਦਿੰਦਾ ਹੈ।

ਜ਼ਿਆਦਾਤਰ ਮੁੰਡੇ ਤੋਤਲੇਪਨ ਦਾ ਵੱਧ ਸ਼ਿਕਾਰ ਹੁੰਦੇ ਵੇਖੇ ਗਏ ਹਨ। ਹਰ ਪੰਜਾਂ ਵਿੱਚੋਂ ਇੱਕ ਬੱਚਾ ਬਹੁਤ ਜ਼ਿਆਦਾ ਹਕਲਾਉਂਦਾ ਲੱਭਿਆ ਗਿਆ ਹੈ, ਜਿਸ ਨੂੰ ਇਲਾਜ ਦੀ ਲੋੜ ਹੁੰਦੀ ਹੈ। ਹਰ ਵੀਹ ਬੱਚਿਆਂ ਵਿੱਚੋਂ ਇੱਕ ਥਥਲਾਉਂਦਾ ਬੱਚਾ 6 ਕੁ ਮਹੀਨਿਆਂ ਵਿੱਚ ਆਪਣੇ-ਆਪ ਠੀਕ ਹੋ ਜਾਂਦਾ ਹੈ।

ਇਹ ਧਿਆਨ ਰੱਖਣ ਦੀ ਲੋੜ ਹੈ ਕਿ ਟੈਲੀਫੋਨ ਉੱਤੇ ਸਲਾਹਾਂ ਲੈਂਦੇ ਰਹਿਣ ਨਾਲੋਂ ਜੇ ਝਟਪਟ ਬੱਚਿਆਂ ਦੇ ਡਾਕਟਰ ਕੋਲੋਂ ਚੈੱਕਅਪ ਕਰਵਾ ਲਿਆ ਜਾਵੇ ਅਤੇ 6 ਮਹੀਨੇ ਤੋਂ ਵੱਧ ਸਮੇਂ ਤਕ ਥਥਲਾ ਰਹੇ ਬੱਚੇ ਦਾ ਇਲਾਜ ਸ਼ੁਰੂ ਕਰਵਾ ਲਿਆ ਜਾਵੇ ਤਾਂ ਬੱਚਾ ਠੀਕ ਹੋ ਸਕਦਾ ਹੈ। ਕਈ ਵਾਰ ਵਧੇ ਹੋਏ ਟੌਂਸਲ ਜਾਂ ਐਡੀਨਾਇਡ ਵੀ ਬੱਚੇ ਦੀ ਬੋਲੀ ਖ਼ਰਾਬ ਕਰ ਦਿੰਦੇ ਹਨ।

ਮਖੌਲ ਉੱਡ ਜਾਣ ਉੱਤੇ ਕਈ ਬੱਚੇ ਢਹਿੰਦੀ ਕਲਾ ਵਿੱਚ ਚਲੇ ਜਾਂਦੇ ਹਨ ਤੇ ਕੁਝ ਉੱਕਾ ਹੀ ਚੁੱਪ ਹੋ ਕੇ ਬਹਿ ਜਾਂਦੇ ਹਨ। ਇਸ ਵਿੱਚ ਬਹੁਤੇ ਫ਼ਿਕਰ ਦੀ ਲੋੜ ਨਹੀਂ ਸਪੀਚ ਥੈਰੇਪੀ ਨਾਲ ਅਤੇ ਸਹੀ ਸਲਾਹ ਨਾਲ ਕਾਫ਼ੀ ਬੱਚੇ ਪੂਰੀ ਤਰ੍ਹਾਂ ਠੀਕ ਕੀਤੇ ਜਾ ਸਕਦੇ ਹਨ। ਜਿਹੜੇ ਬੱਚਿਆਂ ਵਿੱਚ ਠੀਕ ਹੋਣ ਦੇ ਆਸਾਰ ਵੱਧ ਹੁੰਦੇ ਹਨ, ਉਹ ਲੱਛਣ ਹਨ:

1. ਬੱਚਾ ਹਰ 100 ਸ਼ਬਦਾਂ ਵਿੱਚ 10 ਤੋਂ ਘੱਟ ਵਾਰ ਥਥਲਾਉਂਦਾ ਹੋਵੇ।
2. ਪੂਰੀ ਲਾਈਨ ਵਿੱਚ ਜਾਂ ਗੱਲ ਵਿੱਚ ਇੱਕ ਜਾਂ ਦੋ ਵਾਰ ਸ਼ਬਦ ਦੁਹਰਾਉਂਦਾ ਹੋਵੇ।
3. ਅੜ ਜਾਣ ਉੱਤੇ ਹੱਥ, ਗਰਦਨ ਜਾਂ ਸਰੀਰ ਦੇ ਕਿਸੇ ਅੰਗ ਉੱਤੇ ਜ਼ੋਰ ਨਾ ਪਾਉਂਦਾ ਹੋਵੇ।
4. ਜ਼ਿਆਦਾਤਰ 'ਊ', ''ਅੰ', 'ਅਹ' ਕਰਦਾ ਹੋਵੇ ਜਾਂ ਪੂਰਾ ਸ਼ਬਦ ਦੋ ਵਾਰ ਦੁਹਰਾਉਂਦਾ ਹੋਵੇ ਜਿਵੇਂ 'ਚੰਗਾ-ਚੰਗਾ' ਆਦਿ। ਅਜਿਹੇ ਬੱਚੇ ਤਿੰਨ

ਸਾਲ ਦੀ ਉਮਰ ਤਕ ਪਹੁੰਚਦੇ ਠੀਕ ਹੋ ਜਾਂਦੇ ਹਨ।

5. ਅੜ ਜਾਣ ਉੱਤੇ ਚਿਹਰੇ ਜਾਂ ਜਬਾੜੇ ਨੂੰ ਟੇਢਾ ਮੇਢਾ ਕਰ ਕੇ ਹਿਲਾ ਕੇ ਜ਼ੋਰ ਨਾ ਪਾਉਂਦਾ ਹੋਵੇ।

6. ਬਿਨਾਂ ਤਣਾਓ ਦੇ ਮਹਿਸੂਸ ਕੀਤੇ, ਅੜ ਜਾਣ ਉੱਤੇ ਵੀ ਸਾਧਾਰਨ ਤਰੀਕੇ ਪੂਰੀ ਗੱਲ ਕਰ ਜਾਂਦਾ ਹੋਵੇ।

7. ਸਮਾਂ ਲੰਘਣ ਉੱਤੇ ਥਥਲਾਉਣਾ ਘੱਟਣ ਲੱਗ ਪਵੇ।

**ਖ਼ਤਰੇ ਵਾਲੇ ਲੱਛਣ:** ਜਿਸ ਵਿੱਚ ਆਪੇ ਠੀਕ ਹੋਣ ਦੇ ਆਸਾਰ ਕਾਫ਼ੀ ਘੱਟ ਹਨ ਤੇ ਬੱਚੇ ਨੂੰ ਡਾਕਟਰ ਕੋਲ ਵਿਖਾਉਣ ਦੀ ੋੜ ਹੈ:

1. ਕਿਸੇ ਸ਼ਬਦ ਦੇ ਪਹਿਲੇ ਅੱਖਰ ਉੱਤੇ ਕਈ ਕਈ ਚਿਰ ਅੜੇ ਰਹਿਣਾ, ਮਸਲਨ ਕ..ਕ..ਕ. ਕੁਰਸੀ ਜਾਂ ਪ..ਪ..ਪ..ਪਤੰਗ ਆਦਿ।
2. ਰੁਕੇ ਬਗ਼ੈਰ ਪਰ ਪਹਿਲੇ ਲਫ਼ਜ਼ ਨੂੰ ਦੁਹਰਾਈ ਜਾਣਾ ਜਿਵੇਂ ਮਮਮਮਮਮੱਛਰ!
3. ਪੂਰਾ ਸ਼ਬਦ ਨਾ ਬੋਲ ਕੇ ਅੱਧੇ ਨਾਲ ਹੀ ਸਾਰ ਲੈਣਾ, ਜਿਵੇਂ ਹੇ ਰਾਮ, ਹੇ ਰਾਮ ਦੀ ਥਾਂ 'ਰਾਮ ਮਰਾ ਰਾਮ'।
4. ਲਫ਼ਜ਼ ਮੂੰਹੋਂ ਕੱਢਣ ਲਈ ਪੂਰਾ ਸਰੀਰ ਜਾਂ ਜਬਾੜਾ, ਮੋਢੇ ਅਕੜਾਉਣੇ।
5. ਜਦੋਂ ਅੜਨ ਤੋਂ ਬਾਅਦ ਅਗਲਾ ਸ਼ਬਦ ਬੋਲਣਾ ਹੋਵੇ ਤਾਂ ਆਵਾਜ਼ ਹੋਰ ਉੱਚੀ ਹੁੰਦੀ ਜਾਣੀ।
6. ਬੋਲਣ ਲੱਗਿਆਂ ਬੁੱਲ ਤੇ ਜੀਭ ਦਾ ਕੰਬਣਾ ਸ਼ੁਰੂ ਹੋ ਜਾਣਾ।
7. ਲੋੜ ਤੋਂ ਵਧ ਵਾਰ ਬੋਲਣ ਲੱਗਿਆਂ ਰੁਕਣਾ ਤੇ ਕਈ ਵਾਰ ਅੱਖਰ ਬੋਲਣ ਦੀ ਥਾਂ ਕੋਈ ਆਵਾਜ਼ ਕੱਢ ਕੇ ਸਾਰ ਲੈਣ, ਜਿਵੇਂ 'ਪਾਣੀ ਸ਼ੂ' ਭਾਵ 'ਪੀਣਾ' ਦੀ ਥਾਂ ਹੱਥ ਨਾਲ ਮੂੰਹ ਵੱਲ ਇਸ਼ਾਰਾ ਕਰ ਕੇ 'ਸ਼ੂ' ਕਹਿ ਕੇ ਸਾਰ ਲੈਣਾ।
8. ਕਿਸੇ ਨਾਲ ਗੱਲ ਕਰਨ ਲਈ ਕਹਿਣ ਉੱਤੇ ਤ੍ਰਹਿਣ ਲੱਗ ਪੈਣਾ ਜਾਂ ਲੁਕਣ ਲੱਗ ਜਾਣਾ।
9. ਗੱਲ ਸ਼ੁਰੂ ਕਰਨ ਲੱਗਿਆਂ ਅੜ ਜਾਣ ਉੱਤੇ ਲੰਮੇ-ਲੰਮੇ ਸਾਹ ਖਿੱਚਣੇ ਜਾਂ ਵਿੱਚ ਵਿੱਚ ਤੇਜ਼-ਹੌਲੀ ਸਾਹ ਲੈਣ ਲੱਗ ਜਾਣਾ।

**ਲੰਮੇ ਸਮੇਂ ਤਕ ਕਿਹੜੇ ਬੱਚੇ ਥਥਲਾਉਂਦੇ ਰਹਿ ਸਕਦੇ ਹਨ:**


1. ਜੇ ਛੇ ਮਹੀਨੇ ਤੋਂ ਇੱਕ ਸਾਲ ਦੇ ਵਿੱਚ-ਵਿੱਚ ਬੱਚਾ ਠੀਕ ਨਾ ਹੋਵੇ ਤਾਂ ਉਸ ਦੇ ਬਾਅਦ ਦੀ ਉਮਰ ਵਿੱਚ ਥਥਲਾਉਣ ਦਾ ਖ਼ਤਰਾ ਵੱਧ ਜਾਂਦਾ ਹੈ।
2. ਜੇ ਟੱਬਰ ਵਿੱਚ ਪਹਿਲਾਂ ਕੋਈ ਥਥਲਾਉਂਦਾ ਹੋਵੇ। (ਲਗਭਗ 25 ਫ਼ੀਸਦੀ ਕੇਸਾਂ ਵਿੱਚ ਅਜਿਹਾ ਲੱਭਿਆ ਗਿਆ ਹੈ)।
3. ਜੇ ਮਾਪੇ ਵੀ ਬੱਚੇ ਨੂੰ ਠੀਕ ਕਰਵਾਉਣ ਦੀ ਥਾਂ ਆਪ ਹੀ ਲਾਡ ਨਾਲ ਥਥਲਾ ਕੇ ਬੋਲਣ ਲੱਗ ਪੈਣ ਤੇ ਬੱਚੇ ਨੂੰ ਉਹੀ ਬੋਲਣ ਲਈ ਹੱਲਾਸ਼ੇਰੀ ਦਿੰਦੇ ਰਹਿਣ।
4. ਜਦੋਂ ਬੋਲਣ ਲੱਗਿਆਂ ਸਹੀ ਸ਼ਬਦ ਦੀ ਚੋਣ ਕਰਨ ਵਿੱਚ ਦਿੱਕਤ ਆ ਰਹੀ ਹੋਵੇ ਤਾਂ ਹਮੇਸ਼ਾਂ ਅਜਿਹੇ ਮੌਕੇ ਬੱਚਾ 'ਆ..ਆ..ਆ..ਆ' ਕਰਨ ਲਗ ਪਵੇ।
5. ਜਦੋਂ ਬੱਚੇ 'ਤੇ ਲੋੜ ਤੋਂ ਵੱਧ ਪੜ੍ਹਾਈ ਦਾ ਬੋਝ ਪਾ ਦਿੱਤਾ ਜਾਵੇ।
6. ਘਰ ਅਤੇ ਬਾਹਰ, ਬੱਚੇ ਦਾ ਲਗਾਤਾਰ ਮਜ਼ਾਕ ਉਡਾਇਆ ਜਾ ਰਿਹਾ ਹੋਵੇ।

**ਮਾਪੇ ਘਰ ਵਿੱਚ ਅਜਿਹੇ ਬੱਚਿਆਂ ਨਾਲ ਕਿਵੇਂ ਨਜਿੱਠਣ?**

1. ਜਦੋਂ ਬੱਚਾ ਬੋਲਣ ਲੱਗੇ ਤਾਂ ਪੂਰਾ ਧਿਆਨ ਉਸ ਵੱਲ ਦੇ ਕੇ, ਉਸ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਪੂਰੀ ਗੱਲ ਸੁਣਨ ਦੀ ਲੋੜ ਹੈ। ਵਿੱਚੋਂ ਉੱਕਾ ਹੀ ਟੋਕਣ ਦੀ ਲੋੜ ਨਹੀਂ ਹੁੰਦੀ।
2. ਬੱਚੇ ਦੇ ਅੜ ਜਾਣ ਉੱਤੇ ਆਪਣੇ ਚਿਹਰੇ ਉੱਤੇ ਬਿਲਕੁਲ ਕੋਈ ਹਾਵ-ਭਾਵ ਜਾਂ ਤਰਸ ਨਹੀਂ ਦਿਸਣਾ ਚਾਹੀਦਾ। ਨਾ ਹੀ ਉਸ ਦਾ ਛੱਡਿਆ ਹੋਇਆ ਵਾਕ ਪੂਰਾ ਕਰਨ ਦੀ ਲੋੜ ਹੁੰਦੀ ਹੈ। ਪੂਰੀ ਗੱਲ ਮੁੱਕ ਜਾਣ ਉੱਤੇ ਸ਼ਾਬਾਸ਼ੀ ਦਿੰਦਿਆਂ ਇੰਜ ਕਿਹਾ ਜਾ ਸਕਦਾ ਹੈ,'ਸ਼ਾਬਾਸ਼ ਬੇਟਾ, ਵਧੀਆ ਕੰਮ ਕੀਤਾ। ਅੱਗੋਂ ਹੋਰ ਵਧੀਆ ਕਰੋ।' ਧਿਆਨ ਰਹੇ, ਬੋਲਣ ਬਾਰੇ ਕੁਝ ਵੀ ਨਹੀਂ ਕਹਿਣਾ। ਜਿਸ ਕੰਮ ਦਾ ਜ਼ਿਕਰ ਬੱਚਾ ਕਰ ਰਿਹਾ ਹੋਵੇ, ਉਸੇ ਦਾ ਜਵਾਬ ਦੇਣ ਦੀ ਲੋੜ ਹੁੰਦੀ ਹੈ।
3. ਬੱਚੇ ਨਾਲ ਹੌਲੀ ਹੌਲੀ, ਸਹਿਜ ਭਾਵ ਵਿੱਚ ਬੋਲਣ ਦੀ ਲੋੜ ਹੁੰਦੀ ਹੈ।
4. ਔਖੀ ਸ਼ਬਦਾਵਲੀ ਵਰਤਣ ਦੀ ਲੋੜ ਨਹੀਂ, ਜਿਸ ਉੱਤੇ ਬੱਚਾ ਦੁਬਾਰਾ ਬੋਲਣ ਜਾਂ ਯਾਦ ਕਰਨ ਉੱਤੇ ਅੜੇ।
5. ਜਿਸ ਅੱਖਰ ਉੱਤੇ ਬੱਚਾ ਅੜ ਰਿਹਾ ਹੋਵੇ, ਜਾਣ-ਬੁੱਝ ਕੇ ਉਹੋ ਅੱਖਰ ਦੁਹਰਾਉਣ ਦੀ ਲੋੜ ਨਹੀਂ। ਜਿੰਨਾ ਹੋ ਸਕੇ, ਉਸ ਅੱਖਰ ਤੋਂ ਪਰਹੇਜ਼ ਕਰ ਕੇ ਹੋਰ ਸ਼ਬਦ ਵਰਤ ਲੈਣੇ ਚਾਹੀਦੇ ਹਨ।
6. ਬੱਚੇ ਨੂੰ ਕਾਹਲੀ ਨਾਲ ਬੋਲਣ ਲਈ ਕਦੇ ਨਾ ਆਖੋ। ਸਹਿਜ ਤਰੀਕੇ ਮਨ ਵਿੱਚ ਸ਼ਬਦ ਚੋਣ ਕਰਨ ਲਈ ਬੱਚੇ ਨੂੰ ਸਮਾਂ ਦਿਓ।
7. ਕਿਸੇ ਵੀ ਹਾਲ ਵਿਚ ਬੱਚੇ ਨੂੰ-ਹੌਲੀ ਬੋਲ, ਕਾਹਲੀ ਨਾ ਕਰ, ਦੁਬਾਰਾ ਬੋਲਣਾ ਸ਼ੁਰੂ ਕਰ ਜਾਂ ਲੰਮਾ ਸਾਹ ਲੈ ਕੇ ਇੱਕੋ ਸਾਹੇ ਬੋਲ ਆਦਿ ਕੁਝ ਵੀ ਕਹਿ ਕੇ ਟੋਕਣਾ ਨਹੀਂ ਚਾਹੀਦਾ।
8. ਬੱਚੇ ਦੇ ਸਾਹਮਣੇ ਕਿਸੇ ਹੋਰ ਨਾਲ ਉਸ ਦੀ ਥਥਲਾਉਣ ਦੀ ਆਦਤ ਦਾ ਜ਼ਿਕਰ ਨਹੀਂ ਕਰਨਾ ਚਾਹੀਦਾ।
9. ਲੰਮੇ ਜਵਾਬ ਵਾਲੇ ਸਵਾਲ ਘਟਾਓ। ਜਿੰਨਾ ਹਾਂ ਜਾਂ ਨਾ ਨਾਲ ਸਰ ਸਕੇ, ਸਾਰ ਦਿਓ।
10. ਜੇ ਬੱਚਾ ਬਹੁਤ ਜ਼ਿਆਦਾ ਹਕਲਾਉਂਦਾ ਹੋਵੇ ਤਾਂ ਉਸ ਨੂੰ ਪੇਂਟਿੰਗ, ਸਾਈਕਲਿੰਗ, ਦੌੜ, ਤੈਰਨਾ ਆਦਿ ਵੱਲ ਲਾ ਕੇ ਸਹਿਜ ਕੀਤਾ ਜਾ ਸਕਦਾ ਹੈ, ਜਿੱਥੇ ਉਸ ਨੂੰ ਬੋਲਣ ਦੀ ਘੱਟ ਲੋੜ ਪਵੇ।
11. ਲੰਘਦੇ ਜਾਂਦੇ ਗੱਲ ਕਰਨ ਨਾਲੋਂ ਰੁਕ ਕੇ ਬੱਚੇ ਨਾਲ ਪੂਰੀ ਗੱਲ ਕਰਨ ਦੀ ਕੋਸ਼ਿਸ਼ ਕਰੋ।
12. ਰੋਜ਼ ਦਿਨ ਵਿੱਚ ਤਿੰਨ ਚਾਰ ਵਾਰ ਕਹੋ-'ਮੈਨੂੰ ਤੇਰੇ ਨਾਲ ਗੱਲ ਕਰਨੀ ਚੰਗੀ ਲੱਗਦੀ ਹੈ', 'ਮੈਂ ਤੈਨੂੰ ਬਹੁਤ ਪਿਆਰ ਕਰਦੀ ਹਾਂ', 'ਮੈਨੂੰ ਤੇਰੇ ਨਵੇਂ ਸ਼ਬਦਾਂ ਦੀ ਚੋਣ ਚੰਗੀ ਲੱਗੀ', ਆਦਿ।
13. ਗਾਉਣ ਲਈ ਪ੍ਰੇਰੋ। ਇੰਜ ਬੱਚੇ ਦਾ ਹਕਲਾਉਣਾ ਘਟ ਜਾਂਦਾ ਹੈ।
14. ਬੱਚੇ ਦੀ ਮਨਪਸੰਦ ਖੇਡ ਵਿੱਚ ਉਸ ਨੂੰ ਉਲਝਾ ਕੇ, ਵਿੱਚ ਵਿੱਚ ਥੋੜ੍ਹੀ ਬਹੁਤ ਗੱਲਬਾਤ ਜਾਰੀ ਰੱਖੋ।
15. ਬੱਚੇ ਨੂੰ ਕਹਾਣੀਆਂ ਪੜ੍ਹ ਕੇ ਸੁਣਾਓ ਤੇ ਦੁਹਰਾਉਣ ਵੇਲੇ ਜਾਣ-ਬੁੱਝ ਕੇ ਰਤਾ ਕੁ ਗ਼ਲਤ ਦੁਹਰਾਓ ਤਾਂ ਜੋ ਬੱਚਾ ਉਸ ਨੂੰ ਠੀਕ ਕਰੇ। ਮਸਲਨ,'ਚਿੜੀ ਦਾਲ ਦਾ ਦਾਣਾ ਲੈ ਕੇ ਆਈ ਤੇ ਕਾਂ ਚੌਲ ਦਾ ਦਾਣਾ ਲੈ ਕੇ ਆਇਆ।' ਦੁਹਰਾਉਣ ਵੇਲੇ ਉਲਟਾ ਦੱਸੋ ਤਾਂ ਬੱਚਾ ਠੀਕ ਕਰੇਗਾ ਕਿ 'ਕਾਂ ਨਹੀਂ ਚਿੜੀ ਦਾਲ ਦਾ ਦਾਣਾ ਲੈ ਕੇ ਆਈ ਸੀ।'

ਵੱਡਾ ਤੇ ਪੱਕਾ ਫੰਡਾ ਇਹੋ ਹੈ ਕਿ ਠਰੰਮਾ, ਪਿਆਰ ਤੇ ਪੂਰਾ ਵਕਤ ਜੇ ਬੱਚੇ ਨੂੰ ਦਿਓ ਤਾਂ ਹਕਲਾਉਣਾ ਛੱਡੋ, ਹੋਰ ਵੀ ਬਥੇਰੇ ਰੋਗ ਫੁਰਰ ਹੋ ਜਾਣਗੇ। ਪਰ, ਜੇ ਹਕਲਾਉਣਾ ਬੀਮਾਰੀ ਬਣ ਚੁੱਕੀ ਹੈ ਤਾਂ ਝਟਪਟ ਬੱਚਿਆਂ ਦੇ ਡਾਕਟਰ ਕੋਲ ਪਹੁੰਚ ਕੇ ਇਲਾਜ ਸ਼ੁਰੂ ਕਰਵਾਓ। -0-

# ਗੁਰਮਤਿ ਸੰਜੋਗ



ਆਪ ਜੀ ਨੂੰ ਜਾਣ ਕੇ ਅਤਿ ਪ੍ਰਸੰਨਤਾ ਹੋਵੇਗੀ ਕਿ ਗੁਰਸਿੱਖ ਬੱਚੇ/ਬੱਚੀਆਂ ਦੇ ਵਿਆਹ / ਅਨੰਦ ਕਾਰਜਾਂ ਲਈ ਜੀ.ਜੀ.ਐਮ.ਸੀ. ਵਿਖੇ ਮਾਸਿੱਖ ਪੱਤਰ 'ਗੁਰਮਤਿ ਵਿਰਸਾ' ਰਾਹੀਂ ਉਪਰਾਲੇ ਕੀਤੇ ਜਾ ਰਹੇ ਹਨ। ਹੁਣ ਆਪ ਇਸ ਸੇਵਾ ਦਾ ਹੋਰ ਫਾਇਦਾ ਲੈਣ ਲਈ ਆਪਣੇ ਬੱਚਿਆਂ ਦੀ ਪੋਸਟ ਕਾਰਡ ਸਾਇਜ਼ ਫੋਟੋ ਸਮੇਤ ਬਾਇਓ ਡਾਟਾ ਸੋਮਵਾਰ ਤੋਂ ਸ਼ੁੱਕਰਵਾਰ 12 ਤੋਂ 2 ਵਜੇ ਦੁਪਹਿਰ ਤਕ ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਪੰਜਾਬੀ ਬਾਗ, ਜਵੱਦੀ ਵਿਖੇ ਮਿਲਣ ਦੀ ਕ੍ਰਿਪਾਲਤਾ ਕਰੋ ਜੀ। ਫਾਰਮ ਭਰਨ ਦੀ ਫੀਸ ਕੇਵਲ ਇਕ ਵਾਰ 500/- ਰੁਪਏ ਲਈ ਜਾਵੇਗੀ। ਸਾਰੀ ਜਾਣਕਾਰੀ ਗੁਪਤ ਰੱਖੀ ਜਾਵੇਗੀ।

## ਲਾੜੀ ਦੀ ਲੋੜ

**ਫਾਰਮ ਨੰ. 303**

ਲੁਧਿਆਣਾ ਵਾਸੀ ਗੁਰਸਿੱਖ, ਜਨਮ ਮਿਤੀ 11-12-82, ਕੱਦ 5'-8", Qualification BHMS, MD, ਹੋਮਿਊਪੈਥੀ ਡਾਕਟਰ ਆਪਣਾ ਕਲੀਨਿਕ ਲਈ ਯੋਗ ਕੰਨਿਆ ਦੀ ਲੋੜ ਹੈ। ਸੰਪਰਕ: 94639-11443, 94640-39043

**ਫਾਰਮ ਨੰ. 373:** ਲੁਧਿਆਣਾ ਵਾਸੀ, ਜਨਮ ਮਿਤੀ 11-10-90, ਕੱਦ 6', 10+2, ਪ੍ਰਾਈਵੇਟ ਨੌਕਰੀ, 6 ਲੱਖ ਸਾਲਾਨਾ, ਘਰੇਲੂ ਲੜਕੀ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਸੰਪਰਕ: 98767-99132

**ਫਾਰਮ ਨੰ. 375:** Ludhiana Area, DOB 23-03-94, Hight 6'-2" Doing MD (Medicine) 2nd Year Want a Doctor Girl Should Be Gursikh either MD (Clinical) or Doing MD. Contact: 98550-10569, 87288-00569

**ਫਾਰਮ ਨੰ. 376:** ਲੁਧਿਆਣਾ ਵਾਸੀ, ਜਨਮ ਮਿਤੀ 27-4-83, ਕੱਦ 5'-9", Diploma in Software/Hardware, Occupation Auditor ਲਈ ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ : 75890-64853

**ਫਾਰਮ ਨੰ. 377:** ਜਲੰਧਰ ਵਾਸੀ, ਗੁਰਸਿੱਖ ਪਰਿਵਾਰ ਦੇ ਦੋ ਪੁੱਤਰ ਵੱਡਾ ਕੈਨੇਡਾ PR, ਉਮਰ 29 ਸਾਲ, ਕੱਦ 5'-9", M.Sc., ਛੋਟਾ ਪੰਜਾਬ ਵਿਚ ਕਾਰੋਬਾਰੀ, ਉਮਰ 26 ਸਾਲ, ਕੱਦ 5'-6", B.Com ਲਈ ਯੋਗ ਲੜਕੀਆਂ ਦੀ ਲੋੜ ਹੈ। ਸੰਪਰਕ: 92168-12358

**ਫਾਰਮ ਨੰ. 378:** Gursikh Issueless Divorcee, Jan. 1984, 5'-8" MBA, B.Tech, Working Top Company Mumbai, Very Decent Package, Required Homely, Unmarried/ Issueless, Divorcee/Widow Without Children Preferred. Parents Ludhiana Based. Contact: 98721-83880

**ਫਾਰਮ ਨੰ. 379:** ਲੁਧਿਆਣਾ ਵਾਸੀ, ਜਨਮ ਮਿਤੀ 1-6-1986, ਕੱਦ 5'-11", MBA, MDH ਕੰਪਨੀ ਵਿਚ ਨੌਕਰੀ, ਸੈਲਰੀ 33,000/- ਆਪਣਾ ਘਰ ਲਈ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ: 98141-82370

**ਫਾਰਮ ਨੰ. 380:** ਭਿੱਖੀਵਿੰਡ ਵਾਸੀ, ਜਨਮ ਮਿਤੀ 8-12-1995, ਕੱਦ 5'-11", MA-History, Job in ICICI Bank, ਸੈਲਰੀ 28,000/- 5 ਏਕੜ ਜ਼ਮੀਨ ਲਈ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ: 85679-70737

**ਫਾਰਮ ਨੰ. 381:** ਲੁਧਿਆਣਾ ਵਾਸੀ, ਜਨਮ ਮਿਤੀ 12-12-1993, ਕੱਦ 5'-6", +2, ਆਪਣੀ ਗੋਲਡ ਜਵੈਲਰੀ ਦੀ ਦੁਕਾਨ, ਸੰਪਰਕ: 81465-40125, 82890-80662

**ਫਾਰਮ ਨੰ. 383:** ਲੁਧਿਆਣਾ ਵਾਸੀ, ਜਨਮ ਮਿਤੀ 10-02-1991, ਕੱਦ 5'-8", B.Tech (Mech.) ਆਪਣਾ ਕਾਰੋਬਾਰ ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 98146-47179

**ਫਾਰਮ ਨੰ. 384:** ਜਨਮ ਮਿਤੀ 27-10-1991, ਕੱਦ 5'-9", BBA, ਆਪਣਾ ਕਾਰੋਬਾਰ Running Hotel on Lease ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 70096-42659

**ਫਾਰਮ ਨੰ. 385:** ਅਮਰੀਕਾ ਨਾਗਰਿਕ, ਜਨਮ ਮਿਤੀ 01-05-1996, ਕੱਦ 5'-9", Qualification B-Pharmacy, ਲਈ ਯੋਗ ਲੜਕੀ ਦੀ ਲੋੜ ਹੈ ਨਰਸਿੰਗ ਕੀਤੀ ਲੜਕੀ ਨੂੰ ਪਹਿਲ। ਸੰਪਰਕ: 99887-78082, +1-848-235-8564

**ਫਾਰਮ ਨੰ. 386:** ਲੁਧਿਆਣਾ ਵਾਸੀ, ਜਨਮ ਮਿਤੀ 31-7-1993, ਕੱਦ 5'-7", Qualification 10+2, Private Job Electrical Material Marketing Salary 45,000/- ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 95017-44821

**ਫਾਰਮ ਨੰ. 387:** ਲੁਧਿਆਣਾ ਵਾਸੀ, ਜਨਮ ਮਿਤੀ 25-12-1990, ਕੱਦ 6'-0", Qualification B.Sc., own Medical Shop & many other properties, Good Income ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 99885-18270, 85286-59090

**ਫਾਰਮ ਨੰ. 388:** ਲੁਧਿਆਣਾ ਵਾਸੀ, ਜਨਮ ਮਿਤੀ 04-08-1995, ਕੱਦ 5'-10", Qualification +2, Private Job, Salary 18000/- ਅੰਮ੍ਰਿਤਧਾਰੀ ਲਈ ਅੰਮ੍ਰਿਤਧਾਰੀ, ਦੁਮਾਲਾ ਵਾਲੀ ਯੋਗ ਲੜਕੀ ਦੀ ਲੋੜ ਹੈ। ਸੰਪਰਕ: 93592-20005, 75084-21123

**ਫਾਰਮ ਨੰ. 389:** ਲੁਧਿਆਣਾ ਵਾਸੀ, ਜਨਮ ਮਿਤੀ 01-07-1991, ਕੱਦ 5'-6", Qualification B.A, Occupation Accountant ਲਈ ਗੁਰਸਿੱਖ, ਅੰਮ੍ਰਿਤਧਾਰੀ, ਲੜਕੀ ਦੀ ਲੋੜ ਹੈ। ਸੰਪਰਕ 99880-41300, 99154-41932

**ਫਾਰਮ ਨੰ. 390:** ਲੁਧਿਆਣਾ ਵਾਸੀ, ਜਨਮ ਮਿਤੀ 26-5-1993, ਕੱਦ 5'-7", Qualification Master in Big Analytics (Hons.) Occupation Data Analytics at Canada Post ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ 95018-79056

**ਫਾਰਮ ਨੰ. 391:** ਲੁਧਿਆਣਾ ਵਾਸੀ, ਜਨਮ ਮਿਤੀ 4-7-1995, ਕੱਦ 5'-6", Qualification BA, Business Own Pipe Shop at Ludhiana ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ 94643-54516, 98729-36952

**ਫਾਰਮ ਨੰ. 391:** ਸਰਹਿੰਦ ਵਾਸੀ, ਜਨਮ ਮਿਤੀ 14-11-1993, ਕੱਦ 5'-10", Qualification B.Com, Private Job Assistant Agriculture Department ਲਈ ਯੋਗ ਗੁਰਸਿੱਖ ਲੜਕੀ ਦੀ ਲੋੜ ਹੈ। ਸੰਪਰਕ 95404-89803

**ਫਾਰਮ ਨੰ. 392:** ਲੁਧਿਆਣਾ ਵਾਸੀ, ਜਨਮ ਮਿਤੀ 12-11-94, ਕੱਦ 5'-4", Qualification B.com, MBA, Business, ਲਈ ਯੋਗ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ: 98885-17812

**ਫਾਰਮ ਨੰ. 393:** ਹਰੀਕੇ (ਤਰਨਤਾਰਨ) ਵਾਸੀ, ਜਨਮ ਮਿਤੀ 28-4-1993, ਕੱਦ 5'-7" ਪੜ੍ਹਾਈ B.A., Art & Craft Diploma 2 years, Self Employee ਗੁਰਸਿੱਖ ਅੰਮ੍ਰਿਤਧਾਰੀ ਲੜਕੇ ਲਈ ਗੁਰਸਿੱਖ ਲੜਕੀ ਦੀ ਲੋੜ ਹੈ। ਸੰਪਰਕ: 9876738466

**ਫਾਰਮ ਨੰ. 395:** ਲੁਧਿਆਣਾ ਵਾਸੀ, ਜਨਮ ਮਿਤੀ 2 ਅਪ੍ਰੈਲ 1992, ਕੱਦ 5'-8", ਪੜ੍ਹਾਈ MA (Pol Science), ਆਪਣਾ ਕਾਰੋਬਾਰ, ਆਮਦਨ 1.50 ਲੱਖ ਮਹੀਨਾ, ਗੁਰਸਿੱਖ ਲੜਕੇ ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ : 78891-78322, 98155-68161 (ਵਟਸਐਪ)

**ਫਾਰਮ ਨੰ. 396:** ਹੁਸ਼ਿਆਰਪੁਰ ਵਾਸੀ, ਜਨਮ ਮਿਤੀ 27-08-1994, ਕੱਦ 6'-1", MBBS Doctor, Currently working on CMO post in ESI Hospital Delhi, ਅੰਮ੍ਰਿਤਧਾਰੀ ਲੜਕੇ ਲਈ ਯੋਗ ਅੰਮ੍ਰਿਤਧਾਰੀ ਲੜਕੀ ਦੀ ਲੋੜ ਹੈ। ਸੰਪਰਕ : 94170-41847

**ਫਾਰਮ ਨੰ. 398:** ਲੁਧਿਆਣਾ ਵਾਸੀ, ਜਨਮ ਮਿਤੀ 20-12-1994, ਕੱਦ 5'-6", B.com, Business Electrical Shop, Income 8-10 Lacs Per Annum, ਅੰਮ੍ਰਿਤਧਾਰੀ ਲੜਕੇ ਲਈ ਯੋਗ ਗੁਰਸਿੱਖ ਲੜਕੀ ਦੀ ਲੋੜ ਹੈ। ਸੰਪਰਕ : 90447-72948 -0-

**ਫਾਰਮ ਨੰ. 399:** ਫਗਵਾੜਾ ਵਾਸੀ, ਜਨਮ ਮਿਤੀ 1999, ਕੱਦ 6'-2", 10+2, 50 ਏਕੜ ਜ਼ਮੀਨ, ਅਮਰੀਕਾ ਤੇ ਕੈਨੇਡਾ ਦਾ 10 ਸਾਲਾ ਵੀਜ਼ਾ ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ : 99140-08017 -0-

## ਲਾੜੇ ਦੀ ਲੋੜ

**ਫਾਰਮ ਨੰ. 364:** ਲੁਧਿਆਣਾ ਵਾਸੀ, ਤਲਾਕਸ਼ੁਦਾ ਲੜਕੀ, ਜਨਮ ਮਿਤੀ 11-11-1988, B.A., E.T.T., N.T.T. Govt. Teacher ਲਈ ਲੜਕੇ ਦੀ ਲੋੜ ਹੈ। ਕੇਵਲ ਲੁਧਿਆਣਾ ਜ਼ਿਲ੍ਹੇ ਵਾਲੇ ਹੀ ਸੰਪਰਕ ਕਰਨ: 95018-94943, 98765-55925

**ਫਾਰਮ ਨੰ. 394:** ਲੁਧਿਆਣਾ ਵਾਸੀ, ਜਨਮ 1982, B.A., Fashion Designer ਲਈ ਯੋਗ ਵਰ ਦੀ ਲੋੜ ਹੈ। ਸੰਪਰਕ: 99153-12064

**ਫਾਰਮ ਨੰ. 397:** ਹੁਸ਼ਿਆਰਪੁਰ ਵਾਸੀ, ਜਨਮ ਮਿਤੀ 13-09-1993, ਕੱਦ 5'-7" MBBS Doctor, Currently working in Apollo Hospital, Delhi ਲਈ ਯੋਗ ਅੰਮ੍ਰਿਤਧਾਰੀ ਲੜਕੇ ਦੀ ਲੋੜ ਹੈ। ਸੰਪਰਕ : 94170-41847

-0-

# ਫਰਵਰੀ ਮਹੀਨੇ ਦੀਆਂ ਸਰਗਰਮੀਆਂ

**ਮਾਝਾ:-**

**1. ਮਾਲੂਵਾਲ (98885-20250)-** ਕੇਂਦਰ ਦੇ ਪ੍ਰਚਾਰਕ ਭਾਈ ਨਿਰਮਲ ਸਿੰਘ ਵਲੋਂ 8 ਪਿੰਡਾਂ ਵਿੱਚ ਗੁਰਮਤਿ ਦੀਆਂ ਕਲਾਸਾਂ ਲਗਾ ਕੇ ਬੱਚਿਆਂ ਨੂੰ ਗੁਰਬਾਣੀ, ਇਤਿਹਾਸ ਅਤੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਇੱਕ ਸਕੂਲ ਵਿੱਚ ਸੋਮਵਾਰ ਤੋਂ ਸ਼ਨੀਵਾਰ ਤੱਕ ਬੱਚਿਆਂ ਦੀਆਂ ਗੁਰਮਤਿ ਕਲਾਸਾਂ ਲਗਾਈਆਂ ਜਾਂਦੀਆਂ ਹਨ। ਵੱਖ-ਵੱਖ ਪਿੰਡਾਂ ਵਿੱਚ ਹੋਏ ਸਮਾਗਮਾਂ ਵਿੱਚ ਭਾਈ ਨਿਰਮਲ ਸਿੰਘ ਵਲੋਂ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ ਗਈ।

**2. ਤਰਨਤਾਰਨ (94654-93275)-** ਕੇਂਦਰ ਦੇ ਪ੍ਰਚਾਰਕ ਭਾਈ ਦਵਿੰਦਰ ਸਿੰਘ ਵਲੋਂ ਇੱਕ ਸਕੂਲ ਅਤੇ 3 ਪਿੰਡਾਂ ਵਿੱਚ ਗੁਰਮਤਿ ਕਲਾਸਾਂ ਲਗਾਈਆਂ ਜਾਂਦੀਆਂ ਹਨ, ਜਿਸ ਵਿੱਚ ਬੱਚਿਆਂ ਨੂੰ ਧਾਰਮਿਕ ਸਿੱਖਿਆ ਦੇ ਨਾਲ ਨੈਤਿਕ ਸਿੱਖਿਆ ਵੀ ਦਿੱਤੀ ਜਾਂਦੀ ਹੈ। ਪੱਟੀ ਸ਼ਹਿਰ ਅਤੇ ਪਿੰਡ ਵੜਿੰਗ ਵਿਖੇ ਗੁਰਮਤਿ ਵਿਚਾਰਾਂ ਕੀਤੀਆਂ ਗਈਆਂ।

**3. ਪਰਿੰਗੜੀ (95923-67125, 98718-09216)-** ਕੇਂਦਰ ਦੇ ਪ੍ਰਚਾਰਕ ਭਾਈ ਗੁਰਪ੍ਰੀਤ ਸਿੰਘ ਵਲੋਂ ਹਰ ਐਤਵਾਰ ਨੂੰ ਬੱਚਿਆਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ ਜਾਂਦੀ ਹੈ। ਹਰ ਸ਼ਨਿਚਰਵਾਰ ਨੂੰ ਗ੍ਰੰਥੀ ਸਿੰਘ ਭਾਈ ਜਸਵਿੰਦਰ ਸਿੰਘ ਗੁਰਬਾਣੀ ਸੰਥਿਆ ਦੀ ਕਲਾਸ ਲਗਾਉਂਦੇ ਹਨ। ਦੋਵੇਂ ਦਿਨਾਂ ਵਿੱਚ ਤਕਰੀਬਨ 30-40 ਵਿਦਿਆਰਥੀ ਹਾਜ਼ਰੀ ਭਰਦੇ ਹਨ।

**ਮਾਲਵਾ:-**

**4. ਗਰੇਸ ਪਬਲਿਕ ਸਕੂਲ (98149-25551)-** ਪ੍ਰਚਾਰਕ ਬੀਬੀ ਪਰਮਜੀਤ ਕੌਰ ਵਲੋਂ ਗਰੇਸ ਪਬਲਿਕ ਸਕੂਲ ਵਿਖੇ ਸਵੇਰ ਦੀ ਸਭਾ ਵਿੱਚ ਜਪੁਜੀ ਸਾਹਿਬ ਦਾ ਪਾਠ ਕਰਵਾਇਆ ਜਾਂਦਾ ਹੈ। ਗੁਰਮਤਿ ਦੀ ਵਿਦਿਆ ਦੇ ਨਾਲ ਨਾਲ ਸਕੂਲ ਵਿੱਚ ਬੱਚਿਆਂ ਨੂੰ ਨੈਤਿਕ ਵਿਦਿਆ ਵੀ ਦਿੱਤੀ ਜਾਂਦੀ ਹੈ। ਹਰ ਸ਼ਨੀਵਾਰ ਨੂੰ ਸਵੇਰ ਦੀ ਸਭਾ ਵਿੱਚ ਲੈਕਚਰ, ਕਵਿਤਾਵਾਂ, ਕਵੀਸ਼ਰੀ ਅਤੇ ਕੀਰਤਨ ਕਰਵਾਏ ਜਾਂਦੇ ਹਨ, ਤਾਂ ਜੋ ਬੱਚੇ ਹਰ ਗੁਰਮਤਿ ਮੁਕਾਬਲੇ ਲਈ ਤਿਆਰ ਰਹਿਣ। ਭਗਤ ਰਵਿਦਾਸ ਜੀ ਦੇ ਪ੍ਰਕਾਸ਼ ਦਿਹਾੜਾ, ਵੱਡਾ ਘੱਲੂਘਾਰਾ, ਜਨਮ ਸਾਹਿਬਜ਼ਾਦਾ ਅਜੀਤ ਸਿੰਘ ਜੀ, ਸਾਕਾ ਨਨਕਾਣਾ ਸਾਹਿਬ ਆਦਿ ਬਾਰੇ ਸਵੇਰ ਦੀ ਸਭਾ ਵਿੱਚ ਲੈਕਚਰ ਕੀਤੇ ਗਏ। ਸਕੂਲ ਵਿੱਚ ਬੱਚਿਆਂ ਨੂੰ ਸ੍ਰੀ ਸਹਿਜ ਪਾਠ ਨਾਲ ਵੀ ਜੋੜਿਆ ਜਾਂਦਾ ਹੈ। 44 ਬੱਚਿਆਂ ਨੇ ਸਹਿਜ ਪਾਠ ਦੀ ਸਮਾਪਤੀ ਕੀਤੀ ਹੈ, 27 ਬੱਚਿਆਂ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਹੈ ਅਤੇ 4 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ। 129 ਬੱਚੇ ਸਹਿਜ ਪਾਠ ਕਰ ਰਹੇ ਹਨ।

**5. ਪਟਿਆਲਾ (88378-04927)-** ਪ੍ਰਚਾਰਕ ਬੀਬੀ ਸੁਖਮਨੀ ਕੌਰ ਵਲੋਂ ਪਿੰਡ ਦੀਆਂ ਕਲਾਸਾਂ ਤੋਂ ਇਲਾਵਾ ਸਕੂਲਾਂ ਵਿੱਚ ਬੱਚਿਆਂ ਦੀਆਂ ਗੁਰਮਤਿ ਕਲਾਸਾਂ ਲਗਾਈਆਂ ਜਾਂਦੀਆਂ ਹਨ। ਸਵੇਰ ਅਤੇ ਸ਼ਾਮ ਦੇ ਦੀਵਾਨਾਂ ਦੀ ਡਿਊਟੀ ਕੇਂਦਰ ਦੇ ਬੱਚਿਆਂ ਵਲੋਂ ਨਿਭਾਈ ਜਾਂਦੀ ਹੈ। ਹਰ ਰੋਜ ਵਿਦਿਆਰਥੀਆਂ ਦੀ ਦਸਤਾਰ ਸਿਖਲਾਈ ਅਤੇ ਸੰਥਿਆ ਦੀ ਕਲਾਸ ਲਗਾਈ ਜਾਂਦੀ ਹੈ। 2 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ, ਇੱਕ ਬੱਚੇ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਹੈ, 2 ਬੱਚੇ ਐਲੀਮੈਂਟਰੀ ਕੋਰਸ ਕਰ ਰਹੇ ਹਨ ਅਤੇ 2 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

6. **ਪਟਿਆਲਾ (87289-34413)-** ਪ੍ਰਚਾਰਕ ਬੀਬੀ ਬਲਜੀਤ ਕੌਰ ਵਲੋਂ ਪਿੰਡ ਅਨਾਇਤਪੁਰ ਵਿਖੇ ਹਰ ਰੋਜ ਬੱਚਿਆਂ ਦੀ ਗੁਰਬਾਣੀ ਸੰਥਿਆ ਦੀ ਕਲਾਸ ਲਗਾਈ ਜਾਂਦੀ ਹੈ। ਸ਼ਾਮ ਦੇ ਦੀਵਾਨਾਂ ਦੀ ਸੇਵਾ ਬੱਚਿਆਂ ਵਲੋਂ ਨਿਭਾਈ ਜਾਂਦੀ ਹੈ। ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਦਿਆਲਬੰਦ ਬਿਲਾਸਪੁਰ, ਛੱਤੀਸਗੜ੍ਹ ਵਿਖੇ ਗੁਰਮਤਿ ਸਿਖਿਆ ਕੈਂਪ ਵਿੱਚ ਹਾਜਰੀ ਭਰੀ ਗਈ। 5 ਬੱਚੇ ਐਲੀਮੈਂਟਰੀ ਕੋਰਸ ਕਰ ਰਹੇ ਹਨ।

**7. ਮਹਾਂ ਸਿੰਘ ਨਗਰ (88729-21996)-** ਪ੍ਰਚਾਰਕ ਬੀਬੀ ਪਰਮਜੀਤ ਕੌਰ ਵਲੋਂ ਸ਼ਾਮ ਵੇਲੇ ਬੱਚਿਆਂ ਦੀ ਗੁਰਮਤਿ ਦੀ ਕਲਾਸ ਲਗਾਈ ਜਾਂਦੀ ਹੈ, ਜਿਸ ਵਿੱਚ ਬੱਚਿਆਂ ਨੂੰ ਮੁੱਢਲੀ ਜਾਣਕਾਰੀ ਅਤੇ ਇਤਿਹਾਸ ਨਾਲ ਜੋੜਿਆ ਜਾਂਦਾ ਹੈ। ਬੱਚਿਆਂ ਨੂੰ ਜਪੁਜੀ ਸਾਹਿਬ ਦਾ ਪਾਠ ਅਤੇ ਰਹਿਰਾਸੁ ਸਾਹਿਬ ਦਾ ਪਾਠ ਕੰਠ ਕਰਵਾਇਆ ਜਾਂਦਾ ਹੈ। 5 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ, ਇੱਕ ਬੱਚੇ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਹੈ।

**8. ਗੁੱਜਰਵਾਲ (94655-66666)-** ਕੇਂਦਰ ਦੇ ਪ੍ਰਚਾਰਕ ਭਾਈ ਅਮਰਪ੍ਰੀਤ ਸਿੰਘ ਗੁੱਜਰਵਾਲ ਵਲੋਂ 10 ਸਕੂਲਾਂ ਵਿੱਚ ਗੁਰਮਤਿ ਕਲਾਸਾਂ ਲਗਾਈਆਂ ਜਾਂਦੀਆਂ ਹਨ, ਜਿਸ ਵਿੱਚ ਵਿਦਿਆਰਥੀਆਂ ਨੂੰ ਧਾਰਮਿਕ ਅਤੇ ਨੈਤਿਕ ਸਿਖਿਆ ਦਿੱਤੀ ਜਾਂਦੀ ਹੈ। 4 ਪਿੰਡਾਂ ਵਿੱਚ ਹੋਏ ਗੁਰਮਤਿ ਸਮਾਗਮਾਂ ਵਿੱਚ ਕਥਾ-ਵੀਚਾਰ ਕੀਤੀ ਗਈ। 2 ਪਿੰਡਾਂ ਵਿੱਚ ਗੁਰਮਤਿ ਕੈਂਪ ਲਗਾਏ ਗਏ। 25 ਬੱਚੇ ਸਹਿਜ ਪਾਠ ਕਰ ਰਹੇ ਹਨ।

**9. ਬੁਗਰਾ (70097-82466)-** ਕੇਂਦਰ ਦੇ ਪ੍ਰਚਾਰਕ ਭਾਈ ਅੰਮ੍ਰਿਤਪਾਲ ਸਿੰਘ 2 ਫਰਵਰੀ ਵਲੋਂ ਭਗਤ ਰਵਿਦਾਸ ਜੀ ਦੇ ਜਨਮ ਦਿਹਾੜੇ ਤੇ ਅਖੰਡ ਪਾਠ ਸਾਹਿਬ ਦੇ ਸਮਾਪਤੀ ਕੀਤੀ ਅਤੇ ਗੁਰਮਤਿ ਵਿਚਾਰਾਂ ਕੀਤੀਆਂ ਗਈਆਂ। 5 ਫਰਵਰੀ ਨੂੰ ਵੱਡਾ ਘੱਲੂਘਾਰਾ ਨੂੰ ਸਮਰਪਿਤ ਇਤਿਹਾਸਕ ਵਿਚਾਰਾਂ ਕੀਤੀਆਂ ਗਈਆਂ। 21 ਫਰਵਰੀ ਨੂੰ ਸਾਕਾ ਨਨਕਾਣਾ ਨੂੰ ਸਮਰਪਿਤ ਇਤਿਹਾਸ ਦੀਆਂ ਵਿਚਾਰਾਂ ਦੀ ਸਾਂਝ ਪਾਈ ਗਈ। 2 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ ਅਤੇ 2 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**10. ਲਤਾਲਾ (98556-27927)-** ਕੇਂਦਰ ਦੇ ਪ੍ਰਚਾਰਕ ਭਾਈ ਰੁਪਿੰਦਰ ਸਿੰਘ ਵੱਲੋਂ ਭਗਤ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪਿੰਡ ਲਤਾਲਾ ਵਿਖੇ ਹੋਏ ਸਮਾਗਮ ਦੌਰਾਨ ਗੁਰਮਤਿ ਕਲਾਸ ਦੇ ਬੱਚਿਆਂ ਵਲੋਂ ਕਵਿਤਾ, ਕਵੀਸ਼ਰੀ ਦੁਆਰਾ ਸਾਂਝ ਪਾਈ ਗਈ। ਪਿੰਡ ਮਹੇਰਨਾਂ ਕਲਾਂ ਵਿਖੇ ਹੋਏ ਗੁਰਮਤਿ ਮੁਕਾਬਲਿਆਂ ਦੌਰਾਨ ਕੇਂਦਰ ਲਤਾਲਾ ਦੇ ਵਿਦਿਆਰਥੀਆਂ ਨੇ ਓਵਰਆਲ ਦੂਸਰਾ ਇਨਾਮ ਹਾਸਿਲ ਕੀਤਾ। ਇਲਾਕੇ 'ਚ ਸੇਵਾਵਾਂ ਨਿਭਾਉਣ ਤੇ ਕਮੇਟੀ ਵਲੋਂ ਭਾਈ ਰੁਪਿੰਦਰ ਸਿੰਘ ਦਾ ਸਨਮਾਨ ਕੀਤਾ ਗਿਆ। ਸਾਕਾ ਨਨਕਾਣਾ ਸਾਹਿਬ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਪਿੰਡ ਕਾਲਖ ਵਿਖੇ ਗੁਰਮਤਿ ਸਮਾਗਮ ਕਰਵਾਇਆ ਗਿਆ। ਭਾਈ ਸੁਖਵਿੰਦਰ ਸਿੰਘ ਦਦੇਹਰ ਨੇ ਸੰਗਤਾਂ ਨਾਲ ਵਿਚਾਰ ਸਾਂਝੇ ਕੀਤੇ। ਉਪਰੰਤ ਨਗਰ ਕਾਲਖ ਦੀ ਸੰਗਤ ਅਤੇ ੍ਰੀ ਵੀਰਾਂ ਵਲੋਂ ਭਾਈ ਸੁਖਵਿੰਦਰ ਸਿੰਘ ਜੀ ਦਦੇਹਰ ਵਾਲਿਆਂ ਦਾ 'ਪ੍ਰੋ: ਸਾਹਿਬ ਸਿੰਘ ਐਵਾਰਡ' ਨਾਲ ਸਨਮਾਨਿਤ ਕੀਤਾ ਗਿਆ। 15 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ।

**ਦੁਆਬਾ**

**11. ਚੱਕ ਕਲਾਂ (75088-51496)-** ਪ੍ਰਚਾਰਕ ਭਾਈ ਤਰਲੋਚਨ ਸਿੰਘ ਵਲੋਂ 3 ਪਿੰਡਾਂ ਵਿੱਚ ਗੁਰਮਤਿ ਦੀਆਂ ਕਲਾਸਾਂ ਲਗਾ ਕੇ ਬੱਚਿਆਂ ਨੂੰ ਗੁਰਮਤਿ ਦੀ ਸੇਧ ਦੇ ਰਹੇ ਹਨ। ਕੇਂਦਰ ਦੇ 2 ਗੁਰਦੁਆਰਿਆਂ ਵਿਖੇ ਗੁਰਮਤਿ ਕਲਾਸ ਅਤੇ ਗੁਰਦੁਆਰਾ ਸਿੰਘ ਸਭਾ ਵਿਖੇ ਕੀਰਤਨ ਕਲਾਸ ਤੇ ਗਤਕੇ ਦੀ ਵੀ ਕਲਾਸ ਲਗਾਈ ਜਾਂਦੀ ਹੈ। ਕੀਰਤਨ ਸਿੱਖਣ ਵਾਲੇ ਬੱਚੇ ਹਰ ਸੰਗਰਾਂਦ ਨੂੰ ਗੁਰਦੁਆਰਾ ਸਿੰਘ ਸਭਾ ਵਿਖੇ ਕੀਰਤਨ ਦੀ ਹਾਜਰੀ ਭਰਦੇ ਹਨ। ਪਿੰਡ ਭੰਡਾਲ ਹਿੰਮਤ ਤੇ ਪਿੰਡ ਹੇਰਾਂ ਵਿਖੇ ਗੁਰਮਤਿ ਕਲਾਸ ਵਿੱਚ ਹਾਜਰੀ ਭਰਨ ਵਾਲੇ ਬੱਚਿਆਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। 2 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ ਅਤੇ 2 ਬੱਚਿਆਂ ਨੇ ਸਹਿਜ ਪਾਠ ਦੀ ਸਮਾਪਤੀ ਕੀਤੀ ਹੈ।

**12. ਸ੍ਰੀ ਗੁਰੂ ਸਿੰਘ ਸਭਾ ਗੁਰਮਤਿ ਪ੍ਰਚਾਰ ਕੇਂਦਰ (ਨਵਾਂ ਸ਼ਹਿਰ) (87290-86035)-** ਪ੍ਰਚਾਰਕ ਭਾਈ ਸਿਮਰਪ੍ਰੀਤ ਸਿੰਘ ਵਲੋਂ ਹਫਤਾਵਾਰੀ 3 ਸਕੂਲਾਂ ਵਿੱਚ ਅਤੇ 3 ਪਿੰਡਾਂ ਵਿੱਚ ਗੁਰਮਤਿ ਕਲਾਸਾਂ ਲਗਾਈਆਂ ਜਾਂਦੀਆਂ ਹਨ। ਕੇਂਦਰ ਵਿਖੇ ਹਫਤਾਵਾਰੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ। ਪਿੰਡ ਪਨਾਮ ਵਿਖੇ ਹਰ ਰੋਜ ਗੁਰਬਾਣੀ ਸੰਥਿਆ ਦੀ ਕਲਾਸ ਲਗਾਈ ਜਾਂਦੀ ਹੈ।

**13. ਅੱਪਰਾ (85280-78722)-** ਪ੍ਰਚਾਰਕ ਭਾਈ ਨਰਿੰਦਰ ਸਿੰਘ ਵਲੋਂ ਹਰ ਹਫਤੇ 6 ਪਿੰਡਾਂ ਵਿੱਚ ਅਤੇ 3 ਸਕੂਲਾਂ ਵਿੱਚ ਗੁਰਬਾਣੀ ਸੰਥਿਆ ਅਤੇ ਨੈਤਿਕ ਸਿਖਿਆ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ। ਸਕੂਲਾਂ ਵਿੱਚ ਭਗਤ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਮਾਗਮ ਕਰਵਾਏ ਗਏ। ਪਿੰਡ ਅੱਪਰਾ ਵਿਖੇ ਸਾਕਾ ਨਨਕਾਣਾ ਸਾਹਿਬ ਜੀ ਦੇ ਸ਼ਹੀਦਾਂ ਨੂੰ ਸਮਰਪਿਤ ਸਮਾਗਮ ਵਿੱਚ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ ਗਈ। ਪਿੰਡ ਰਟੈਂਡਾ ਵਿਖੇ ਇੱਕ ਸਹਿਜ ਪਾਠ ਦੀ ਸਮਾਪਤੀ ਅਤੇ ਇੱਕ ਦੀ ਆਰੰਭਤਾ ਕੀਤੀ ਗਈ। 15 ਬੱਚੇ ਐਲੀਮੈਂਟਰੀ ਕੋਰਸ ਕਰ ਰਹੇ ਹਨ।

**14. ਚੱਕ ਸਿੰਘਾ (98553-99892)-** ਪ੍ਰਚਾਰਕ ਭਾਈ ਪ੍ਰਭਸ਼ਰਨਜੀਤ ਸਿੰਘ ਵਲੋਂ ਗੁਰਦੁਆਰਾ ਸਾਹਿਬ ਵਿਖੇ ਹਰ ਰੋਜ਼ ਸਵੇਰੇ-ਸ਼ਾਮ ਨਿਤਨੇਮ ਦੀ ਸੇਵਾ ਕੀਤੀ ਜਾਂਦੀ ਹੈ ਅਤੇ ਹੁਕਮਨਾਮੇ ਦੀ ਕਥਾ-ਵਿਚਾਰ ਕੀਤੀ ਜਾਂਦੀ ਹੈ। ਭਗਤ ਰਵਿਦਾਸ ਜੀ ਦੇ ਪ੍ਰਕਾਸ਼ ਦਿਹਾੜੇ ਤੇ ਵੱਖ-ਵੱਖ ਪਿੰਡਾਂ ਵਿੱਚ ਕਥਾ-ਵਿਚਾਰ ਕੀਤੀ ਜਾਂਦੀ ਹੈ। ਹਰ ਰੋਜ ਬੱਚਿਆਂ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ।

**15. ਇੰਦਣਾ ਕਲਾਸਕੇ (79731-15345)-** ਪ੍ਰਚਾਰਕ ਭਾਈ ਮੰਗਲਜੀਤ ਸਿੰਘ ਵਲੋਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਇੰਦਣਾ ਕਲਾਸਕੇ (ਜਲੰਧਰ) ਵਿਖੇ ਰੋਜਾਨਾ ਸਵੇਰੇ ਸ਼ਾਮ ਨਿਤਨੇਮ ਕੀਤਾ ਜਾਂਦਾ ਹੈ ਅਤੇ ਸਵੇਰੇ ਕਥਾ ਕੀਤੀ ਜਾਂਦੀ ਹੈ। ਵੀਰਵਾਰ ਨੂੰ ਬੀਬੀਆਂ ਦੀ ਸੰਥਿਆ ਦੀ ਕਲਾਸ ਲਗਾਈ ਜਾਂਦੀ ਹੈ। ਐਤਵਾਰ ਨੂੰ ਬੱਚਿਆਂ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ। 2 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ।

**16. ਡਰੋਲੀ ਖੁਰਦ (98774-95935)-** ਕੇਂਦਰ ਦੇ ਪ੍ਰਚਾਰਕ ਭਾਈ ਪ੍ਰਭਪ੍ਰੀਤ ਸਿੰਘ ਵਲੋਂ ਪਿੰਡ ਡਰੋਲੀ ਖੁਰਦ ਦੇ ਗੁਰਦੁਆਰਾ ਸਾਹਿਬ ਵਿਖੇ ਸ਼ਾਮ ਨੂੰ ਸ਼ਬਦ ਵਿਚਾਰ ਕੀਤੀ ਜਾਂਦੀ ਹੈ। 2 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ।

**17. ਕਾਲੇਵਾਲ ਲੱਲੀਆਂ (95177-54531)-** ਪ੍ਰਚਾਰਕ ਭਾਈ ਲਵਪ੍ਰੀਤ ਸਿੰਘ ਵਲੋਂ ਪਿੰਡ ਕਾਲੇਵਾਲ ਵਿਖੇ ਰੋਜਾਨਾ ਹੁਕਮਨਾਮਾ ਸਾਹਿਬ ਦੀ ਕਥਾ ਵਿਚਾਰ ਕੀਤੀ ਜਾਂਦੀ ਹੈ। ਅੰਮ੍ਰਿਤ ਵੇਲੇ ਰੋਜਾਨਾ ਨਿਤਨੇਮ ਉਪਰੰਤ ਵੀਰਾਂ ਪਾਸੋਂ ਗੁਰਦੁਆਰਾ ਸਾਹਿਬ ਵਿੱਚ ਨਿਤਨੇਮ ਕੀਤਾ ਜਾਂਦਾ ਹੈ। ਪਿੰਡ ਦੇ ਨੌਜਵਾਨ ਵੀਰਾਂ ਪਾਸੋਂ ਰੋਜਾਨਾ ਸ਼ਾਮ ਦੀਆਂ ਸੇਵਾਵਾਂ ਨਿਭਾਈਆਂ ਜਾਂਦੀਆਂ ਹਨ।

**18. ਗਲੋਟੀ (95010-81353)-** ਕੇਂਦਰ ਦੇ ਪ੍ਰਚਾਰਕ ਭਾਈ ਰਣਵੀਰ ਸਿੰਘ ਵਲੋਂ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਰੋਜਾਨਾ ਕਥਾ-ਵਿਚਾਰ ਕੀਤੀ ਜਾਂਦੀ ਹੈ। ਪਿੰਡ ਵਿੱਚ ਸੰਗਤ ਵਲੋਂ ਸ਼ੁਕਰਾਨਾ ਸਮਾਗਮ ਕੀਤਾ ਗਿਆ ਅਤੇ ਗੁਰ-ਇਤਿਹਾਸ ਨਾਲ ਸਾਂਝ ਪਾਈ ਗਈ।

**ਪੰਜਾਬ ਤੋਂ ਬਾਹਰ ਦੇ ਕੇਂਦਰ-**

**19. ਜਰਮਨ (0049-1631 892161)-** ਪ੍ਰਚਾਰਕ ਭਾਈ ਸੰਦੀਪ ਸਿੰਘ ਖਾਲੜਾ ਜੀ ਵਲੋਂ ਬੱਚਿਆਂ ਦੀਆਂ ਗੁਰਮਤਿ ਕਲਾਸਾਂ ਲਗਾ ਕੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਸੰਗਤ ਦੀ ਗੁਰਮਤਿ ਕਲਾਸ ਲਗਾ ਕੇ ਧਾਰਮਿਕ ਅਤੇ ਨੈਤਿਕ ਸਿਖਿਆ ਦਿੱਤੀ ਜਾਂਦੀ ਹੈ।

**20. ਸਿੰਬਲ ਕੈਂਪ (ਜੰਮੂ) (90865-31984)-** ਪ੍ਰਚਾਰਕ ਭਾਈ ਪੁਸ਼ਪਿੰਦਰ ਸਿੰਘ ਵਲੋਂ ਸਵੇਰੇ 9 ਵਜੇ ਤੋਂ 10.30 ਵਜੇ ਤੱਕ ਗੁਰਦੁਆਰਾ ਗੁਰੂ ਸਿੰਘ ਸਭਾ ਸਿੰਘਪੁਰਾ ਮੁਰਾਲੀਆਂ ਵਿਖੇ 12 ਵਜੇ ਤੋਂ 1.30 ਵਜੇ ਤੱਕ ਗੁਰਦੁਆਰਾ ਸਾਹਿਬ ਮਮਕਾ ਵਿਖੇ, 4 ਵਜੇ ਤੋਂ 5.30 ਵਜੇ ਤੱਕ ਗੁਰਦੁਆਰਾ ਗੁਰੂ ਸਿੰਘ ਸਭਾ ਫਿੰਦੜ ਆਰ. ਐਸ. ਪੁਰਾ ਵਿਖੇ ਬੱਚਿਆਂ ਦੀ ਗੁਰਮਤਿ ਦੀ ਕਲਾਸ ਲਗਾਈ ਜਾਂਦੀ ਹੈ ਅਤੇ ਨਾਲ ਹੀ ਗੁਰਬਾਣੀ ਦੀ ਸੰਥਿਆ ਵੀ ਕਰਵਾਈ ਜਾਂਦੀ ਹੈ।

**21. ਜਮਸ਼ੇਦਪੁਰ (ਟਾਟਾ ਨਗਰ)-** ਪ੍ਰਚਾਰਕ ਭਾਈ ਹਰਵਿੰਦਰ ਸਿੰਘ ਜਮਸ਼ੇਦਪੁਰੀ ਵਲੋਂ ਸੰਗਤ ਦੀਆਂ ਗੁਰਮਤਿ ਕਲਾਸਾਂ ਲਗਾ ਕੇ ਧਾਰਮਿਕ ਅਤੇ ਨੈਤਿਕ ਸਿੱਖਿਆ ਦਿੱਤੀ ਜਾ ਰਹੀ ਹੈ। ਗੁਰਦੁਆਰਾ ਸਾਹਿਬ ਜੈਮਕੋ ਅਜਾਦ ਬਸਤੀ ਵਿਖੇ ਭਾਈ ਸਾਹਿਬ ਵਲੋਂ ਸੰਗਤ ਨਾਲ ਗੁਰਮਤਿ ਵੀਚਾਰਾਂ ਕੀਤੀਆਂ ਗਈਆਂ।

**22. ਦੁਰਗ (ਛੱਤੀਸਗੜ੍ਹ) (98821-42424)-** ਪ੍ਰਚਾਰਕ ਭਾਈ ਕੰਵਲਪ੍ਰੀਤ ਸਿੰਘ ਵਲੋਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਨਾਨਕ ਪਥ, ਦੁਰਗ ਛੱਤੀਸਗੜ੍ਹ ਵਿਖੇ ਰੋਜਾਨਾ ਅੰਮ੍ਰਿਤ ਵੇਲੇ ਹੁਕਮਨਾਮਾ ਸਾਹਿਬ ਦੀ ਵਿਚਾਰ ਕੀਤੀ ਜਾਂਦੀ ਹੈ। ਬੱਚਿਆਂ ਨੂੰ ਦਸਤਾਰ ਦੀ ਸਿਖਲਾਈ ਅਤੇ ਗਤਕੇ ਦੀ ਸਿਖਲਾਈ ਵੀ ਦਿੱਤੀ ਜਾਂਦੀ ਹੈ।

**23. ਇੰਫਾਲ (ਮਨੀਪੁਰ)-** ਪ੍ਰਚਾਰਕ ਭਾਈ ਜਗਦੀਪ ਸਿੰਘ ਸੈਦਪੁਰ ਵਲੋਂ ਹਰ ਰੋਜ਼ ਹੁਕਮਨਾਮੇ ਦੀ ਵੀਚਾਰ ਕੀਤੀ ਜਾਂਦੀ ਹੈ ਅਤੇ ਸੰਗਤ ਨਾਲ ਗੁਰਮਤਿ ਵੀਚਾਰਾਂ ਦੀ ਸਾਂਝ ਪਾਈ ਜਾਂਦੀ ਹੈ।

**24. ਗੁਰਦੁਆਰਾ ਸਿੱਖ ਸੰਗਤ ਦਮ ਦਮ (ਕਲਕੱਤਾ)-** ਪ੍ਰਚਾਰਕ ਭਾਈ ਅੰਗਰੇਜ ਸਿੰਘ ਵਲੋਂ ਹਰ ਰੋਜ਼ ਹੁਕਮਨਾਮੇ ਦੀ ਵੀਚਾਰ ਕੀਤੀ ਜਾਂਦੀ ਹੈ ਅਤੇ ਸੰਗਤ ਨਾਲ ਗੁਰਮਤਿ ਵੀਚਾਰਾਂ ਦੀ ਸਾਂਝ ਪਾਈ ਜਾਂਦੀ ਹੈ। -0-

**ਸਫਾ 37 ਦਾ ਬਾਕੀ**

ਯੂਨੀਵਰਸਿਟੀ ਦੁਆਰਾ ਤਿਆਰ ਕੀਤੇ ਬੁਲੇਟਿਨ (ਕੀਮਤ 20 ਰੁਪਏ) ਗੰਨੇ ਤੇ ਫਲਾਂ ਤੋਂ ਕੁਦਰਤੀ ਸਿਰਕੇ ਦੀ ਤਿਆਰੀ ਵਿਚ ਦਰਸਾਇਆ ਗਿਆ ਹੈ। ਪੀਏਯੂ ਦਾ ਡਾਇਰੈਕਟੋਰੇਟ ਪਸਾਰ ਸਿੱਖਿਆ ਵਿਭਾਗ ਹਰ ਸਾਲ ਸਕਿਲ ਡਿਵੈਲਪਮੈਂਟ ਉਪਰ ਇਨ੍ਹਾਂ ਉਤਪਾਦਾਂ ਦੀ ਸਿਖਲਾਈ ਪ੍ਰਦਾਨ ਕਰਦਾ ਹੈ।

-0-

# ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਵਲੋਂ ਵੱਖ-ਵੱਖ ਖੇਤਰਾਂ ਵਿਚ ਚਲਾਏ ਜਾ ਰਹੇ ਗੁਰਮਤਿ ਪ੍ਰਚਾਰ ਕੇਂਦਰਾਂ ਦੀ ਕਾਰਗੁਜ਼ਾਰੀ ਤਸਵੀਰਾਂ ਦੀ ਜ਼ੁਬਾਨੀ



ਕੇਂਦਰ ਮਾਲੂਵਾਲ ਵਿਖੇ ਬੱਚਿਆਂ ਦੀ ਲੱਗ ਰਹੀ ਗੁਰਮਤਿ ਕਲਾਸ।



ਕੇਂਦਰ ਮਾਲੂਵਾਲ ਦੇ ਪਿੰਡ ਭੈਣੀ ਮੱਟੂਆਂ ਵਿਖੇ ਬੱਚਿਆਂ ਦੀ ਲੱਗ ਰਹੀ ਗੁਰਮਤਿ ਕਲਾਸ।



ਕੇਂਦਰ ਇੰਦਨਾ ਕਲਾਸਕੇ ਵਿਖੇ ਲੱਗ ਰਹੀਆਂ ਬੱਚਿਆਂ ਦੀ ਗੁਰਮਤਿ ਕਲਾਸ।



ਖਾਲਸਾ ਏਡ ਦੇ ਵੀਰ ਉਚੇਚਾ ਤੌਰ ’ਤੇ ਗੁਰਮਤਿ ਪ੍ਰਚਾਰ ਕੇਂਦਰ ਅੱਪਰਾ ਵਿਖੇ ਆਉਣ ’ਤੇ ਉਨ੍ਹਾਂ ਨੂੰ ਪ੍ਰਬੰਧਕ ਵੀਰਾਂ ਵਲੋਂ ਸਨਮਾਨਤ ਕੀਤਾ ਗਿਆ।



ਕੇਂਦਰ ਦੇਵੀ ਦਾਸ ਵਿਖੇ ਲੱਗ ਰਹੀਆਂ ਬੱਚਿਆਂ ਦੀ ਗੁਰਮਤਿ ਕਲਾਸ।



ਸ. ਹਰਕੀਰਤ ਸਿੰਘ ਪਿੰਡ ਕੁਲਾਰ (ਲੁਧਿਆਣਾ) ਨੂੰ ਉਨ੍ਹਾਂ ਦੀਆਂ ਪੰਥਕ ਸੇਵਾਵਾਂ ਲਈ ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਸਨਮਾਨਤ ਕੀਤਾ ਗਿਆ।



ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਵਿਖੇ 16 ਮਾਰਚ 2026 ਨੂੰ ਹੋਏ ਸਮਾਗਮ ਦੌਰਾਨ ਭਾਈ ਭੁਪਿੰਦਰ ਸਿੰਘ ਯੂ.ਐਸ.ਏ. ਵਾਲਿਆਂ ਵਲੋਂ ਲੈਕਚਰ ਰਾਹੀਂ ਵਿਦਿਆਰਥੀਆਂ ਨਾਲ ਗੁਰਮਤਿ ਦੀ ਸਾਂਝ ਪਾਈ।

RNI No.: PUNMUL/2019/78309 Postal Regd. No.: L-6/PB/LDC/805/2024-26 (31-12-2026) Postal Date: 5th of every month

# ਉੱਘੇ ਸਿੱਖ ਪ੍ਰਚਾਰਕ ਭਾਈ ਸਰਬਜੀਤ ਸਿੰਘ ਧੂੰਦਾ ਜੀ ਦੇ ਗ੍ਰਹਿ ਵਿਖੇ ਹੋਏ ਗੁਰਮਤਿ ਸਮਾਗਮ ਦੀਆਂ ਝਲਕੀਆਂ





